@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Thursday, 2 October 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਵੀਰਵਾਰ 2 ਅਕਤੂਬਰ 2025, 18 ਅੱਸੂ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 323, qpatrika@gmail.com ਫੋਨ : 9971359517 www.qaumipatrika.org

# ਵਿਦੇਸ਼ੀ ਕੰਪਨੀ ਵੱਲੋਂ ਪੰਜਾਬ 'ਚ 150 ਕਰੋੜ ਦਾ ਨਿਵੇਸ਼, ਮੁੱਖ ਮੰਤਰੀ ਮਾਨ ਨੇ ਕੀਤਾ ਪਲਾਂਟ ਦਾ ਉਦਘਾਟਨ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਰਾਜਪੁਰਾ 1 ਅਕਤੂਬਰ। ਪੰਜਾਬ ਦੇ ਮੁੱਖ ਮੰਤਰੀ ਨੇ ਅੱਜ ਉਮੀਦ ਜਤਾਈ ਕਿ ਆਪਣੀਆਂ ਸਨਅਤ ਪੱਖੀ ਤੇ ਕਾਰੋਬਾਰ ਲਈ ਅਨੁਕੂਲ ਮਾਹੌਲ ਕਾਰਨ ਸੂਬਾ ਮੁਲਕ ਦੇ ਅਗਲੇ ਵਪਾਰਕ ਗੜ੍ਹ ਵਜੋਂ ਉੱਭਰੇਗਾ। ਇੱਥੇ ਹਾਲੈਂਡ ਆਧਾਰਤ ਬਹੁਕੌਮੀ ਕੰਪਨੀ ਡੀ ਹਿਊਜ਼ ਦੇ ਪਸ਼ੂ ਫੀਡ ਪਲਾਂਟ ਦਾ ਉਦਘਾਟਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਸਨਅਤੀ ਤਰੱਕੀ ਨੂੰ ਹੁਲਾਰਾ ਦੇਣ ਲਈ ਕਾਰੋਬਾਰ ਵਿੱਚ ਸੌਖ ਸਣੇ ਕਈ ਅਹਿਮ ਪਹਿਲਕਦਮੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਹਮੇਸ਼ਾ ਤੋਂ ਮਿਹਨਤੀ, ਉੱਦਮੀ ਅਤੇ ਅਮੀਰ ਵਿਰਾਸਤ ਦੀ ਧਰਤੀ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਭਾਰਤ ਦਾ ਅਨਾਜ ਭੰਡਾਰ ਹੋਣ ਉੱਤੇ ਮਾਣ ਹੈ ਕਿਉਂਕਿ ਦੇਸ਼ ਦੇ ਅਨਾਜ ਭੰਡਾਰ ਵਿੱਚ ਸੂਬਾ ਸਭ ਤੋਂ ਵੱਧ ਯੋਗਦਾਨ ਪਾਉਂਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਿਛਲੇ ਤਿੰਨ ਸਾਲਾਂ ਵਿੱਚ ਪੰਜਾਬ ਦੇ ਸਨਅਤੀ ਸਫ਼ਰ ਵਿੱਚ ਸਿਫ਼ਤੀ ਤਬਦੀਲੀ ਆਈ ਹੈ, ਜਿਸ ਨਾਲ ਇਸ ਖ਼ੇਤਰ ਵਿੱਚ ਤੇਜ਼ ਰਫ਼ਤਾਰ ਦੇਖਣ ਨੂੰ ਮਿਲੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹੁਣ ਪੰਜਾਬ ਸਨਅਤੀ ਪਾਵਰਹਾਊਸ ਬਣ ਗਿਆ ਹੈ ਅਤੇ ਫੂਡ ਪ੍ਰਾਸੈਸਿੰਗ, ਟੈਕਸਟਾਇਲ, ਆਟੋ ਕੰਪੋਨੈਂਟ, ਹੈਂਡ ਟੂਲਜ਼, ਸਾਈਕਲ, ਆਈ.ਟੀ., ਟੂਰਿਜ਼ਮ ਤੇ ਹੋਰ ਖ਼ੇਤਰਾਂ ਵਿੱਚ ਮੋਹਰੀ ਭੂਮਿਕਾ ਵਿੱਚ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਸਨਅਤੀ ਤਰੱਕੀ ਅਸਲ ਵਿੱਚ ਆਲਮੀ ਮੁਹਾਂਦਰਾ ਰੱਖਦੀ ਹੈ ਕਿਉਂਕਿ ਸੂਬੇ ਦੀਆਂ ਸੰਭਾਵਨਾਵਾਂ ਨੂੰ ਪਛਾਣਦਿਆਂ ਵਿਸ਼ਵ ਦੇ ਕਈ ਨਿਵੇਸ਼ਕ ਪੰਜਾਬ ਵੱਲ ਰੁਖ਼ ਕਰ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਨੂੰ ਹੁਣ ਤੱਕ 1.23 ਲੱਖ ਕਰੋੜ ਰੁਪਏ ਦੇ ਨਿਵੇਸ਼ ਪ੍ਰਸਤਾਵ ਮਿਲੇ ਹਨ, ਜਿਸ ਨਾਲ ਨੌਕਰੀਆਂ ਦੇ 4.7 ਲੱਖ ਮੌਕੇ ਪੈਦਾ ਹੋਣ ਦੀ ਸੰਭਾਵਨਾ ਹੈ। ਇਸ ਨਾਲ ਪੰਜਾਬ ਸਨਅਤੀ ਤਰੱਕੀ ਤੇ ਨਵੀਨਾਕਾਰੀ ਵਿੱਚ ਉੱਭਰ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਮਾਣ ਤੇ ਤਸੱਲੀ ਵਾਲੀ ਗੱਲ ਹੈ ਕਿ ਨੈਸਲੇ, ਕਲਾਸ, ਫਰੈਡਨਬਰਗ, ਕਾਰਗਿਲ, ਵਰਬਿਓ, ਡੈਨੋਨ ਤੇ ਹੋਰ ਕਈ ਵਿਸ਼ਵ ਪ੍ਰਸਿੱਧ ਕੰਪਨੀਆਂ ਨੇ ਪੰਜਾਬ ਨੂੰ ਆਪਣੇ ਕਾਰੋਬਾਰ ਲਈ ਚੁਣਿਆ ਅਤੇ ਇੱਥੇ ਆਪਣਾ ਕੰਮਕਾਜ ਸ਼ੁਰੂ ਕੀਤਾ, ਜਿਸ ਨਾਲ ਉਹ ਸੂਬੇ ਦੇ ਅਰਥਚਾਰੇ ਦੀ ਤਬਦੀਲੀ ਵਿੱਚ ਯੋਗਦਾਨ ਪਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਕੌਮਾਂਤਰੀ ਕੰਪਨੀਆਂ ਨੇ ਪੰਜਾਬ ਦੀ ਸੰਭਾਵਨਾ ਅਤੇ ਵਪਾਰ ਨੂੰ ਹੁਲਾਰਾ ਦੇਣ ਲਈ ਸੂਬੇ ਵੱਲੋਂ ਦਿੱਤੇ ਅਨੁਕੂਲ ਮਾਹੌਲ ਨੂੰ ਪਛਾਣਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੀ ਆਲਮੀ ਪਹੁੰਚ ਜੱਗ-ਜ਼ਾਹਰ ਹੈ ਕਿਉਂਕਿ ਜਾਪਾਨ, ਅਮਰੀਕਾ, ਜਰਮਨੀ, ਇੰਗਲੈਂਡ, ਸੰਯੁਕਤ ਅਰਬ ਅਮੀਰਾਤ,



ਸਵਿੱਟਜ਼ਰਲੈਂਡ, ਫਰਾਂਸ, ਸਪੇਨ ਤੇ ਹੋਰ ਮੁਲਕਾਂ ਤੋਂ ਨਿਵੇਸ਼ ਆ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਆਪਣਾ ਅਹੁਦਾ ਸੰਭਾਲਣ ਮਗਰੋਂ ਉਨ੍ਹਾਂ ਨਿਵੇਸ਼ ਪੱਖੀ ਮਾਹੌਲ ਸਿਰਜਿਆ, ਜਿਸ ਨਾਲ ਵਪਾਰ ਲਈ ਸੌਖ ਵਾਲੇ ਮਾਹੌਲ ਨੂੰ ਠੁੰਮਣਾ ਮਿਲਿਆ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀਆਂ ਸਨਅਤ ਪੱਖੀ ਨੀਤੀਆਂ ਕਾਰਨ ਪੰਜਾਬ ਨੇ 'ਵਪਾਰ ਲਈ ਸੌਖ' ਦੇ ਖ਼ੇਤਰ ਵਿੱਚ ਮੋਹਰੀ ਸਥਾਨ ਹਾਸਲ ਕੀਤਾ। ਪੰਜਾਬ ਸਰਕਾਰ ਨੇ ਭਾਰਤ ਦਾ ਸਭ ਤੋਂ ਆਧੁਨਿਕ ਸਿੰਗਲ ਵਿੰਡੋ ਸਿਸਟਮ 'ਫਾਸਟ ਟਰੈਕ ਪੰਜਾਬ ਪੋਰਟਲ' ਲਾਂਚ ਕੀਤਾ ਹੈ, ਜੋ ਵਪਾਰ ਲਈ ਸਾਰੀਆਂ ਸੇਵਾਵਾਂ ਨੂੰ ਇੱਕੋ ਜਗਹਾ ਮੁਹੱਈਆ ਕਰਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੁਣ ਸੂਬਾ ਸਰਕਾਰ ਨੇ ਮੋਹਰੀ ਸਨਅਤਕਾਰਾਂ ਦੀ ਪ੍ਰਧਾਨਗੀ ਹੇਠ ਵੱਖ-ਵੱਖ ਸ਼?ਰੇਣੀਆਂ ਦੇ ਕਾਰੋਬਾਰਾਂ ਦੇ ਪੱਖ ਵਿਚ ਨੀਤੀਆਂ ਬਣਾਉਣ ਲਈ 24 ਸੈਕਟਰਲ ਕਮੇਟੀਆਂ ਕਾਇਮ ਕੀਤੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਡੀ ਹਿਊਜ਼ ਕੰਪਨੀ ਨੇ ਪੰਜਾਬ ਵਿੱਚ 150 ਕਰੋੜ ਰੁਪਏ ਦਾ ਨਿਵੇਸ਼ ਕੀਤਾ ਹੈ, ਜਿਸ ਨਾਲ ਨੌਜਵਾਨਾਂ ਲਈ ਨੌਕਰੀਆਂ ਦੇ ਨਵੇਂ ਮੌਕੇ ਖੁੱਲ੍ਹਣਗੇ ਅਤੇ ਸੂਬੇ ਨੂੰ ਲੰਮੇ ਸਮੇਂ ਵਿੱਚ ਫਾਇਦਾ ਹੋਵੇਗਾ। ਉਨ੍ਹਾਂ ਉਮੀਦ ਜਤਾਈ ਕਿ ਹੋਰ ਕੰਪਨੀਆਂ ਵੀ ਡੀ ਹਿਊਜ਼ ਦੇ ਰਾਹ ਉੱਤੇ ਚੱਲਦਿਆਂ ਮੌਕਿਆਂ ਦੀ ਧਰਤੀ ਪੰਜਾਬ ਨੂੰ ਨਿਵੇਸ਼ ਲਈ ਚੁਣਨਗੀਆਂ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਪਲਾਂਟ ਦੀ ਸਮਰੱਥਾ 180 ਕਿਲੋ ਮੀਟਰਿਕ ਟਨ ਦੀ ਹੈ, ਜਿਸ ਨੂੰ 240 ਕਿਲੋ ਮੀਟਰਿਕ ਟਨ ਤੱਕ ਵਧਾਇਆ ਜਾ ਸਕਦਾ ਹੈ ਕਿਉਂਕਿ ਕੰਪਨੀ ਦੀ ਆਲਮੀ ਪੱਧਰ ਉੱਤੇ ਪਸ਼ੂਆਂ ਦਾ ਫੀਡ ਬਣਾਉਣ ਦੀ ਕੁੱਲ ਸਮਰੱਥਾ 120 ਲੱਖ ਟਨ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਅਤਿ-ਆਧੁਨਿਕ ਪਲਾਂਟ ਪ੍ਰਦੂਸ਼ਣ ਮੁਕਤ ਤਕਨਾਲੋਜੀ ਨਾਲ ਲੈਸ ਹੈ, ਜੋ ਵਧੀਆ ਵਾਤਾਵਰਨ ਸਿਰਜਣ ਵਿੱਚ ਮਦਦਗਾਰ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਸੂਬੇ ਲਈ ਇਤਿਹਾਸਕ ਦਿਨ ਹੈ ਕਿਉਂਕਿ ਇਕ ਹੋਰ ਬਹੁਕੌਮੀ ਕੰਪਨੀ ਨੇ ਇੱਥੇ ਆਪਣਾ ਕੰਮਕਾਜ ਅਤੇ ਮੈਨੂਫੈਕਚਰਿੰਗ ਸ਼ੁਰੂ ਕੀਤੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਵਿੱਚ ਟਾਟਾ ਸਟੀਲ ਤੋਂ ਬਾਅਦ ਇਹ ਦੂਜਾ ਵੱਡਾ ਨਿਵੇਸ਼ ਹੈ। ਇਸ ਤੋਂ ਇਲਾਵਾ ਵਰਬਿਓ, ਜੇ.ਐਸ.ਡਬਲਯੂ. ਪਲਾਂਟ, ਕਾਰਗਿਲ, ਵਰਧਮਾਨ ਤੇ ਓਸਵਾਲ ਨੇ ਵੀ ਸੂਬੇ ਵਿਚ ਨਿਵੇਸ਼ ਕੀਤਾ ਹੈ। ਹਾਲੈਂਡ ਨਾਲ ਭਾਵੁਕ ਸਾਂਝ ਦੀ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਦੁਨੀਆ ਭਰ ਵਿੱਚ ਘੁੰਮਣ ਦੌਰਾਨ ਉਨ੍ਹਾਂ ਨੂੰ ਹਾਲੈਂਡ ਦੇ ਸ਼ਹਿਰ ਐਮਸਟਰਡਮ ਵੀ ਜਾਣ ਦਾ ਮੌਕਾ ਮਿਲਿਆ, ਜਿਹੜਾ ਵਿਸ਼ਵ ਭਰ ਦੇ ਮਹਾਨ ਸ਼ਹਿਰਾਂ ਵਿੱਚੋਂ ਇਕ ਹੈ। ਉਨ੍ਹਾਂ ਕਿਹਾ ਕਿ ਹਾਲੈਂਡ ਤੇ ਪੰਜਾਬ ਦੇ ਸੱਭਿਆਚਾਰ ਵਿੱਚ ਕਈ ਸਮਾਨਤਾਵਾਂ ਹਨ।

## ਰਾਹੁਲ ਗਾਂਧੀ ਨੂੰ ਜਾਨੋਂ ਮਾਰਨ ਦੀ ਧਮਕੀ 'ਤੇ ਕੇਰਲ ਵਿਧਾਨ ਸਭਾ 'ਚ ਹੰਗਾਮਾ

ਤਿਰੂਵਨੰਤਪੁਰਮ 1 ਅਕਤੂਬਰ। ਕੇਰਲ ਵਿਧਾਨ ਸਭਾ 'ਚ ਇਕ ਭਾਜਪਾ ਨੇਤਾ ਵੱਲੋਂ ਕਾਂਗਰਸ ਨੇਤਾ ਰਾਹੁਲ ਗਾਂਧੀ ਨੂੰ ਕਥਿਤ ਤੌਰ 'ਤੇ ਦਿੱਤੀ ਗਈ ਜਾਨੋਂ ਮਾਰਨ ਦੀ ਧਮਕੀ ਦਾ ਮੁੱਦਾ ਉਠਾਉਣ ਦੀ ਆਗਿਆ ਨਾ ਮਿਲਣ 'ਤੇ ਵਿਰੋਧੀ ਮੈਂਬਰਾਂ ਨੇ ਜੰਮ ਕੇ ਹੰਗਾਮਾ ਕੀਤਾ, ਜਿਸ ਤੋਂ ਬਾਅਦ ਮੰਗਲਵਾਰ ਨੂੰ ਸਦਨ ਦੀ ਕਾਰਵਾਈ ਪੂਰੇ ਦਿਨ ਲਈ ਮੁਲਤਵੀ ਕਰ ਦਿੱਤੀ ਗਈ। ਕਾਂਗਰਸ ਦੀ ਅਗਵਾਈ ਵਾਲੇ ਯੂ. ਡੀ. ਐੱਫ. ਨੇ ਹੋਰ ਕੰਮ-ਕਾਜ ਮੁਲਤਵੀ ਕਰ ਕੇ ਇਸ ਮਾਮਲੇ 'ਤੇ ਚਰਚਾ ਦੀ ਮੰਗ ਕਰਦੇ ਹੋਏ ਕਾਰਵਾਈ ਮੁਲਤਵੀ ਕਰਨ ਦੇ ਪ੍ਰਸਤਾਵ ਦਾ ਨੋਟਿਸ ਦਿੱਤਾ ਸੀ। ਇਹ ਵਿਰੋਧ ਪ੍ਰਦਰਸ਼ਨ ਪੁਲਸ ਵੱਲੋਂ ਭਾਜਪਾ ਨੇਤਾ ਪ੍ਰਿੰਟੂ ਮਹਾਦੇਵਨ ਦੇ ਖਿਲਾਫ ਮਾਮਲਾ ਦਰਜ ਕਰਨ ਤੋਂ ਇਕ ਦਿਨ ਬਾਅਦ ਕੀਤਾ ਗਿਆ। ਮਹਾਦੇਵਨ ਨੇ 26 ਸਤੰਬਰ ਨੂੰ ਇਕ ਟੈਲੀਵਿਜ਼ਨ ਡਿਬੇਟ ਦੌਰਾਨ ਕਥਿਤ ਤੌਰ 'ਤੇ ਕਿਹਾ ਸੀ ਕਿ 'ਰਾਹੁਲ ਗਾਂਧੀ 'ਤੇ ਗੋਲੀਆਂ ਚਲਾਈ ਜਾਣਗੀਆਂ।' ਹਾਲਾਂਕਿ, ਵਿਧਾਨ ਸਭਾ ਸਪੀਕਰ ਏ. ਐੱਨ. ਸ਼ਮਸੀਰ ਨੇ ਕੇਰਲ ਪ੍ਰਦੇਸ਼ ਕਾਂਗਰਸ ਕਮੇਟੀ (ਕੇ. ਪੀ. ਸੀ. ਸੀ.) ਦੇ ਪ੍ਰਧਾਨ ਸਨੀ ਜੋਸਫ ਦੇ ਨੋਟਿਸ ਨੂੰ ਇਹ ਕਹਿੰਦੇ ਹੋਏ ਪ੍ਰਵਾਨਗੀ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਇਸ ਮੁੱਦੇ ਨੂੰ ਮੁਲਤਵੀ ਪ੍ਰਸਤਾਵ ਵਜੋਂ ਪੇਸ਼ ਕਰਨ ਲਈ ਤੁਰੰਤ ਕੋਈ ਸਾਰਥਕਤਾ ਜਾਂ ਮਹੱਤਵ ਨਹੀਂ ਹੈ।

## 'ਲੋਕਾਂ ਦੇ ਸਹਿਯੋਗ ਨਾਲ ਲੱਦਾਖ 'ਚ ਸ਼ਾਂਤੀ ਤੇ ਆਮ ਸਥਿਤੀ ਹੋਈ ਬਹਾਲ'

ਕੌਮੀ ਪਤ੍ਰਿਕਾ

ਲੇਹ 1 ਅਕਤੂਬਰ। ਲੱਦਾਖ ਦੇ ਮਾਣਯੋਗ ਉਪ ਰਾਜਪਾਲ ਕਵਿੰਦਰ ਗੁਪਤਾ ਨੇ ਅੱਜ ਕੇਂਦਰ ਸ਼ਾਸਤ ਪ੍ਰਦੇਸ਼ 'ਚ ਮੌਜੂਦਾ ਕਾਨੂੰਨ ਵਿਵਸਥਾ ਦੀ ਸਥਿਤੀ ਦਾ ਜਾਇਜ਼ਾ ਲੈਣ ਲਈ ਇੱਕ ਉੱਚ ਪੱਧਰੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕੀਤੀ। ਮੀਟਿੰਗ ਵਿੱਚ ਮੁੱਖ ਸਕੱਤਰ ਡਾ. ਪਵਨ ਕੋਤਵਾਲ, ਪੁਲਿਸ ਡਾਇਰੈਕਟਰ ਜਨਰਲ ਡਾ. ਐੱਸ. ਡੀ. ਸਿੰਘ ਜਾਮਵਾਲ, ਡੀਆਈਜੀ ਸ਼੍ਰੀਨਗਰ ਦੱਖਣੀ ਪੀ. ਕੇ. ਸਿੰਘ, ਡਿਪਟੀ ਕਮਿਸ਼ਨਰ ਲੇਹ, ਸੀਨੀਅਰ ਪੁਲਸ ਸੁਪਰਡੈਂਟ ਲੇਹ, ਸੰਜੇ ਕੁਮਾਰ, ਸੀਓ 79, ਰਜਤ ਜੈਨ, ਸੀਓ 25 ਤੇ ਹੋਰ ਸੀਨੀਅਰ ਅਧਿਕਾਰੀ ਸ਼ਾਮਲ ਹੋਏ। ਅਧਿਕਾਰੀਆਂ ਨੇ ਉਪ ਰਾਜਪਾਲ ਨੂੰ ਨਵੀਨਤਮ ਸੁਰੱਖਿਆ ਦ੍ਰਿਸ਼ ਅਤੇ ਖੇਤਰ ਵਿੱਚ ਸ਼ਾਂਤੀ ਅਤੇ ਸਥਿਰਤਾ ਬਣਾਈ ਰੱਖਣ ਲਈ ਕੀਤੇ ਗਏ ਉਪਾਵਾਂ ਬਾਰੇ ਜਾਣਕਾਰੀ ਦਿੱਤੀ। ਮਾਣਯੋਗ ਉਪ ਰਾਜਪਾਲ ਨੇ ਪਿਛਲੇ ਹਫ਼ਤੇ ਚੁਣੌਤੀਪੂਰਨ ਹਾਲਾਤਾਂ ਵਿੱਚ ਆਮ ਸਥਿਤੀ ਬਹਾਲ ਕਰਨ ਲਈ ਸੁਰੱਖਿਆ ਬਲਾਂ ਅਤੇ ਸਿਵਲ ਪ੍ਰਸ਼ਾਸਨ ਦੇ ਅਣਥੱਕ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਲੱਦਾਖ ਦੇ ਲੋਕਾਂ ਵੱਲੋਂ ਦਿਖਾਏ ਗਏ ਸਬਰ ਅਤੇ ਸਹਿਯੋਗ ਲਈ ਵੀ ਪ੍ਰਸ਼ੰਸਾ ਪ੍ਰਗਟ ਕੀਤੀ। ਭਲਾਈ ਉਪਾਵਾਂ ਦੀ ਸਮੀਖਿਆ ਕਰਦੇ ਹੋਏ, ਸ਼੍ਰੀ



ਕਵਿੰਦਰ ਗੁਪਤਾ ਨੇ ਸਰਕਾਰੀ ਹਸਪਤਾਲ ਵਿੱਚ ਇਲਾਜ ਅਧੀਨ ਬਾਕੀ ਜ਼ਖਮੀਆਂ ਦੀ ਹਾਲਤ ਬਾਰੇ ਪੁੱਛਗਿੱਛ ਕੀਤੀ। ਉਨ੍ਹਾਂ ਪ੍ਰਸ਼ਾਸਨ ਅਤੇ ਹਸਪਤਾਲ ਅਧਿਕਾਰੀਆਂ ਨੂੰ ਸਭ ਤੋਂ ਵਧੀਆ ਸੰਭਵ ਡਾਕਟਰੀ ਦੇਖਭਾਲ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਡਿਪਟੀ ਕਮਿਸ਼ਨਰ ਨੂੰ ਅੱਗੇ ਨਿਰਦੇਸ਼ ਦਿੱਤੇ ਕਿ, ਜਿਨ੍ਹਾਂ ਮਾਮਲਿਆਂ ਵਿੱਚ ਯੂਟੀ ਤੋਂ ਬਾਹਰ ਉੱਨਤ ਡਾਕਟਰੀ ਇਲਾਜ ਦੀ ਲੋੜ ਹੁੰਦੀ ਹੈ, ਪ੍ਰਸ਼ਾਸਨ ਨੂੰ ਹਰ ਸੰਭਵ ਮਾਨਵਤਾਵਾਦੀ ਸਹਾਇਤਾ ਅਤੇ ਵਿੱਤੀ ਸਹਾਇਤਾ ਪ੍ਰਦਾਨ ਕਰਨੀ ਚਾਹੀਦੀ ਹੈ ਤਾਂ ਜੋ ਕੋਈ ਵੀ ਵਿਅਕਤੀ ਮੁਸ਼ਕਲ ਦਾ ਸਾਹਮਣਾ ਨਾ ਕਰੇ ਜਾਂ ਅਣਗੌਲਿਆ ਮਹਿਸੂਸ ਨਾ ਕਰੇ। ਨਾਗਰਿਕਾਂ ਨੂੰ ਅਪੀਲ ਕਰਦੇ ਹੋਏ, ਮਾਣਯੋਗ ਉਪ ਰਾਜਪਾਲ ਨੇ ਲੋਕਾਂ ਨੂੰ ਅਫਵਾਹਾਂ ਜਾਂ ਗਲਤ ਜਾਣਕਾਰੀ ਵੱਲ ਧਿਆਨ ਨਾ ਦੇਣ ਦੀ ਅਪੀਲ ਕੀਤੀ ਅਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਹਰ ਕੀਮਤ 'ਤੇ ਸ਼ਾਂਤੀ ਅਤੇ ਸਦਭਾਵਨਾ ਦੀ ਰੱਖਿਆ ਕੀਤੀ ਜਾਵੇਗੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪ੍ਰਸ਼ਾਸਨ, ਸੁਰੱਖਿਆ ਬਲਾਂ ਦੇ ਨਾਲ, ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਸ਼ਾਂਤੀ, ਕਾਨੂੰਨ ਅਤੇ ਵਿਵਸਥਾ ਬਣਾਈ ਰੱਖਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਮਾਨਯੋਗ ਉਪ ਰਾਜਪਾਲ ਨੇ ਅੱਗੇ ਭਰੋਸਾ ਦਿੱਤਾ ਕਿ ਸਥਿਤੀ ਪੂਰੀ ਤਰ੍ਹਾਂ ਸਥਿਰ ਹੋਣ ਤੋਂ ਬਾਅਦ ਸਾਵਧਾਨੀ ਦੇ ਉਪਾਵਾਂ ਵਜੋਂ ਲਗਾਈਆਂ ਗਈਆਂ ਸਾਰੀਆਂ ਪਾਬੰਦੀਆਂ ਨੂੰ ਬਹੁਤ ਜਲਦੀ ਪੜਾਅਵਾਰ ਢੰਗ ਨਾਲ ਹਟਾ ਦਿੱਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਸ਼ਾਂਤੀ ਅਤੇ ਵਿਕਾਸ ਪ੍ਰਸ਼ਾਸਨ ਦੀਆਂ ਪ੍ਰਮੁੱਖ ਤਰਜੀਹਾਂ ਹਨ। ਲੋਕਾਂ ਦੇ ਸਹਿਯੋਗ ਨਾਲ, ਲੱਦਾਖ ਤਰੱਕੀ ਦੇ ਰਾਹ 'ਤੇ ਚੱਲਦਾ ਰਹੇਗਾ।

## ਰਾਓ ਨਰਿੰਦਰ ਸਿੰਘ ਬਣੇ ਹਰਿਆਣਾ ਕਾਂਗਰਸ ਦੇ ਸੂਬਾ ਪ੍ਰਧਾਨ, ਭੂਪਿੰਦਰ ਸਿੰਘ ਹੁੱਡਾ ਵਿਧਾਇਕ ਦਲ ਦਾ ਨੇਤਾ ਨਿਯੁਕਤ

ਵੈੱਬ ਡੈਸਕ 1 ਅਕਤੂਬਰ। ਲੰਬੀ ਉਡੀਕ ਤੋਂ ਬਾਅਦ, ਹਰਿਆਣਾ ਵਿੱਚ ਸੂਬਾ ਕਾਂਗਰਸ ਪ੍ਰਧਾਨਾਂ ਦਾ ਐਲਾਨ ਕੀਤਾ ਗਿਆ ਹੈ। ਰਾਓ ਨਰਿੰਦਰ ਸਿੰਘ ਨੂੰ ਸੂਬਾ ਕਾਂਗਰਸ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ, ਜਦੋਂ ਕਿ ਭੁਪਿੰਦਰ ਸਿੰਘ ਹੁੱਡਾ ਨੂੰ ਵਿਧਾਇਕ ਦਲ ਦਾ ਨੇਤਾ ਚੁਣਿਆ ਗਿਆ ਹੈ। ਕਾਂਗਰਸ ਦੇ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ ਨੇ ਇੱਕ ਪ੍ਰੈਸ ਰਿਲੀਜ਼ ਜਾਰੀ ਕਰਕੇ ਕਿਹਾ ਕਿ ਮਲਿਕਾਰਜੁਨ ਖੜਗੇ ਨੇ ਇਨ੍ਹਾਂ ਨਿਯੁਕਤੀਆਂ ਨੂੰ ਮਨਜ਼ੂਰੀ ਦਿੱਤੀ ਹੈ। ਇਹ ਨਿਯੁਕਤੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦੀ ਹਾਰ ਤੋਂ 10 ਮਹੀਨੇ ਬਾਅਦ ਆਈਆਂ ਹਨ। ਰਾਓ ਨਰਿੰਦਰ ਸਿੰਘ



ਨੇ ਉਦੈ ਭਾਨ ਦੀ ਜਗ?ਹਾ ਲਈ ਹੈ, ਜੋ ਤਿੰਨ ਵਾਰ ਵਿਧਾਇਕ ਅਤੇ ਹਰਿਆਣਾ ਸਰਕਾਰ ਵਿੱਚ ਮੰਤਰੀ ਰਹੇ ਹਨ। ਵਿਧਾਇਕ ਦਲ ਦੇ ਨੇਤਾ ਵਜੋਂ, ਹੁੱਡਾ ਰਾਜ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਹੋਣਗੇ, ਇਹ ਭੂਮਿਕਾ ਉਨ੍ਹਾਂ ਨੇ ਪਿਛਲੀ ਵਿਧਾਨ ਸਭਾ ਵਿੱਚ ਵੀ ਨਿਭਾਈ ਸੀ। ਇਸ ਦੇ ਨਾਲ, ਚੌਧਰੀ ਉਦੈ ਭਾਨ ਨੂੰ ਹਰਿਆਣਾ ਕਾਂਗਰਸ ਦੇ ਸੂਬਾ ਪ੍ਰਧਾਨ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ। ਉਨ੍ਹਾਂ ਦੀ ਜਗ?ਹਾ ਸਾਬਕਾ ਮੰਤਰੀ ਰਾਓ ਨਰਿੰਦਰ ਸਿੰਘ ਨੂੰ ਨਿਯੁਕਤ ਕੀਤਾ ਗਿਆ ਹੈ। ਰਾਓ ਨਰਿੰਦਰ ਸਿੰਘ ਅਤੇ ਭੁਪਿੰਦਰ ਸਿੰਘ ਹੁੱਡਾ ਪਹਿਲਾਂ 24 ਅਗਸਤ ਨੂੰ ਬਿਹਾਰ ਵਿੱਚ ਕਾਂਗਰਸ ਵਰਕਿੰਗ ਕਮੇਟੀ (ਸੀਡਬਲਯੂਸੀ) ਦੀ ਮੀਟਿੰਗ ਵਿੱਚ ਸ਼ਾਮਲ ਹੋਏ ਸਨ, ਅਤੇ ਇਸ ਮੀਟਿੰਗ ਵਿੱਚ ਦੋਵਾਂ ਨੇਤਾਵਾਂ ਦੇ ਨਾਵਾਂ ਨੂੰ ਮਨਜ਼ੂਰੀ ਦਿੱਤੀ ਗਈ ਸੀ। ਸੂਤਰਾਂ ਦਾ ਕਹਿਣਾ ਹੈ ਕਿ ਰਾਓ ਨਰਿੰਦਰ ਸਿੰਘ ਨੂੰ ਹਰਿਆਣਾ ਸੂਬਾ ਪ੍ਰਧਾਨ ਨਿਯੁਕਤ ਕਰਕੇ, ਕਾਂਗਰਸ ਨੇ ਇੱਕ ਵੱਡਾ ਰਾਜਨੀਤਿਕ ਕਦਮ ਚੁੱਕਿਆ ਹੈ।

## ਕਿਸਾਨਾਂ ਨੂੰ ਬਿਜਲੀ ਬਿੱਲ ਤੇ ਕਰਜ਼ਿਆਂ 'ਤੇ ਰਾਹਤ: ਮੁੱਖ ਮੰਤਰੀ ਸੈਣੀ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਹਰਿਆਣਾ 1 ਅਕਤੂਬਰ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਦੁਸਹਿਰੇ ਦੀ ਪੂਰਵ ਸੰਧਿਆ 'ਤੇ ਰਾਜ ਦੇ ਲੋਕਾਂ ਨੂੰ ਨਿੱਘੀ ਵਧਾਈ ਦਿੰਦੇ ਹੋਏ ਹੜ੍ਹ ਪ੍ਰਭਾਵਿਤ ਲੋਕਾਂ ਅਤੇ ਕਿਸਾਨਾਂ ਲਈ ਕਈ ਮਹੱਤਵਪੂਰਨ ਐਲਾਨ ਕੀਤੇ। ਮੁੱਖ ਮੰਤਰੀ ਨੇ ਦੱਸਿਆ ਕਿ ਹਾਲੀਆ ਹੜ੍ਹਾਂ ਤੋਂ ਪ੍ਰਭਾਵਿਤ 2,386 ਲੋਕਾਂ ਦੇ ਖਾਤਿਆਂ ਵਿੱਚ 4 ਕਰੋੜ 72 ਲੱਖ 6 ਹਜ਼ਾਰ ਰੁਪਏ ਦਾ ਮੁਆਵਜ਼ਾ ਸਿੱਧਾ ਟਰਾਂਸਫਰ ਕੀਤਾ ਗਿਆ ਹੈ। ਇਸ ਵਿੱਚ 2,371 ਘਰਾਂ ਅਤੇ 13 ਜਾਨਵਰਾਂ ਦੇ ਨੁਕਸਾਨ ਲਈ 467,75,000 ਰੁਪਏ ਦਾ ਮੁਆਵਜ਼ਾ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਨੂੰ ਮੁਆਵਜ਼ਾ ਦੇਣ ਲਈ ਈ-ਮੁਆਵਜ਼ਾ ਪੋਰਟਲ 15 ਸਤੰਬਰ ਤੱਕ ਖੁੱਲ੍ਹਾ ਰਿਹਾ। ਇਸ ਪੋਰਟਲ 'ਤੇ 6397 ਪਿੰਡਾਂ ਦੇ 5.37 ਲੱਖ ਕਿਸਾਨਾਂ ਨੇ 31 ਲੱਖ ਏਕੜ ਜ਼ਮੀਨ ਰਜਿਸਟਰ ਕੀਤੀ। ਨੁਕਸਾਨੀਆਂ ਗਈਆਂ ਫਸਲਾਂ ਲਈ ਪ੍ਰਤੀ ਏਕੜ 15,000 ਰੁਪਏ ਤੱਕ ਦਾ ਮੁਆਵਜ਼ਾ ਦਿੱਤਾ ਜਾਵੇਗਾ। ਕਿਸਾਨਾਂ ਨੂੰ ਵੱਡੀ ਰਾਹਤ ਦਿੰਦੇ ਹੋਏ, ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਟਿਊਬਵੈੱਲ ਕੁਨੈਕਸ਼ਨਾਂ ਲਈ ਬਿਜਲੀ ਬਿੱਲਾਂ ਦੀ ਅਦਾਇਗੀ ਦਸੰਬਰ 2025 ਤੱਕ ਮੁਲਤਵੀ ਕਰ ਦਿੱਤੀ ਗਈ ਹੈ। ਜੁਲਾਈ ਤੱਕ ਬਕਾਇਆ ਬਿੱਲ ਹੁਣ ਜਨਵਰੀ 2026 ਤੋਂ ਬਿਨਾਂ ਕਿਸੇ ਵਾਧੂ ਫੀਸ ਦੇ ਜਮ?ਹਾ ਕਰਵਾਏ ਜਾਣਗੇ। ਇਸ ਨਾਲ 7.10 ਲੱਖ ਕਿਸਾਨਾਂ ਨੂੰ ਲਾਭ ਹੋਵੇਗਾ। ਇਹ ਵੀ ਐਲਾਨ ਕੀਤਾ ਗਿਆ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਕਿਸਾਨਾਂ ਲਈ ਫਸਲੀ ਕਰਜ਼ੇ ਦੀ ਵਸੂਲੀ ਨੂੰ ਮੁਲਤਵੀ ਕਰ ਦਿੱਤਾ ਜਾਵੇਗਾ। ਇਸ ਫੈਸਲੇ ਨਾਲ ਲਗਭਗ 3 ਲੱਖ ਕਿਸਾਨਾਂ ਨੂੰ ਰਾਹਤ ਮਿਲੇਗੀ। ਝੋਨੇ ਅਤੇ ਬਾਜਰੇ ਦੀ ਖਰੀਦ ਦਾ ਜ਼ਿਕਰ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਝੋਨੇ ਦੀ ਖਰੀਦ 22 ਸਤੰਬਰ ਅਤੇ ਬਾਜਰੇ ਦੀ ਖਰੀਦ 23 ਸਤੰਬਰ ਨੂੰ ਸ਼ੁਰੂ ਕਰ ਦਿੱਤੀ ਗਈ ਸੀ। 30 ਸਤੰਬਰ ਤੱਕ 5 ਲੱਖ ਮੀਟ੍ਰਿਕ ਟਨ ਝੋਨਾ ਪਹੁੰਚਿਆ, ਜਿਸ ਵਿੱਚੋਂ 3.58 ਲੱਖ ਮੀਟ੍ਰਿਕ ਟਨ ਖਰੀਦਿਆ ਗਿਆ ਅਤੇ ਕਿਸਾਨਾਂ ਨੂੰ 109 ਕਰੋੜ ਰੁਪਏ ਦਾ ਭੁਗਤਾਨ ਕੀਤਾ



ਗਿਆ। ਇਸੇ ਤਰ੍ਹਾਂ, ਖਰੀਦ ਏਜੰਸੀਆਂ ਦੁਆਰਾ 187.30 ਮੀਟ੍ਰਿਕ ਟਨ ਬਾਜਰਾ ਅਤੇ ਵਪਾਰੀਆਂ ਦੁਆਰਾ 4970 ਮੀਟ੍ਰਿਕ ਟਨ ਬਾਜਰਾ ਖਰੀਦਿਆ ਗਿਆ। ਕਿਸਾਨਾਂ ਨੂੰ 2775 ਰੁਪਏ ਪ੍ਰਤੀ ਕੁਇੰਟਲ ਦੇ ਐਮਐਸਪੀ ਦਾ ਭੁਗਤਾਨ ਯਕੀਨੀ ਬਣਾਇਆ ਜਾਵੇਗਾ। ਮੁੱਖ ਮੰਤਰੀ ਨੇ ਦੱਸਿਆ ਕਿ ਰਾਜ ਵਿੱਤ ਕਮਿਸ਼ਨ ਦੀ ਦੂਜੀ ਕਿਸ਼ਤ ਵਜੋਂ ਪੰਚਾਇਤੀ ਰਾਜ ਸੰਸਥਾਵਾਂ ਨੂੰ 404 ਕਰੋੜ 79 ਲੱਖ ਰੁਪਏ ਜਾਰੀ ਕੀਤੇ ਗਏ ਹਨ, ਜੋ 5,719 ਪੰਚਾਇਤਾਂ, 144 ਪੰਚਾਇਤ ਸੰਮਤੀਆਂ ਅਤੇ 3 ਜ਼ਿਲ੍ਹਾ ਪ੍ਰੀਸ਼ਦਾਂ ਦੇ ਖਾਤਿਆਂ ਵਿੱਚ ਟ?ਰਾਂਸਫਰ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ, 25 ਸਤੰਬਰ ਨੂੰ, ਪੰਡਿਤ ਦੀਨਦਿਆਲ ਉਪਾਧਿਆਏ ਦੇ ਜਨਮ ਦਿਵਸ 'ਤੇ, ਦੀਨਦਿਆਲ ਲਾਡੋ ਲਕਸ਼ਮੀ ਯੋਜਨਾ ਸ਼ੁਰੂ ਕੀਤੀ ਗਈ ਸੀ। ਇਸ ਮਕਸਦ ਲਈ, 'ਲਾਡੋ ਲਕਸ਼ਮੀ ਐਪ' ਲਾਂਚ ਕੀਤਾ ਗਿਆ ਸੀ, ਜਿਸ 'ਤੇ ਹੁਣ ਤੱਕ 1.71 ਲੱਖ ਤੋਂ ਵੱਧ ਧੀਆਂ ਨੇ ਰਜਿਸਟ?ਰੇਸ਼ਨ ਕਰਵਾਈ ਹੈ। ਯੋਜਨਾ ਦੀ ਪਹਿਲੀ ਕਿਸ਼ਤ 1 ਨਵੰਬਰ ਨੂੰ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਭੇਜੀ ਜਾਵੇਗੀ। ਸ਼੍ਰੀ ਸੈਣੀ ਨੇ ਭੈਣਾਂ-ਧੀਆਂ ਨੂੰ ਜਲਦੀ ਰਜਿਸਟ?ਰੇਸ਼ਨ ਕਰਵਾਉਣ ਦੀ ਅਪੀਲ ਕੀਤੀ ਅਤੇ ਜਾਣਕਾਰੀ ਲਈ ਟੋਲ-ਫ?ਰੀ ਨੰਬਰ 18001802231 ਅਤੇ ਹੈਲਪਲਾਈਨ ਨੰਬਰ 0172-4880500 ਜਾਰੀ ਕੀਤਾ।

## 2027 ਦੀਆਂ ਚੋਣਾਂ ਨੂੰ ਲੈ ਕੇ ਨਵਜੋਤ ਸਿੱਧੂ ਨੇ ਕੀਤਾ ਵੱਡਾ ਐਲਾਨ

ਚੰਡੀਗੜ੍ਹ 1 ਅਕਤੂਬਰ। ਨਵਜੋਤ ਸਿੰਘ ਸਿੱਧੂ ਦੀ ਪਤਨੀ ਅਤੇ ਸਾਬਕਾ ਵਿਧਾਇਕਾ ਨਵਜੋਤ ਕੌਰ ਸਿੱਧੂ ਨੇ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਵੱਡਾ ਦਾਅਵਾ ਕੀਤਾ ਹੈ। ਉਨ੍ਹਾਂ ਨੇ ਸਾਫ਼ ਕਰ ਦਿੱਤਾ ਹੈ ਕਿ ਉਹ ਹਰ ਹਾਲਤ ਵਿਚ ਚੋਣ ਲੜਨਗੇ। ਚੰਡੀਗੜ੍ਹ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੈਡਮ ਸਿੱਧੂ ਨੇ ਕਿਹਾ ਕਿ ਮੈਂ ਚੋਣ ਜ਼ਰੂਰ ਲੜਾਂਗੀ, ਇਹ ਮੇਰਾ ਫੈਸਲਾ ਹੈ। ਨਵਜੋਤ ਸਿੰਘ ਸਿੱਧੂ ਬਾਰੇ ਪੁੱਛੇ ਸਵਾਲ 'ਤੇ ਉਨ੍ਹਾਂ ਨੇ ਜਵਾਬ ਦਿੰਦਿਆਂ ਕਿਹਾ ਕਿ ਨਵਜੋਤ ਸਿੰਘ ਸਿੱਧੂ ਚੋਣ ਲੜਨਗੇ ਜਾਂ ਨਹੀਂ, ਇਹ ਉਨ੍ਹਾਂ ਦਾ ਆਪਣਾ ਫੈਸਲਾ ਹੈ। ਹਾਲਾਂਕਿ, ਉਨ੍ਹਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਨਵਜੋਤ ਸਿੰਘ ਸਿੱਧੂ ਚੋਣ ਪ੍ਰਚਾਰ ਵਿਚ ਉਨ੍ਹਾਂ ਦਾ ਪੂਰਾ ਸਹਿਯੋਗ ਕਰਨਗੇ। ਇਸ ਐਲਾਨ ਨਾਲ ਪੰਜਾਬ ਦੀ ਰਾਜਨੀਤੀ ਵਿਚ ਨਵੀਂ ਚਰਚਾ ਛਿੜ ਗਈ ਹੈ ਕਿਉਂਕਿ 2027 ਦੀਆਂ ਚੋਣਾਂ ਤੋਂ ਪਹਿਲਾਂ ਸਿੱਧੂ ਪਰਿਵਾਰ ਦੇ ਫੈਸਲੇ ਕਈ ਹਾਲਾਤ ਨੂੰ ਪ੍ਰਭਾਵਿਤ ਕਰ ਸਕਦੇ ਹਨ।

## ਮੈਂ ਸੂਬੇ ਦੇ ਦਰਜੇ ਲਈ ਭਾਜਪਾ ਨਾਲ ਗੱਠਜੋੜ ਕਰਨ ਦੀ ਬਜਾਏ ਅਸਤੀਫਾ ਦੇਵਾਂਗਾ: ਉਮਰ ਅਬਦੁੱਲਾ

ਸ਼੍ਰੀਨਗਰ 1 ਅਕਤੂਬਰ। ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਿਹਾ ਕਿ ਉਹ ਕੇਂਦਰ ਸ਼ਾਸਤ ਪ੍ਰਦੇਸ਼ ਲਈ ਸੂਬੇ ਦਾ ਦਰਜਾ



ਜਲਦੀ ਬਹਾਲ ਕਰਨ ਲਈ ਭਾਰਤੀ ਜਨਤਾ ਪਾਰਟੀ (ਭਾਜਪਾ) ਨਾਲ ਗੱਠਜੋੜ ਕਰਨ ਦੀ ਬਜਾਏ ਅਸਤੀਫਾ ਦੇ ਦੇਣਗੇ। ਅਨੰਤਨਾਗ ਜ਼ਿਲ੍ਹੇ ਦੇ ਅਚਬਲ ਖੇਤਰ ਵਿੱਚ ਇੱਕ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਅਬਦੁੱਲਾ ਨੇ ਕਿਹਾ ਕਿ ਉਹ ਸੂਬੇ ਦਾ ਦਰਜਾ ਪ੍ਰਾਪਤ ਕਰਨ ਲਈ ਕੋਈ ਰਾਜਨੀਤਿਕ ਸਮਝੌਤਾ ਕਰਨ ਲਈ ਤਿਆਰ ਨਹੀਂ ਹਨ। ਉਨ੍ਹਾਂ ਕਿਹਾ, ਜੇ ਤੁਸੀਂ (ਲੋਕ) ਤਿਆਰ ਹੋ, ਤਾਂ ਮੈਨੂੰ ਦੱਸੋ, ਕਿਉਂਕਿ ਮੈਂ ਉਹ ਸੌਦਾ ਕਰਨ ਲਈ ਤਿਆਰ ਨਹੀਂ ਹਾਂ। ਜੇਕਰ ਭਾਜਪਾ ਨੂੰ ਸਰਕਾਰ ਵਿੱਚ ਸ਼ਾਮਲ ਕਰਨਾ ਜ਼ਰੂਰੀ ਹੈ, ਤਾਂ ਮੇਰਾ ਅਸਤੀਫਾ ਸਵੀਕਾਰ ਕਰੋ। ਇੱਥੋਂ ਦੇ ਕਿਸੇ ਵੀ ਵਿਧਾਇਕ ਨੂੰ ਮੁੱਖ ਮੰਤਰੀ ਬਣਾਓ ਅਤੇ ਭਾਜਪਾ ਨਾਲ ਸਰਕਾਰ ਬਣਾਓ। ਅਬਦੁੱਲਾ ਨੇ ਕਿਹਾ ਕਿ ਜੇਕਰ ਉਨ੍ਹਾਂ ਨੇ ਭਾਜਪਾ ਨੂੰ ਸਰਕਾਰ ਵਿੱਚ ਸ਼ਾਮਲ ਕੀਤਾ ਹੁੰਦਾ, ਤਾਂ ਸੂਬੇ ਦਾ ਦਰਜਾ ਜਲਦੀ ਬਹਾਲ ਕੀਤਾ ਜਾ ਸਕਦਾ ਸੀ। ਉਨ੍ਹਾਂ ਕਿਹਾ, ਕੀ ਸਾਨੂੰ ਭਾਜਪਾ ਨੂੰ ਸਰਕਾਰ ਵਿੱਚ ਸ਼ਾਮਲ ਕਰਨਾ ਚਾਹੀਦਾ ਸੀ? ਇਸ ਗੱਲ ਦੀ ਸੰਭਾਵਨਾ ਸੀ ਕਿ ਭਾਜਪਾ ਨੂੰ ਸਰਕਾਰ ਵਿੱਚ ਸ਼ਾਮਲ ਕਰਕੇ ਸਾਨੂੰ ਇੱਕ ਤੋਹਫ਼ਾ ਮਿਲ ਸਕਦਾ ਸੀ।

## ਭਾਰਤ-ਭੂਟਾਨ ਦੋਸਤੀ ਨੂੰ ਮਿਲੇਗੀ ਨਵੀਂ ਰਫ਼ਤਾਰ, ਸਰਕਾਰ ਰੇਲ ਪ੍ਰੋਜੈਕਟ 'ਤੇ ਖ਼ਰਚ ਕਰੇਗੀ 4,033 ਕਰੋੜ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਨੈਸ਼ਨਲ ਡੈਸਕ 1 ਅਕਤੂਬਰ। ਭਾਰਤ ਨੇ ਭੂਟਾਨ ਨਾਲ 4,000 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਦੋ ਸਰਹੱਦ ਪਾਰ ਰੇਲ ਲਿੰਕ ਸਥਾਪਿਤ ਕਰਨ ਦੀ ਆਪਣੀ ਯੋਜਨਾ ਦਾ ਐਲਾਨ ਕੀਤਾ। ਇਹ ਭੂਟਾਨ ਨਾਲ ਵਪਾਰ ਅਤੇ ਆਰਥਿਕ ਸਬੰਧਾਂ ਨੂੰ ਵਧਾਉਣ ਵਾਲਾ ਪਹਿਲਾ ਅਜਿਹਾ ਰੇਲ ਸੰਪਰਕ ਪ੍ਰੋਜੈਕਟ ਹੈ। ਰੇਲ ਮੰਤਰੀ ਅਸ਼ਵਨੀ ਵੈਸ਼ਨਵ ਅਤੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਭੂਟਾਨੀ ਸ਼ਹਿਰਾਂ ਗੇਲੇਫੂ ਅਤੇ ਸਮਤਸੇ ਨੂੰ ਕ੍ਰਮਵਾਰ ਅਸਾਮ ਦੇ ਕੋਕਰਾਝਾਰ ਅਤੇ ਪੱਛਮੀ ਬੰਗਾਲ ਦੇ ਬਨਰਹਾਟ ਨਾਲ ਜੋੜਨ ਵਾਲੇ ਨਵੇਂ ਰੇਲ ਪ੍ਰੋਜੈਕਟਾਂ ਦੇ ਵੇਰਵਿਆਂ ਨੂੰ ਜਨਤਕ ਕੀਤਾ। ਦੋਵੇਂ ਪ੍ਰੋਜੈਕਟ 89 ਕਿਲੋਮੀਟਰ ਰੇਲ ਲਾਈਨ ਨੂੰ ਕਵਰ ਕਰਨਗੇ ਅਤੇ ਅਗਲੇ ਚਾਰ ਸਾਲਾਂ ਵਿੱਚ ਪੂਰੇ ਹੋਣ ਦੀ ਉਮੀਦ ਹੈ। ਮਿਸਰੀ ਨੇ ਵੈਸ਼ਨਵ ਨਾਲ ਇੱਕ ਸਾਂਝੀ ਪ੍ਰੈਸ ਕਾਨਫਰੰਸ ਵਿੱਚ ਕਿਹਾ, ਭਾਰਤ ਅਤੇ ਭੂਟਾਨ ਅਸਾਧਾਰਨ ਵਿਸ਼ਵਾਸ, ਆਪਸੀ ਸਤਿਕਾਰ ਅਤੇ ਸਮਝ 'ਤੇ ਅਧਾਰਤ ਸਬੰਧ ਸਾਂਝੇ ਕਰਦੇ ਹਨ। ਇਹ ਇੱਕ ਅਜਿਹਾ ਰਿਸ਼ਤਾ ਹੈ ਜੋ ਸੱਭਿਆਚਾਰਕ ਅਤੇ ਸੱਭਿਅਤਾ ਦੇ ਸਬੰਧਾਂ, ਵਿਆਪਕ ਲੋਕਾਂ ਤੋਂ ਲੋਕਾਂ ਦੇ ਸਬੰਧਾਂ ਅਤੇ ਸਾਡੇ ਸਾਂਝੇ ਵਿਕਾਸ ਅਤੇ ਸੁਰੱਖਿਆ ਹਿੱਤਾਂ 'ਤੇ ਅਧਾਰਤ ਹੈ। ਭਾਰਤ ਨੇ ਭੂਟਾਨ ਵਿੱਚ ਆਪਣੇ ਰਣਨੀਤਕ ਪ੍ਰਭਾਵ ਨੂੰ ਵਧਾਉਣ ਦੇ ਚੀਨ ਦੇ ਯਤਨਾਂ ਵਿਚਕਾਰ ਇਨ੍ਹਾਂ ਪ੍ਰੋਜੈਕਟਾਂ ਦਾ ਐਲਾਨ ਕੀਤਾ ਹੈ। ਮਿਸਰੀ ਨੇ ਕਿਹਾ ਕਿ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਬਨਾਰਹਾਟ ਅਤੇ ਸਮਤਸੇ ਅਤੇ ਕੋਕਰਾਝਾਰ ਅਤੇ ਗੇਲੇਫੂ ਵਿਚਕਾਰ ਰੇਲ ਸੰਪਰਕ ਸਥਾਪਤ ਕਰਨ ਲਈ ਸਹਿਮਤ ਹੋਈਆਂ ਹਨ। ਉਨ੍ਹਾਂ ਕਿਹਾ, ਇਹ ਭੂਟਾਨ ਨਾਲ ਸ਼ੁਰੂਆਤੀ ਰੇਲ ਸੰਪਰਕ ਪ੍ਰੋਜੈਕਟ ਹਨ। ਰੇਲ ਸੰਪਰਕ ਸਥਾਪਤ ਕਰਨ ਦਾ ਸਮਝੌਤਾ ਪਿਛਲੇ ਸਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਭੂਟਾਨ ਫੇਰੀ ਦੌਰਾਨ ਹੋਇਆ ਸੀ। ਵੈਸ਼ਨਵ ਨੇ ਕਿਹਾ ਕਿ ਇਹ ਪ੍ਰੋਜੈਕਟ ਕੋਕਰਾਝਾਰ ਅਤੇ ਬਨਾਰਹਾਟ ਵਿੱਚ ਭਾਰਤੀ ਰੇਲਵੇ ਨੈਟਵਰਕ ਤੋਂ ਸ਼ੁਰੂ ਹੋਣਗੇ ਅਤੇ ਲਗਭਗ ?4,033 ਕਰੋੜ ਦੇ ਨਿਵੇਸ਼ ਦੀ ਯੋਜਨਾ ਹੈ। ਮੰਤਰੀ ਨੇ ਕਿਹਾ, ਕਿਉਂਕਿ ਭੂਟਾਨ ਦਾ ਜ਼ਿਆਦਾਤਰ



ਨਿਰਯਾਤ-ਆਯਾਤ ਵਪਾਰ ਭਾਰਤੀ ਬੰਦਰਗਾਹਾਂ ਰਾਹੀਂ ਹੁੰਦਾ ਹੈ, ਇਸ ਲਈ ਭੂਟਾਨ ਦੀ ਆਰਥਿਕਤਾ ਦੇ ਵਿਕਾਸ ਅਤੇ ਲੋਕਾਂ ਦੀ ਗਲੋਬਲ ਨੈਟਵਰਕ ਤੱਕ ਬਿਹਤਰ ਪਹੁੰਚ ਲਈ ਇੱਕ ਚੰਗਾ, ਨਿਰਵਿਘਨ ਰੇਲ ਲਿੰਕ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਅੱਗੇ ਕਿਹਾ, ਇਸ ਲਈ ਇਸ ਪੂਰੇ ਪ੍ਰੋਜੈਕਟ ਨੂੰ ਅੱਗੇ ਵਧਾਇਆ ਜਾਵੇਗਾ। ਸਮਤਸੇ ਅਤੇ ਗੇਲੇਫੂ ਭੂਟਾਨ ਦੇ ਆਰਥਿਕ ਵਿਕਾਸ ਲਈ ਬਹੁਤ ਮਹੱਤਵਪੂਰਨ ਹਨ। ਕੋਕਰਾਝਾਰ ਅਤੇ ਗੇਲੇਫੂ ਵਿਚਕਾਰ ਪਹਿਲੀ 69 ਕਿਲੋਮੀਟਰ ਰੇਲਵੇ ਲਾਈਨ ਦੇ ਵੇਰਵੇ ਸਾਂਝੇ ਕਰਦੇ ਹੋਏ ਵੈਸ਼ਨਵ ਨੇ ਕਿਹਾ ਕਿ ਦੋਵਾਂ ਸ਼ਹਿਰਾਂ ਵਿਚਕਾਰ 6 ਸਟੇਸ਼ਨ ਹੋਣਗੇ ਅਤੇ ਪੂਰੀ ਲਾਈਨ ਦੇ ਨਿਰਮਾਣ ਵਿੱਚ ਦੋ ਵੱਡੇ ਪੁਲ, 29 ਵੱਡੇ ਪੁਲ, 65 ਛੋਟੇ ਪੁਲ, ਇੱਕ ਰੋਡ-ਓਵਰ-ਬ੍ਰਿਜ (ROB) ਅਤੇ 39 ਰੋਡ-ਅੰਡਰ-ਬ੍ਰਿਜ (RUB) ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ?3,456 ਕਰੋੜ ਦੇ ਨਿਵੇਸ਼ ਨਾਲ ਚਾਰ ਸਾਲਾਂ ਵਿੱਚ ਪੂਰਾ ਹੋਵੇਗਾ ਅਤੇ 69 ਕਿਲੋਮੀਟਰ ਲਾਈਨ ਦਾ 2.39 ਕਿਲੋਮੀਟਰ ਭੂਟਾਨੀ ਪਾਸੇ ਹੋਵੇਗਾ। ਵਿਦੇਸ਼ ਸਕੱਤਰ ਮਿਸਰੀ ਨੇ ਕਿਹਾ ਕਿ ਭਾਰਤ ਭੂਟਾਨ ਨੂੰ ਵਿਕਾਸ ਸਹਾਇਤਾ ਦਾ ਸਭ ਤੋਂ ਵੱਡਾ ਯੋਗਦਾਨ ਪਾਉਣ ਵਾਲਾ ਰਿਹਾ ਹੈ ਅਤੇ ਇਸਦੇ ਆਧੁਨਿਕੀਕਰਨ ਵਿੱਚ ਖਾਸ ਕਰਕੇ ਬੁਨਿਆਦੀ ਢਾਂਚੇ ਦੇ ਖੇਤਰਾਂ ਅਤੇ ਦੇਸ਼ ਦੇ ਸਮੁੱਚੇ ਆਰਥਿਕ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

# ਦੋ ਧੀਆਂ ਦੀਆਂ ਕਿਡਨੀਆਂ ਖ਼ਰਾਬ ! ਗਰੀਬ ਪਰਿਵਾਰ ਨੇ ਕੀਤੀ ਮਦਦ ਦੀ ਅਪੀਲ

**ਕੌਮੀ ਪਤ੍ਰਿਕਾ**

ਮਹਿਲ ਕਲਾਂ 1 ਅਕਤੂਬਰ। ਜ਼ਿਲ੍ਹਾ ਬਰਨਾਲਾ ਦੇ ਵਿਧਾਨ ਸਭਾ ਹਲਕਾ ਮਹਿਲ ਕਲਾਂ ਅਧੀਨ ਪੈਂਦੇ ਪਿੰਡ ਗੁਰਮ ਵਿਖੇ ਇਕ ਬਹੁਤ ਗਰੀਬ ਪਰਿਵਾਰ ਪਿਛਲੇ ਤਿੰਨ ਸਾਲਾਂ ਤੋਂ ਧੀਆਂ ਦੀ ਗੰਭੀਰ ਬਿਮਾਰੀ ਨਾਲ ਜੂਝ ਰਿਹਾ ਹੈ। ਪਰਿਵਾਰ ਮੁਖੀ ਦਲਵਾਰਾ ਸਿੰਘ ਦੀਆਂ ਦੋਨੋਂ ਧੀਆਂ ਵੱਡੀ ਹਰਪ੍ਰੀਤ ਕੌਰ (23 ਸਾਲ) ਅਤੇ ਛੋਟੀ ਜੋਤੀ ਕੌਰ (18 ਸਾਲ) — ਕਿਡਨੀ ਦੀ ਗੰਭੀਰ ਬਿਮਾਰੀ ਨਾਲ ਪੀੜਤ ਹਨ। ਦੋਨੋਂ ਦੀ ਚਾਰ-ਚਾਰ ਦਿਨਾਂ ਬਾਅਦ ਡਾਇਲਸਿਸ ਹੁੰਦੀ ਹੈ ਜਿਸ ਨਾਲ ਪਰਿਵਾਰ ਦੇ ਸਾਹਮਣੇ ਜੀਵਨ-ਮੌਤ ਦੀ ਸਥਿਤੀ ਬਣ ਗਈ ਹੈ। ਇਸ ਮੌਕੇ ਭਾਈ ਘਨੱਈਆ ਲੋਕ ਸੇਵਾ ਚੈਰੀਟੇਬਲ ਸੁਸਾਇਟੀ ਬਰਨਾਲਾ ਦੇ ਮੁੱਖ ਸੇਵਾਦਾਰ ਭਾਈ ਪਰਮਜੀਤ ਸਿੰਘ ਪੰਮੇ ਨੇ ਦੱਸਿਆ ਕਿ ਦਲਵਾਰਾ ਸਿੰਘ ਦਿਹਾੜੀ ਮਜ਼ਦੂਰੀ ਕਰਕੇ ਪਰਿਵਾਰ ਚਲਾਉਂਦਾ ਹੈ, ਪਰ ਘਰ ਦੀਆਂ ਛੱਤਾਂ ਵੀ ਟੁੱਟੀਆਂ ਹੋਈਆਂ ਹਨ ਅਤੇ ਕੋਈ ਪੱਕਾ ਆਰਥਿਕ ਸਾਧਨ ਨਹੀਂ। ਇਲਾਜ ਦਾ ਭਾਰ ਪਰਿਵਾਰ ਲਈ ਸੰਭਾਲਣਾ ਮੁਸ਼ਕਲ ਬਣ ਗਿਆ ਹੈ। ਬਠਿੰਡਾ ਦੇ ਹਸਪਤਾਲ ਵਿੱਚ ਚੱਲ ਰਹੇ ਇਲਾਜ ਅਨੁਸਾਰ ਇੱਕ ਵਾਰ ਦੀ ਡਾਇਲਸਿਸ ਸਮੇਤ ਐਂਬੂਲੈਂਸ, ਦਵਾਈਆਂ ਅਤੇ ਖ਼ੂਨ ਦੀਆਂ ਬੋਤਲਾਂ ਦਾ ਖਰਚਾ ਲਗਭਗ 15 ਤੋਂ 20 ਹਜ਼ਾਰ ਰੁਪਏ ਤੱਕ ਆ ਜਾਂਦਾ ਹੈ, ਜੋ ਇਕ ਦਿਹਾੜੀਦਾਰ ਲਈ ਚੁਕਾਉਣਾ ਸੰਭਵ ਨਹੀਂ। ਇਸ ਮੌਕੇ ਸਾਬਕਾ ਸਰਪੰਚ ਮਹਿੰਦਰ ਸਿੰਘ ਗੁਰਮ, ਰਾਜ ਸਿੰਘ, ਸੂਰਤ ਰਾਮ ਗੁਰਮ, ਡਾ. ਜਸਪਾਲ ਸਿੰਘ, ਹਰਵਿੰਦਰ ਸਿੰਘ ਬਸੰਤ ਸਿੰਘ ਅਤੇ ਹੈਪੀ




ਸਿੰਘ ਸਮੇਤ ਕਈ ਸਮਾਜ ਸੇਵਕ ਵੀ ਹਾਜ਼ਰ ਸਨ। ਉਨ੍ਹਾਂ ਨੇ ਪੀੜਤ ਪਰਿਵਾਰ ਨਾਲ ਹਮਦਰਦੀ ਜਤਾਈ ਅਤੇ ਪੰਜਾਬ ਸਰਕਾਰ, ਜ਼ਿਲ੍ਹਾ ਪ੍ਰਸ਼ਾਸਨ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਮੰਗ ਕੀਤੀ ਕਿ ਇਸ ਗਰੀਬ ਪਰਿਵਾਰ ਦੀਆਂ ਧੀਆਂ ਦੇ ਇਲਾਜ ਲਈ ਤੁਰੰਤ ਆਰਥਿਕ ਸਹਾਇਤਾ ਦਿੱਤੀ ਜਾਵੇ। ਪਰਿਵਾਰ ਵੱਲੋਂ ਦਾਨੀ ਵੀਰਾਂ ਨੂੰ ਹੱਥ ਜੋੜ ਅਪੀਲ ਕੀਤੀ ਗਈ ਹੈ ਕਿ ਉਹ ਆਪਣੀ ਕਿਰਤ ਕਮਾਈ ਵਿਚੋਂ ਦਸਵੰਧ ਕੱਢ ਕੇ ਧੀਆਂ ਦੀ ਜ਼ਿੰਦਗੀ ਬਚਾਉਣ ਵਿਚ ਸਹਿਯੋਗ ਕਰਨ। ਕੋਈ ਵੀ ਸੱਜਣ ਐਂਬੂਲੈਂਸ ਦਾ ਤੇਲ, ਦਵਾਈਆਂ ਜਾਂ ਖ਼ੂਨ ਦੀਆਂ ਬੋਤਲਾਂ ਦਾ ਖਰਚਾ ਚੁਕਾ ਕੇ ਵੀ ਸਿੱਧੀ ਮਦਦ ਕਰ ਸਕਦਾ ਹੈ। ਦਾਨੀ ਸੱਜਣ ਪਰਿਵਾਰ ਦੇ ਨੰਬਰ : 70876-93558 ’ਤੇ ਸੰਪਰਕ ਕਰ ਸਕਦੇ ਹਨ। ਪਰਿਵਾਰ ਨੇ ਕਿਹਾ ਕਿ ਦਾਨੀ ਵੀਰਾਂ ਦੇ ਸਹਿਯੋਗ ਨਾਲ ਹੀ ਉਹ ਆਪਣੀਆਂ ਧੀਆਂ ਦੀ ਜ਼ਿੰਦਗੀ ਬਚਾ ਸਕਦੇ ਹਨ।

## ਪਤਨੀ ਨੇ ਜ਼ਹਿਰ ਦੇ ਕੇ ਕੀਤਾ ਪਤੀ ਦਾ ਕਤਲ ! ਸਹੁਰਾ ਪਰਿਵਾਰ ਨੇ ਲਾਏ ਗੰਭੀਰ ਦੋਸ਼

ਲੁਧਿਆਣਾ 1 ਅਕਤੂਬਰ। ਹੈਬੋਵਾਲ ਥਾਣੇ ਦੀ ਪੁਲਸ ਨੇ ਜ਼ਹਿਰ ਦੇ ਕੇ ਕਤਲ ਦਾ ਮਾਮਲਾ ਦਰਜ ਕੀਤਾ ਹੈ। ਜਲੰਧਰ ਜ਼ਿਲੇ ਦੇ ਮੁਹੱਲਾ ਜੋਸ਼ੀਆਂ ਦੀ ਰਹਿਣ ਵਾਲੀ ਮਨਿੰਦਰ ਕੌਰ ਦੇ ਬਿਆਨਾਂ ਦੇ ਆਧਾਰ ’ਤੇ ਪੁਲਸ ਨੇ ਅਣਪਛਾਤੇ ਵਿਅਕਤੀਆਂ ਵਿਰੁੱਧ ਕਤਲ ਦਾ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਆਪਣੇ ਬਿਆਨ ’ਚ ਮਨਿੰਦਰ ਕੌਰ ਨੇ ਦੱਸਿਆ ਕਿ ਉਸ ਦੇ ਭਰਾ ਮਨਮੋਹਨ ਸਿੰਘ ਦਾ ਵਿਆਹ 2020 ’ਚ ਜੋਤੀ ਨਾਲ ਹੋਇਆ ਸੀ ਅਤੇ ਉਹ ਆਪਣੇ ਪਰਿਵਾਰ ਨਾਲ ਲਾਦੀਆਂ ਕਲਾਂ ’ਚ ਰਹਿੰਦੀ ਸੀ। ਵਿਆਹ ਤੋਂ ਬਾਅਦ ਦੋਵਾਂ ’ਚ ਅਕਸਰ ਝਗੜੇ ਹੁੰਦੇ ਰਹਿੰਦੇ ਸਨ। 5 ਮਈ, 2025 ਨੂੰ ਉਸ ਨੂੰ ਸੂਚਨਾ ਮਿਲੀ ਕਿ ਉਸ ਦੇ ਭਰਾ ਮਨਮੋਹਨ ਸਿੰਘ ਨੇ ਖੁਦਕੁਸ਼ੀ ਕਰ ਲਈ ਹੈ। ਹਾਲਾਂਕਿ, ਆਂਢ-ਗੁਆਂਢ ਦੇ ਵਸਨੀਕਾਂ ਨੇ ਆਪਣੀ ਜਾਂਚ ਕੀਤੀ ਅਤੇ ਪਾਇਆ ਕਿ ਉਹ ਆਪਣੀ ਮੌਤ ਤੋਂ ਪਹਿਲਾਂ ਖੁਸ਼ ਸੀ। ਉਸ ਨੂੰ ਸ਼ੱਕ ਹੈ ਕਿ ਉਸ ਦੀ ਪਤਨੀ ਜੋਤੀ ਨੇ ਰਿਸ਼ਤੇਦਾਰਾਂ ਅਤੇ ਜਾਣ-ਪਛਾਣ ਵਾਲਿਆਂ ਨਾਲ ਮਿਲੀਭੁਗਤ ਕਰ ਕੇ ਉਸ ਦੇ ਭਰਾ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ। ਪੁਲਸ ਨੇ ਮਾਮਲਾ ਦਰਜ ਕਰ ਲਿਆ ਹੈ। ਇੰਸ. ਜਸਵੀਰ ਸਿੰਘ ਨੇ ਕਿਹਾ ਕਿ ਮਾਮਲੇ ਸਬੰਧੀ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਕੇਂਦਰੀ ਰਾਜ ਮੰਤਰੀ ਅਜੈ ਟਮਟਾ ਪਹੁੰਚੇ ਅੰਮ੍ਰਿਤਸਰ, ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਕਰਨਗੇ ਦੌਰਾ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 1 ਅਕਤੂਬਰ। ਕੇਂਦਰੀ ਸੜਕ ਆਵਾਜਾਈ ਰਾਜ ਮੰਤਰੀ ਅਜੈ ਟਮਟਾ ਅੱਜ ਅੰਮ੍ਰਿਤਸਰ ਦਾ ਦੌਰਾ ਕਰ ਰਹੇ ਹਨ। ਭਾਜਪਾ ਆਗੂਆਂ ਨੇ ਅੰਮ੍ਰਿਤਸਰ ਹਵਾਈ ਅੱਡੇ ’ਤੇ ਪਹੁੰਚਣ ’ਤੇ ਉਨ੍ਹਾਂ ਦਾ ਸਵਾਗਤ ਕੀਤਾ। ਉਹ ਅੱਜ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਨਗੇ ਅਤੇ ਕੇਂਦਰੀ ਰਾਜਮਾਰਗਾਂ ਨੂੰ ਹੋਏ ਨੁਕਸਾਨ ਦਾ ਜਾਇਜ਼ਾ ਲੈਣਗੇ। ਉਹ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ’ਤੇ ਉਤਰੇ, ਜਿੱਥੋਂ ਉਹ ਸਿੱਧੇ ਤਰਨਤਾਰਨ ਲਈ ਰਵਾਨਾ ਹੋਏ। ਤਰਨਤਾਰਨ ਵਿੱਚ, ਉਹ ਮੁੰਡਾ ਪਿੰਡ, ਸਰਹਾਲੀ ਅਤੇ ਪੰਜਵਾੜਾ ਪਿੰਡ ਦਾ ਦੌਰਾ ਕਰਨਗੇ, ਜਿਨ੍ਹਾਂ ਨੂੰ ਹੜ੍ਹਾਂ ਦਾ ਕਾਫ਼ੀ ਨੁਕਸਾਨ ਹੋਇਆ ਹੈ। ਇਸ ਤੋਂ ਬਾਅਦ ਉਹ ਤਰਨਤਾਰਨ ਡਿਪਟੀ ਕਮਿਸ਼ਨਰ ਦਫ਼ਤਰ ਜਾਣਗੇ, ਜਿੱਥੇ ਹੜ੍ਹ ਪ੍ਰਭਾਵਿਤ ਖੇਤਰਾਂ ਬਾਰੇ ਇੱਕ ਸਮੀਖਿਆ ਮੀਟਿੰਗ ਕੀਤੀ ਜਾਵੇਗੀ। ਇਹ ਮੀਟਿੰਗ ਰਾਜ ਲੋਕ ਨਿਰਮਾਣ ਵਿਭਾਗ (ਪੀਡਬਲਯੂਡੀ) ਅਤੇ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਕੀਤੀ ਜਾਵੇਗੀ। ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਮੁਲਾਂਕਣ ਕੀਤਾ ਜਾਵੇਗਾ ਅਤੇ ਰਾਹਤ ਕਾਰਜਾਂ ’ਤੇ ਚਰਚਾ ਕੀਤੀ ਜਾਵੇਗੀ। ਟਮਟਾ ਅੱਜ ਸਿਰਫ਼ ਤਰਨਤਾਰਨ ਦਾ ਦੌਰਾ ਕਰਨਗੇ। ਉਹ ਅੱਜ ਸ਼ਾਮ ਅੰਮ੍ਰਿਤਸਰ ਪਹੁੰਚਣਗੇ ਅਤੇ ਸਰਕਟ ਹਾਊਸ ਵਿਖੇ ਠਹਿਰਦੇ ਹੋਏ ਸੀਨੀਅਰ ਭਾਜਪਾ ਆਗੂਆਂ ਨਾਲ ਵੀ ਮੁਲਾਕਾਤ ਕਰਨਗੇ। ਬੁੱਧਵਾਰ ਨੂੰ, ਉਹ ਅੰਮ੍ਰਿਤਸਰ ਦੇ ਅਜਨਾਲਾ ਦੇ ਨਾਲ-ਨਾਲ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਇਲਾਕੇ ਡੇਰਾ ਬਾਬਾ ਨਾਨਕ ਦਾ ਦੌਰਾ ਕਰਨਗੇ। ਮੀਟਿੰਗਾਂ ਦਾ ਦੌਰ ਪੂਰਾ ਕਰਨ ਤੋਂ ਬਾਅਦ, ਉਹ ਸ਼ਾਮ ਨੂੰ ਦਿੱਲੀ ਲਈ ਰਵਾਨਾ ਹੋਣਗੇ।

## ਨਸ਼ੀਲੀਆਂ ਗੋਲੀਆਂ ਸਣੇ ਮੋਟਰਸਾਈਕਲ ਸਵਾਰ ਦੋ ਕਾਬੂ

ਤਪਾ ਮੰਡੀ 1 ਅਕਤੂਬਰ। ਤਪਾ ਪੁਲਸ ਨੇ ਯੁੱਧ ਨਸ਼ਿਆਂ ਖਿਲਾਫ ਚਲਾਈ ਮੁਹਿੰਮ ਦੌਰਾਨ 2 ਨੌਜਵਾਨਾਂ ਨੂੰ 210 ਨਸ਼ੀਲੀਆਂ ਗੋਲੀਆਂ ਮੋਟਰਸਾਇਕਲ ਸਣੇ ਕਾਬੂ ਕਰਨ ‘ਚ ਸਫਲਤਾ ਮਿਲੀ ਹੈ। ਥਾਣਾ ਮੁੱਖੀ ਸਰੀਫ ਖਾਂ ਅਨੁਸਾਰ ਜ਼ਿਲ੍ਹਾ ਪੁਲਸ ਮੁਖੀ ਬਰਨਾਲਾ ਮੁਹੰਮਦ ਸਰਫਰਾਜ ਆਲਮ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡੀ.ਐੱਸ.ਪੀ ਤਪਾ ਗੁਰਬਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਤਪਾ ਪੁਲਸ ਨੂੰ ਗੁਪਤ ਸੂਚਨਾ ਦੇ ਆਧਾਰ ’ਤੇ ਸੂਚਨਾ ਮਿਲੀ ਕਿ ਕੁਲਵਿੰਦਰ ਸਿੰਘ ਪੁੱਤਰ ਨਿੱਕਾ ਸਿੰਘ ਅਤੇ ਜਸਪ੍ਰੀਤ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਢਿਲਵਾਂ ਜੋ ਇਲਾਕੇ ’ਚ ਮੋਟਰਸਾਈਕਲ ਪਰ ਨਸ਼ੀਲੀਆਂ ਗੋਲੀਆਂ ਵੇਚਣ ਦੇ ਆਦੀ ਹਨ, ਜੇਕਰ ਰੇਡ ਕੀਤੀ ਜਾਵੇ ਤਾਂ ਸਫਲਤਾ ਹੱਥ ਲੱਗ ਸਕਦੀ ਹੈ। ਪੁਲਸ ਨੇ ਤੁਰੰਤ ਸਹਾਇਕ ਥਾਣੇਦਾਰ ਹਰਵਿੰਦਰਪਾਲ ਸਿੰਘ ਨੇ ਉਹਨਾਂ ਵੱਲੋਂ ਪੁਲਸ ਪਾਰਟੀ ਸਮੇਤ ਢਿਲਵਾਂ ਡਰੇਨ ਤੋਂ ਦਰਾਜ ਵੱਲ ਨਾਕਾਬੰਦੀ ਕੀਤੀ ਹੋਈ ਸੀ, ਪੁਲਸ ਨੇ ਤੁਰੰਤ ਹਰਕਤ ’ਚ ਆਉਂਦਿਆਂ ਉਕਤ ਦੋਸ਼ੀਆਂ ਨੂੰ 210 ਨਸ਼ੀਲੀਆਂ ਗੋਲੀਆਂ ਅਤੇ ਮੋਟਰਸਾਈਕਲ ਸਣੇ ਕਾਬੂ ਕੀਤਾ। ਫਿਲਹਾਲ ਪੁਲਸ ਨੇ ਦੋਸ਼ੀਆਂ ਵਿਰੁੱਧ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਲੜਕਾ ਨਾ ਹੋਣ ’ਤੇ ਮਾਰੇ ਤਾਅਨੇ, 5 ਮਹੀਨਿਆਂ ਦੀ ਗਰਭਵਤੀ ਨੇ ਕੀਤੀ ਖ਼ੁਦਕੁਸ਼ੀ

ਮੋਹਾਲੀ 1 ਅਕਤੂਬਰ। ਅਜੋਕੇ ਸਮੇਂ ’ਚ ਵੀ ਕੁਝ ਲੋਕ ਲੜਕਾ ਨਾ ਹੋਣ ’ਤੇ ਨੂੰਹਾਂ ਨੂੰ ਪ੍ਰੇਸ਼ਾਨ ਕਰ ਰਹੇ ਹਨ ਜਿਸ ਤੋਂ ਦੁਖੀ ਹੋ ਕੇ ਪੀੜਤਾ ਫਾਹਾ ਲੈ ਲੈਂਦੀ ਹੈ, ਨਹੀਂ ਤਾਂ ਸਾਰੀ ਉਮਰ ਤਸ਼ੱਦਦ ਸਹਿੰਦੀ ਰਹਿੰਦੀ ਹੈ। ਅਜਿਹਾ ਹੀ ਮਾਮਲਾ ਪਿੰਡ ਮਟੌਰ ’ਚ ਆਇਆ ਹੈ ਜਿੱਥੇ ਔਰਤ ਨੂੰ ਲੜਕੀ ਪੈਦਾ ਹੋਣ ’ਤੇ ਤਾਅਨੇ-ਮਿਹਣੇ ਮਾਰਦੇ ਹਨ। ਇਸ ਤੋਂ ਤੰਗ ਵਿਆਹੁਤਾ ਵੱਲੋਂ ਫਾਹਾ ਲੈ ਕੇ ਜੀਵਨਲੀਲ੍ਹਾ ਸਮਾਪਤ ਕਰ ਲਈ ਹੈ। ਕਾਜਲ ਵੱਲੋਂ ਜਦੋਂ ਖ਼ੁਦਕੁਸ਼ੀ ਕੀਤੀ ਗਈ ਤਾਂ ਉਹ 5 ਮਹੀਨਿਆਂ ਦੀ ਗਰਭਵਤੀ ਸੀ। ਦੱਸਿਆ ਜਾ ਰਿਹਾ ਹੈ ਕਿ ਉਸ ਦੇ ਪਹਿਲਾਂ ਤੋਂ ਦੋ ਬੇਟੀਆਂ (5 ਤੇ 2 ਸਾਲ) ਹਨ। ਮ੍ਰਿਤਕਾ ਦੀ ਭੈਣ ਨੇ ਦੱਸਿਆ ਕਿ ਕਾਜਲ ਮੁੜ ਤੋਂ ਗਰਭਵਤੀ ਸੀ। ਸਹੁਰਾ ਪਰਿਵਾਰ



ਦਬਾਅ ਪਾ ਰਿਹਾ ਸੀ ਕਿ ਇਸ ਬਾਰ ਲੜਕਾ ਹੋਣਾ ਚਾਹੀਦਾ ਹੈ, ਜੇਕਰ ਲੜਕੀ ਹੋਈ ਤਾਂ ਉਹ ਘਰੋਂ ਬਾਹਰ ਕੱਢ ਦੇਣਗੇ। ਜੀਜੇ ਨੇ ਤਲਾਕ ਦੇਣ ਦੀ ਧਮਕੀ ਦਿੱਤੀ ਸੀ। ਸਹੁਰੇ ਪਰਿਵਾਰ ਵੱਲੋਂ ਅਕਸਰ ਭੈਣ ਨਾਲ ਝਗੜਾ ਕੀਤਾ ਜਾਂਦਾ ਸੀ, ਜਿਸ ਕਾਰਨ ਉਹ ਪ੍ਰੇਸ਼ਾਨ ਸੀ। ਪਿਤਾ ਕੰਵਰਪਾਲ ਨੇ ਦੱਸਿਆ ਕਿ ਕਰੀਬ 6 ਸਾਲ ਪਹਿਲਾਂ ਕਾਜਲ ਦਾ ਵਿਆਹ ਅੰਕਿਤ ਨਾਲ ਕੀਤਾ ਸੀ। ਜਦੋਂ ਕਾਜਲ ਘਰ ਦੋ ਲੜਕੀਆਂ ਨੇ ਜਨਮ ਲਿਆ ਤਾਂ ਉਸ ਸਮੇਂ ਤੋਂ ਹੀ ਸਹੁਰਾ ਪਰਿਵਾਰ ਉਸ ਨੂੰ ਲੜਕਾ ਪੈਦਾ ਕਰਨ ਲਈ ਤਾਅਨੇ ਮਾਰਦਾ ਰਹਿੰਦਾ ਸੀ। ਇਨ੍ਹਾਂ ਤਾਅਨਿਆਂ ਅਤੇ ਰੋਜ ਦੇ ਝਗੜਿਆਂ ਤੋਂ ਦੁਖੀ ਹੋ ਕੇ ਕੁੜੀ ਨੇ ਖ਼ੁਦਕੁਸ਼ੀ ਕਰ ਲਈ। ਥਾਣਾ ਮਟੌਰ ਮੁਖੀ ਅਮਨਦੀਪ ਸਿੰਘ ਕੰਬੋਜ ਅਨੁਸਾਰ ਲਾਸ਼ ਨੂੰ ਕਬਜ਼ੇ ’ਚ ਲੈ ਕੇ ਸਿਵਲ ਹਸਪਤਾਲ ਦੀ ਮੋਰਚਰੀ ’ਚ ਰਖਵਾ ਦਿੱਤਾ ਹੈ। ਮ੍ਰਿਤਕਾ ਦੇ ਮਾਪਿਆਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ। ਇਸ ਤੋਂ ਬਾਅਦ ਅਗਲੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਫਿਲਹਾਲ ਖ਼ੁਦਕੁਸ਼ੀ ਨੋਟ ਬਰਾਮਦ ਨਹੀਂ ਹੋਇਆ।

## ਕਾਲੇ ਸ਼ੀਸ਼ੇ, ਮੋਡੀਫਾਈਡ ਥਾਰ ’ਤੇ ਘੁੰਮਣ ਦੇ ਸ਼ੌਕੀਨ ਦੇਣ ਧਿਆਨ ! ਪੁਲਸ ਕਰ ਰਹੀ ਵੱਡੀ ਕਾਰਵਾਈ

ਜਲੰਧਰ 1 ਅਕਤੂਬਰ। ਜੇਕਰ ਤੁਸੀਂ ਆਪਣੀ ਗੱਡੀ ਦੇ ਸ਼ੀਸ਼ੇ ਕਾਲੇ ਕਰਕੇ ਅਤੇ ਗੱਡੀ ਨੂੰ ਮੋਡੀਫਾਈਡ ਕਰਵਾ ਕੇ ਉੱਚੀ ਆਵਾਜ਼ ਵਿਚ ਗਾਣੇ ਸੁਣ ਕੇ ਮਹਾਨਗਰ ਦੀਆਂ ਸੜਕਾਂ ’ਤੇ ਘੁੰਮਣ ਦੇ ਸ਼ੌਕੀਨ ਹੋ ਤਾਂ ਅਜਿਹਾ ਕਰਨਾ ਬੰਦ ਕਰ ਦਿਓ ਕਿਉਂਕਿ ਹੁਣ ਟ?ਰੈਫਿਕ ਪੁਲਸ ਦੀ ਅਜਿਹੀਆਂ ਗੱਡੀਆਂ ’ਤੇ ਤਿੱਖੀ ਨਜ਼ਰ ਹੈ। ਜਾਣਕਾਰੀ ਮੁਤਾਬਕ ਸ੍ਰੀ ਗੁਰੂ ਰਵਿਦਾਸ ਚੌਂਕ ’ਚ ਲਗਭਗ 11 ਵਜੇ ਕਾਲੀ ਫਿਲਮ ਲਾ ਕੇ ਮੋਡੀਫਾਈਡ ਥਾਰ ’ਤੇ



ਉੱਚੀ ਆਵਾਜ਼ ਵਿਚ ਗਾਣੇ ਲਾ ਕੇ ਲੰਘ ਰਹੀ ਇਕ ਥਾਰ ਗੱਡੀ ਨੂੰ ਟ?ਰੈਫਿਕ ਪੁਲਸ ਨੇ ਰੋਕਿਆ। ਟ?ਰੈਫਿਕ ਇੰਚਾਰਜ ਜ਼ੋਨ-3 ਸੁਖਜਿੰਦਰ ਸਿੰਘ ਗੁਡਾਨੀ ਨੇ ਕਿਸੇ ਦੀ ਨਹੀਂ ਸੁਣੀ ਅਤੇ ਨਿਯਮਾਂ ਤਹਿਤ ਕਾਰਵਾਈ ਕਰਕੇ ਥਾਰ ਦਾ ਚਲਾਨ ਕੱਟਿਆ ਤੇ ਜ਼ਬਤ ਕਰ ਲਈ। ਇੰਚਾਰਜ ਸੁਖਜਿੰਦਰ ਸਿੰਘ ਨੇ ਦੱਸਿਆ ਕਿ ਥਾਰ ਗੱਡੀ ਦੇ ਸਾਰੇ ਸ਼ੀਸ਼ੇ ਕਾਲੀ ਫਿਲਮ ਲਾ ਕੇ ਕਾਲੇ ਕੀਤੇ ਗਏ ਸਨ। ਗੱਡੀ ਵਿਚ ਵੱਡਾ ਬੂਫਰ ਵੀ ਪਿਆ ਸੀ, ਜਿਸ ’ਤੇ ਗਾਣੇ ਇੰਨੀ ਉੱਚੀ ਵੱਜ ਰਹੇ ਸਨ ਕਿ ਆਵਾਜ਼ ਪ੍ਰਦੂਸ਼ਣ ਫੈਲ ਰਿਹਾ ਸੀ। ਥਾਰ ਗੱਡੀ ਦੇ ਟਾਇਰ ਵੀ ਮੋਡੀਫਾਈਡ ਕਰ ਕੇ ਵੱਡੇ ਲਾਏ ਗਏ ਸਨ। ਥਾਰ ਗੱਡੀ ਵਿਚ ਫੌਗ ਲਾਈਟਾਂ ਵੀ ਲਾਈਆਂ ਹੋਈਆਂ ਸਨ। ਇੰਚਾਰਜ ਸੁਖਜਿੰਦਰ ਸਿੰਘ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਟ?ਰੈਫਿਕ ਨਿਯਮਾਂ ਦੀ ਪਾਲਣਾ ਕਰਨ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼?ਲਾਫ਼ ਭਵਿੱਖ ਵਿਚ ਵੀ ਕਾਰਵਾਈ ਜਾਰੀ ਰਹੇਗੀ।

## ਕੋਸਟ ਆਫ ਡੂਇੰਗ ਬਿਜਨੈਸ ਘੱਟ ਕਰਨ ਵਿੱਚ ਸਹਾਇਕ ਹੋਵੇਗੀ ਹਰਿਆਣਾ ਦੀ ਨਵੀਂ ਉਦਯੋਗਿਕ ਪੋਲਿਸੀ

ਉਦਯੋਗ ਅਤੇ ਵਪਾਰ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਡਾ. ਅਮਿਤ ਕੁਮਾਰ ਅਗਰਵਾਲ ਨੇ ਸਲਾਹ-ਮਸ਼ਵਰਾ ਮੀਟਿੰਗ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਸਰਕਾਰ ਹੁਣ ਸਿਰਫ ਈਜ਼ ਆਫ ਡੂਇੰਗ ਬਿਜਨੈਸ ਤੱਕ ਸੀਮਤ ਨਹੀਂ ਰਹੇਗੀ, ਸਗੋ ਕੋਸਟ ਆਫ ਡੂਇੰਗ ਬਿਜਨੈਸ ਘੱਟ ਕਰਨ ਅਤੇ ਰਾਇਟ ਟੂ ਬਿਜਨੈਸ ਵਰਗੀ ਅਵਧਾਰਨਾਵਾਂ ਨੂੰ ਵੀ ਅੱਗੇ ਵਧਾਏਗੀ। ਉਨ੍ਹਾਂ ਨੇ ਕਿਹਾ ਕਿ ਇਹ ਨੀਤੀ ਹਰਿਆਣਾ ਨੂੰ ਆਉਣ ਵਾਲੇ ਸਾਲਾਂ ਵਿੱਚ ਦੇਸ਼ ਦਾ ਸੱਭ ਤੋਂ ਆਕਰਸ਼ਕ ਅਤੇ ਮੁਕਾਬਲੇਬਾਜੀ ਨਿਵੇਸ਼ ਡੇਸਟੀਨੇਸ਼ਨ ਬਣਾਏਗੀ। ਨਵੀਂ ਨੀਤੀ ਸਿਰਫ ਵਿੱਤੀ ਪ੍ਰੋਤਸਾਹਨਾਂ ਤੱਕ ਸੀਮਤ ਨਹੀਂ ਹੈ ਸਗੋ ਉਦਯੋਗਾਂ ਨੂੰ ਇੱਕ ਸਮਰੱਥ ਇਕੋਸਿਸਟਮ ਉਪਲਬਧ ਕਰਾਉਣ ’ਤੇ ਕੇਂਦ੍ਰਿਤ ਹੈ। ਸਰਕਾਰ ਨੇ ਕਾਰੋਬਾਰ ਕਰਨ ਵਿੱਚ ਆਉਣ ਵਾਲੀਆਂ 23 ਪ੍ਰਮੁੱਖ ਰੁਕਾਵਟਾਂ ਦੀ ਪਹਿਚਾਨ ਕਰ ਲਈ ਹੈ ਅਤੇ 31 ਦਸੰਬਰ ਤੱਕ ਪ੍ਰਦੂਸ਼ਣ ਕੰਟਰੋਲ ਬੋਰਡ, ਕਿਰਤ ਅਤੇ ਸ਼ਹਿਰੀ ਨਿਯੋਜਨ ਨਾਲ ਜੁੜੀ ਰੁਕਾਵਟਾਂ ਨੂੰ ਦੂਰ ਕਰਨ ਦਾ ਟੀਚਾ ਰੱਖਿਆ ਹੈ। ਨਾਲ ਹੀ ਬਲਾਕ ਏ ਅਤੇ ਬੀ ਦੋਨੋਂ ਖੇਤਰਾਂ ਨੂੰ ਸਮਾਨ ਮੌਕੇ ਦਿੱਤੇ ਜਾਣਗੇ, ਤਾਂ ਜੋ ਨਿਵੇਸ਼ ਪੂਰੇ ਰਾਜ ਵਿੱਚ ਸੰਤੁਲਿਤ ਰੂਪ ਨਾਲ ਵੱਧ ਸਕਣ। ਡਾ. ਅਮਿਤ ਅਗਰਵਾਲ ਨੇ ਦਸਿਆ ਕਿ ਹਰਿਆਣਾ ਦੀ ਜੀਡੀਪੀ ਪਿਛਲੇ 10 ਸਾਲਾਂ ਵਿੱਚ ਲਗਭਗ 11% ਦੀ ਦਰ ਨਾਲ ਵਧੀ ਹੈ, ਜੋ ਰਾਸ਼ਟਰੀ ਔਸਤ ਤੋਂ 3-4% ਵੱਧ ਹੈ। ਰਾਜ ਪ੍ਰਤੀ ਵਿਅਕਤੀ ਜੀਐਸਟੀ ਇੱਕਠਾ ਕਰਨ ਵਿੱਚ ਦੇਸ਼ ਵਿੱਚ ਸੱਭ ਤੋਂ ਅੱਗੇ ਹੈ ਅਤੇ ਆਪਣੇ ਖਰਚ ਦਾ 80% ਖੁਦ ਅਰਜਿਤ ਕਰਨ ਵਾਲਾ ਸੱਭ ਤੋਂ ਆਤਮਨਿਰਭਰ ਸੂਬਾ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰ ਇੱਕ ਏਆਈ-ਅਧਾਰਿਤ ਪੋਰਟਲ ਅਗਲੇ ਦੋ ਮਹੀਨੇ ਵਿੱਚ ਲਾਂਚ ਕਰਨ ਜਾ ਰਹੀ ਹੈ, ਜਿਸ ਨਾਲ ਉਦਯੋਗਾਂ ਲਈ ਲਾਭ ਅਤੇ ਸੇਵਾਵਾਂ ਦਾ ਸਰਲ, ਪਾਰਦਰਸ਼ੀ ਤੇ ਪ੍ਰਭਾਵੀ ਵਰਤੋ ਸੰਭਵ ਹੋਵੇਗੀ। ਨਵੀਂ ਨੀਤੀ ਵਿੱਚ ਐਪੇਕਸ ਅਤੇ ਕੈਪੇਕਸ ਅਧਾਰਿਤ ਲਚੀਲੇ ਪ੍ਰੋਤਸਾਹਨ, 15-16 ਖੇਤਰਾਂ ਦੇ ਲਈ ਸੈਕਟੋਰਲ ਨੀਤੀਆਂ ਅਤੇ ਅਲਟਰਾ ਮੇਗਾ ਅਤੇ ਮੇਗਾ ਪਰਿਯੋਜਨਾਵਾਂ ਲਈ ਸਪਸ਼ਟ ਪੈਕੇ? ਸ਼ਾਮਿਲ ਕੀਤੇ ਗਏ ਹਨ।

## ਮਾਸ, ਮੱਛੀ ਤੇ ਅੰਡਿਆਂ ਦੀ ਵਿਕਰੀ ’ਤੇ ਲੱਗੀ ਪਾਬੰਦੀ ! ਜਾਣੋ ਕਦੋਂ ਤੱਕ ਜਾਰੀ ਰਹੇਗਾ ਇਹ ਹੁਕਮ

ਨੈਸ਼ਨਲ ਡੈਸਕ 1 ਅਕਤੂਬਰ। ਨਰਾਤਿਆਂ ਦੇ ਸ਼ੁਭ ਤਿਉਹਾਰ ਦੇ ਮੱਦੇਨਜ਼ਰ ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਵਿੱਚ ਪ੍ਰਸ਼ਾਸਨ ਨੇ ਇੱਕ ਵੱਡਾ ਫ਼ੈਸਲਾ ਲਿਆ ਹੈ। 1 ਅਕਤੂਬਰ ਤੋਂ 2 ਅਕਤੂਬਰ ਤੱਕ ਸ਼ਹਿਰ ਵਿੱਚ ਮਾਸ, ਮੱਛੀ ਅਤੇ ਅੰਡਿਆਂ ਦੀ ਵਿਕਰੀ ’ਤੇ ਪੂਰੀ ਤਰ੍ਹਾਂ ਪਾਬੰਦੀ ਰਹੇਗੀ। ਇਹ ਹੁਕਮ ਐਸਡੀਐਮ ਦਿਵਿਆ ਪਟੇਲ ਵਲੋਂ ਜਾਰੀ ਕੀਤੇ ਗਏ ਹਨ। ਇਹ ਪਾਬੰਦੀ ਖਾਸ ਤੌਰ ’ਤੇ 1 ਅਕਤੂਬਰ ਤੋਂ ਸ਼ੁਰੂ ਹੋਣ ਵਾਲੇ ਨਰਾਤਿਆਂ ਦੇ ਤਿਉਹਾਰ ਮੌਕੇ ਨੌਂ ਦਿਨਾਂ ਲਈ ਲਗਾਈ ਗਈ ਹੈ। ਧਾਰਮਿਕ ਮਾਨਤਾਵਾਂ ਦੇ ਅਨੁਸਾਰ ਨਰਾਤਿਆਂ ਦੇ 9 ਦਿਨਾਂ ਦੌਰਾਨ ਮਾਤਾ ਦੁਰਗਾ ਦੀ ਪੂਜਾ ਕੀਤੀ ਜਾਂਦੀ ਹੈ ਅਤੇ ਵੱਡੀ ਗਿਣਤੀ ਵਿੱਚ ਲੋਕ ਸ਼ਾਕਾਹਾਰੀ ਭੋਜਨ ਦੀ ਪਾਲਣਾ ਕਰਦੇ ਹਨ। ਇਸ ਸਮੇਂ ਦੌਰਾਨ ਮਾਸਾਹਾਰੀ ਭੋਜਨ ਨਹੀਂ ਖਾਧਾ ਜਾਂਦਾ ਹੈ। ਪ੍ਰਸ਼ਾਸਨ ਨੇ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਨ ਅਤੇ ਤਿਉਹਾਰ ਦੇ ਪਵਿੱਤਰ ਮਾਹੌਲ ਨੂੰ ਬਣਾਈ ਰੱਖਣ ਲਈ ਇਹ ਕਦਮ ਚੁੱਕਿਆ ਹੈ। ਐਸਡੀਐਮ ਦਿਵਿਆ ਪਟੇਲ ਨੇ ਕਿਹਾ ਕਿ ਨਰਾਤਿਆਂ ਦੀ ਸ਼ੁਰੂਆਤ ਦੇ ਮੱਦੇਨਜ਼ਰ ਇਹ ਯਕੀਨੀ ਬਣਾਇਆ ਗਿਆ ਹੈ ਕਿ ਸ਼ਹਿਰ ਦੀ ਕਿਸੇ ਵੀ ਦੁਕਾਨ ਵਿੱਚ ਮਾਸਾਹਾਰੀ ਭੋਜਨ ਨਾ ਵੇਚਿਆ ਜਾਵੇ। ਇਸ ਹੁਕਮ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਦੱਸ ਦੇਈਏ ਕਿ ਇਹ ਪਹਿਲੀ ਵਾਰ ਨਹੀਂ ਹੈ, ਜਦੋਂ ਕਿਸੇ ਤਿਉਹਾਰ ਦੇ ਮੌਕੇ ਮਾਸ, ਮੱਛੀ ਤੇ ਅੰਡਿਆਂ ਦੀ ਵਿਕਰੀ ’ਤੇ ਪੂਰੀ ਤਰੀਕੇ ਨਾਲ ਪਾਬੰਦੀ ਲਗਾਈ ਗਈ ਹੋਵੇ। ਇਸ ਤੋਂ ਪਹਿਲਾਂ ਵੀ ਕੁਝ ਰਾਜਾਂ ਅਤੇ ਸ਼ਹਿਰਾਂ ਨੇ ਧਾਰਮਿਕ ਤਿਉਹਾਰਾਂ ਦੌਰਾਨ ਮਾਸਾਹਾਰੀ ਚੀਜ਼ਾਂ ਦੀ ਵਿਕਰੀ ’ਤੇ ਪਾਬੰਦੀ ਲਗਾਈ ਹੈ। ਇਹ ਫੈਸਲਾ ਭੋਪਾਲ ਨਿਵਾਸੀਆਂ ਲਈ, ਖਾਸ ਕਰਕੇ ਮਾਸ ਅਤੇ ਮੱਛੀ ਦਾ ਵਪਾਰ ਕਰਨ ਵਾਲਿਆਂ ਲਈ ਮਹੱਤਵਪੂਰਨ ਖ਼ਬਰ ਹੈ।

# 31 ਦਸੰਬਰ ਤੱਕ ਲਾਗੂ ਰਹੇਗੀ ‘ਜਿਸ ਦਾ ਖੇਤ, ਉਸ ਦੀ ਰੇਤ’ ਯੋਜਨਾ : ਦਲਵਿੰਦਰਜੀਤ ਸਿੰਘ

**ਕੌਮੀ ਪਤ੍ਰਿਕਾ**

ਗੁਰਦਾਸਪੁਰ 1 ਅਕਤੂਬਰ। ਹਾਲ ਹੀ ਵਿਚ ਆਏ ਹੜ੍ਹਾਂ ਕਾਰਨ ਜ਼ਿਲ੍ਹਾ ਗੁਰਦਾਸਪੁਰ ਦੇ ਬਹੁਤ ਸਾਰੇ ਕਿਸਾਨਾਂ ਦੀ ਖੇਤੀਬਾੜੀ ਜ਼ਮੀਨ ’ਤੇ ਸਿਲਟ, ਰੇਤ ਅਤੇ ਹੋਰ ਦਰਿਆਈ ਪਦਾਰਥ ਜਮ?ਹਾ ਹੋ ਗਏ ਹਨ, ਜਿਸ ਕਾਰਨ ਉਨ੍ਹਾਂ ਦੀ ਅਗਲੀ ਫ਼ਸਲ ਦੀ ਬਿਜਾਈ ਪ੍ਰਭਾਵਿਤ ਹੋ ਸਕਦੀ ਹੈ। ਇਸ ’ਤੇ ਪੰਜਾਬ ਸਰਕਾਰ ਨੇ ਕਿਸਾਨਾਂ ਦੇ ਹਿਤ ਵਿਚ ’ਜਿਸ ਦਾ ਖੇਤ, ਉਸ ਦੀ ਰੇਤ’ ਨਾਮਕ ਇਕ ਵਿਸ਼ੇਸ਼ ਸਮਾਂਬੱਧ ਯੋਜਨਾ ਦਾ ਐਲਾਨ ਕੀਤਾ ਹੈ, ਜਿਸ ਦੇ ਤਹਿਤ ਕਿਸਾਨਾਂ ਨੂੰ ਆਪਣੇ ਖੇਤਾਂ ਵਿਚੋਂ ਰੇਤ, ਸਿਲਟ ਜਾਂ ਹੋਰ ਦਰਿਆਈ ਸਮੱਗਰੀ ਹਟਾਉਣ ਦੀ ਆਗਿਆ ਦਿੱਤੀ ਗਈ ਹੈ। ਇਸ ਸਬੰਧੀ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ‘ਜਿਸ ਦਾ ਖੇਤ, ਉਸ ਦੀ ਰੇਤ’ ਦੀ ਇਹ ਸਹੂਲਤ 31 ਦਸੰਬਰ 2025 ਤੱਕ ਇਕ ਵਾਰ ਲਈ ਉਪਲਬਧ ਹੋਵੇਗੀ ਅਤੇ ਇਸ ਲਈ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦਾ ਪਰਮਿਟ ਜਾਂ ਵਿਭਾਗੀ ਇਜਾਜ਼ਤ (ਐਨ.ਓ.ਸੀ)



ਲੈਣ ਦੀ ਲੋੜ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਇਹ ਵਿਵਸਥਾ ਪੰਜਾਬ ਮਾਈਨਰ ਮਿਨਰਲ ਰੂਲਜ਼, 2013 ਦੇ ਨਿਯਮ 90 ਅਧੀਨ ਲਾਗੂ ਕੀਤੀ ਗਈ ਹੈ। ਡਿਪਟੀ ਕਮਿਸ਼ਨਰ ਨੇ ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਸ ਯੋਜਨਾ ਬਾਰੇ ਜਾਣਕਾਰੀ ਸਾਰੇ ਕਿਸਾਨਾਂ ਅਤੇ ਜ਼ਮੀਨ ਮਾਲਕਾਂ ਤੱਕ ਵਿਆਪਕ ਪੱਧਰ ’ਤੇ ਪਹੁੰਚਾਈ ਜਾਵੇ। ਉਨ੍ਹਾਂ ਸਪਸ਼ਟ ਕੀਤਾ ਕਿ ਖੇਤਾਂ ਵਿਚੋਂ ਰੇਤ ਜਾਂ ਗਾਰ ਕੱਢਣ ਦੀ ਇਸ ਗਤੀਵਿਧੀ ਨੂੰ ‘ਮਾਈਨਿੰਗ’ ਨਹੀਂ ਮੰਨਿਆ ਜਾਵੇਗਾ। ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਕਿਹਾ ਕਿ ਇਹ ਕਦਮ ਕਿਸਾਨਾਂ ਨੂੰ ਅਗਲੀ ਬਿਜਾਈ ਲਈ ਜ਼ਮੀਨ ਤਿਆਰ ਕਰਨ ਵਿਚ ਮਦਦ ਕਰੇਗਾ ਅਤੇ ਉਨ੍ਹਾਂ ਦੀ ਵਿੱਤੀ ਸਥਿਤੀ ਨੂੰ ਸੰਭਾਲਣ ਵਿਚ ਮਦਦਗਾਰ ਸਾਬਤ ਹੋਵੇਗਾ। ਉਨ੍ਹਾਂ ਅਧਿਕਾਰੀਆਂ ਨੂੰ ਇਸ ਸਬੰਧ ਵਿਚ ਪਾਰਦਰਸ਼ਤਾ, ਜਲਦੀ ਅਤੇ ਜ਼ਿੰਮੇਵਾਰੀ ਨਾਲ ਕੰਮ ਕਰਨ ਦੇ ਨਿਰਦੇਸ਼ ਦਿੱਤੇ।

## ਦਾਜ ਦੀ ਮੰਗ ਨੂੰ ਲੈ ਕੇ ਵਿਆਹੁਤਾ ਨੂੰ ਸਾੜ ਕੇ ਮਾਰਨ ਦੀ ਕੋਸ਼ਿਸ਼, 3 ਖ਼ਿਲਾਫ਼ ਪਰਚਾ

ਫਿਰੋਜ਼ਪੁਰ 1 ਅਕਤੂਬਰ। ਦਾਜ ਦੀ ਮੰਗ ਨੂੰ ਲੈ ਕੇ ਵਿਆਹੁਤਾ ਨੂੰ ਸਾੜ ਕੇ ਮਾਰਨ ਦੀ ਕੋਸ਼ਿਸ਼ ਕਰਨ ਵਾਲੇ ਤਿੰਨ ਮੁਲਜ਼ਮਾਂ ਦੇ ਖ਼?ਲਾਫ਼ ਥਾਣਾ ਕੁੱਲਗੜੀ ਪੁਲਸ ਨੇ ਪਰਚਾ ਦਰਜ ਕੀਤਾ ਹੈ। ਮਾਮਲਾ ਪਿੰਡ ਨੂਰਪੁਰ ਸੇਠਾਂ ਦਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ’ਚ ਦੇਸਰਾਜ ਪਿੰਡ ਰੁਕਨਾ ਮੁੰਗਲਾ ਨੇ ਦੱਸਿਆ ਕਿ ਉਸ ਦੀ ਧੀ ਕਾਜਲ ਦਾ ਵਿਆਹ ਮਨਪ੍ਰੀਤ ਸਿੰਘ ਵਾਸੀ ਨੂਰਪੁਰ ਸੇਠਾਂ ਦੇ ਨਾਲ ਹੋਇਆ ਹੈ। ਉਸ ਨੇ ਦੋਸ਼ ਲਾਏ ਕਿ ਵਿਆਹ ਤੋਂ ਬਾਅਦ ਹੀ ਪਤੀ ਮਨਪ੍ਰੀਤ ਸਿੰਘ, ਸੱਸ ਗੁਰਮੀਤ ਕੌਰ ਅਤੇ ਸਹੁਰੇ ਜਗਜੀਤ ਸਿੰਘ ਵੱਲੋਂ ਉਸ ਦੀ ਧੀ ਨੂੰ ਦਾਜ ਦੀ ਮੰਗ ਨੂੰ ਲੈ ਕੇ ਤੰਗ ਕੀਤਾ ਜਾ ਰਿਹਾ ਹੈ। ਉਸ ਨੇ ਦੱਸਿਆ ਕਿ ਐਤਵਾਰ ਤਿੰਨਾਂ ਨੇ ਦਾਜ ਦੀ ਮੰਗ ਨੂੰ ਲੈ ਕੇ ਕਾਜਲ ਦੀ ਕੁੱਟਮਾਰ ਕੀਤੀ ਤੇ ਉਸ ਨੂੰ ਸਾੜ ਕੇ ਮਾਰਨ ਦੀ ਕੋਸ਼ਿਸ਼ ਕੀਤੀ। ਕਾਜਲ ਇਸ ਵੇਲੇ ਸ਼ਹਿਰ ਦੇ ਨਿੱਜੀ ਹਸਪਤਾਲ ’ਚ ਦਾਖ਼ਲ ਹੈ। ਥਾਣਾ ਕੁੱਲਗੜੀ ਦੇ ਐੱਸ. ਆਈ. ਨਿਰਮਲ ਸਿੰਘ ਦੇ ਅਨੁਸਾਰ ਹਸਪਤਾਲ ’ਚ ਧੀ ਦੀ ਹਾਲਤ ਦੇਖਣ ਤੋਂ ਬਾਅਦ ਉਕਤ ਤਿੰਨਾਂ ਦੇ ਖ਼?ਲਾਫ਼ ਪਰਚਾ ਦਰਜ ਕਰ ਲਿਆ ਗਿਆ ਹੈ ਅਤੇ ਉਨ੍ਹਾਂ ਦੀ ਭਾਲ ਕੀਤੀ ਜਾ ਰਹੀ ਹੈ।

## ਸੋਨਾਲਿਕਾ ਗਰੁੱਪ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ 4.5 ਕਰੋੜ ਦੀ ਕੀਤੀ ਗਈ ਮਦਦ

ਚੰਡੀਗੜ੍ਹ 1 ਅਕਤੂਬਰ। ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਦੱਸਿਆ ਕਿ ਸੋਨਾਲਿਕਾ ਲੀਡਿੰਗ ਐਗਰੀ ਐਵੋਲੂਸ਼ਨ ਫਰਮ ਵੱਲੋਂ ਪਹਿਲਾਂ ਹੀ ਪੰਜਾਬ ਦੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਲਗਭਗ 4.5 ਕਰੋੜ ਰੁਪਏ ਦਾ ਯੋਗਦਾਨ ਪਾ ਗਿਆ ਹੈ। ਇਸ ਤੋਂ ਇਲਾਵਾ ਹੜ੍ਹਾਂ ਦੀ ਮਾਰੇ ਹੇਠ ਆਏ ਇਲਾਕਿਆਂ ਨੂੰ ਹੋਰ ਇਮਦਾਦ ਦੇਣ ਲਈ ਸੋਨਾਲਿਕਾ ਫਰਮ ਨੇ ਮਿਸ਼ਨ ਚੜ੍ਹਦੀ ਕਲਾ ਤਹਿਤ ਮੁੱਖ ਮੰਤਰੀ ਰੰਗਲਾ ਪੰਜਾਬ ਫੰਡ ਵਿੱਚ ਪੰਜਾਹ ਲੱਖ ਰੁਪਏ ਦਿੱਤੇ ਹਨ। ਇਸ ਸਬੰਧ ਵਿੱਚ ਸੋਨਾਲਿਕਾ ਫਰਮ ਦੇ ਸੀਨੀਅਰ ਉੱਪ ਪ੍ਰਧਾਨ( ਕਾਰਪੋਰੇਟ ਰਿਲੇਸ਼ਨਜ਼) ਜੇ. ਐੱਸ. ਚੌਹਾਨ ਅਤੇ ਸੀਨੀਅਰ ਉੱਪ ਪ੍ਰਧਾਨ (ਅਕਾਊਂਟਸ ਐਂਡ ਫਾਈਨਾਂਸ) ਰਜਨੀਸ਼ ਜੈਨ ਨੇ ਨਿੱਜੀ ਤੌਰ ’ਤੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੂੰ 50 ਲੱਖ ਰੁਪਏ ਦੀ ਰਕਮ ਦਾ ਚੈੱਕ ਸੌਂਪਿਆ। ਇਸ ਤੋਂ ਇਲਾਵਾ ਸੋਨਾਲੀਕਾ ਲੀਡਿੰਗ ਐਗਰੀ ਐਵੋਲੂਸ਼ਨ ਫਰਮ ਵੱਲੋਂ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਨੂੰ ਐਮਰਜੈਂਸੀ ਸਿਹਤ ਸਹੂਲਤਾਂ ਨਾਲ ਪੂਰੀ ਤਰ੍ਹਾਂ ਲੈਸ 12 ਐਂਬੂਲੈਂਸਾਂ ਵੀ ਦਾਨ ਕੀਤੀਆਂ ਜਾ ਰਹੀਆਂ ਹਨ। ਇਹ ਐਂਬੂਲੈਂਸਾਂ ਬ੍ਰਾਂਡਿੰਗ ਪ੍ਰਕਿਰਿਆ ਅਧੀਨ ਹਨ ਅਤੇ ਅਗਲੇ 2-3 ਦਿਨਾਂ ਵਿੱਚ ਡਿਲੀਵਰ ਕਰ ਦਿੱਤੀਆਂ ਜਾਣਗੀਆਂ।

# ਜਲੰਧਰ ਪੁਲਸ ਵੱਲੋਂ ਵੱਡੀ ਕਾਰਵਾਈ: ਬਦਨਾਮ ਨਸ਼ਾ ਤਸਕਰ ਦੀ 52.86 ਲੱਖ ਦੀ ਜਾਇਦਾਦ ਜ਼ਬਤ

**ਕੌਮੀ ਪਤ੍ਰਿਕਾ**

ਜਲੰਧਰ 1 ਅਕਤੂਬਰ। ਨਸ਼ਾ ਤਸਕਰਾਂ ’ਤੇ ਨਕੇਲ ਕੱਸਦੇ ਹੋਏ ਕਮਿਸ਼ਨਰੇਟ ਪੁਲਸ ਜਲੰਧਰ ਨੇ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਦੀ ਅਗਵਾਈ ਹੇਠ ਇਕ ਨਸ਼ਾ ਤਸਕਰ ਦੀ 52,86,286 ਦੀ ਚਲ-ਅਚਲ ਸੰਪਤੀ ਜ਼ਬਤ ਕੀਤੀ ਹੈ। ਵੇਰਵਾ ਸਾਂਝਾ ਕਰਦੇ ਹੋਏ ਪੁਲਸ ਕਮਿਸ਼ਨਰ ਨੇ ਦੱਸਿਆ ਕਿ ਮੁਕੱਦਮਾ ਨੰਬਰ 122 ਮਿਤੀ 20 ਮਈ 2025 ਨੂੰ ਧਾਰਾ 21(*)/27-1 NDPS ਐਕਟ ਤਹਿਤ ਪੁਲਸ ਸਟੇਸ਼ਨ ਡਿਵੀਜ਼ਨ ਨੰਬਰ 8, ਜਲੰਧਰ ’ਚ ਦਰਜ ਕੀਤੀ ਗਈ ਸੀ, ਜਿਸ ’ਚ ਦੋਸ਼ੀ ਬਰਿੰਦਰ ਸਿੰਘ ਉਰਫ਼ ਬੱਬੂ ਪੁੱਤਰ ਦਵਿੰਦਰ ਸਿੰਘ, ਨਿਵਾਸੀ ਨਿਊ ਅਮਰ ਨਗਰ, ਜਲੰਧਰ (ਹਾਲ ਵਾਸੀ ਮਕਾਨ ਨੰਬਰ 38, ਸੁਖਮਨੀ ਐਨਕਲੇਵ, ਬੰਗਾ ਰੋਡ, ਫਗਵਾੜਾ, ਜ਼ਿਲ੍ਹਾ ਕਪੂਰਥਲਾ) ਤੋਂ 1 ਕਿਲੋ ਹੈਰੋਇਨ ਬਰਾਮਦ ਹੋਈ ਸੀ। ਉਨ੍ਹਾਂ ਨੇ ਕਿਹਾ ਕਿ ਜਾਂਚ ਦੌਰਾਨ ਸਾਹਮਣੇ ਆਇਆ ਕਿ ਇਸ ਨਸ਼ਾ ਤਸਕਰ ਨੇ ਨਸ਼ੇ ਦੇ ਕਾਰੋਬਾਰ ਦੇ ਪੈਸਿਆਂ ਨਾਲ ਸੰਪਤੀ ਅਤੇ ਵਾਹਨ ਖ਼ਰੀਦ ਕੇ ਚੱਲ-ਅਚੱਲ ਜਾਇਦਾਦ ਬਣਾਈ ਹੈ। ਇਸ ਤੋਂ ਬਾਅਦ ਪੁਲਸ ਵੱਲੋਂ ਜਾਇਦਾਦ ਜ਼ਬਤ ਕਰਨ ਦੀ ਕਾਰਵਾਈ ਸ਼ੁਰੂ ਕੀਤੀ ਗਈ ਅਤੇ ਸੰਬੰਧਤ



ਅਧਿਕਾਰੀ ਵੱਲੋਂ ਸੰਪਤੀ ਅਤੇ ਵਾਹਨ ਜ਼ਬਤ ਕਰਨ ਦੇ ਹੁਕਮ ਪ੍ਰਾਪਤ ਹੋ ਚੁੱਕੇ ਹਨ। ਉਨ੍ਹਾਂ ਨੇ ਦੱਸਿਆ ਕਿ ਜ਼ਬਤ ਕੀਤੀ ਸੰਪਤੀ ਵਿੱਚ ਰੁਪਏ 35,80,000 ਮੁੱਲ ਦਾ ਘਰ (ਜ਼ਮੀਨ+ ਨਿਰਮਾਣ) ਅਤੇ 17,06,286 ਰੁਪਏ ਦੀ ਹੁੰਡਾਈ ਕ੍ਰੇਟਾ (ਪਰਲ ਬਲੈਕ) ਸ਼ਾਮਲ ਹੈ। ਕੁੱਲ ਸੰਪਤੀ ਦਾ ਮੁੱਲ 52,86,286 ਰੁਪਏ ਬਣਦਾ ਹੈ। ਨਸ਼ਿਆਂ ਦੀ ਬੁਰਾਈ ਨੂੰ ਸ਼ਹਿਰ ਤੋਂ ਖ਼ਤਮ ਕਰਨ ਦੇ ਵਚਨ ਨੂੰ ਦੁਹਰਾਉਂਦੇ ਹੋਏ, ਉਨ੍ਹਾਂ ਨੇ ਕਿਹਾ ਕਿ ਜੋ ਵੀ ਵਿਅਕਤੀ ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਲ ਹੋਏ, ਉਨ੍ਹਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਨਸ਼ੇ ਦੇ ਪੈਸਿਆਂ ਨਾਲ ਖ਼ਰੀਦੀ ਕੋਈ ਵੀ ਸੰਪਤੀ ਜਾਂ ਵਾਹਨ ਜ਼ਬਤ ਕਰ ਲਿਆ ਜਾਵੇਗਾ।

## ਘਰ ਦੇ ਬਾਹਰ ਖੜ੍ਹੀ ਕਾਰ ਦਾ ਸ਼ੀਸ਼ਾ ਤੋੜ ਕੇ ਨਕਦੀ ਅਤੇ ਗਹਿਣੇ ਚੋਰੀ

ਚੰਡੀਗੜ੍ਹ 1 ਅਕਤੂਬਰ। ਚੋਰ ਸੈਕਟਰ-38 ’ਚ ਘਰ ਦੇ ਬਾਹਰ ਖੜ੍ਹੀ ਕਾਰ ਦਾ ਸ਼ੀਸ਼ਾ ਤੋੜ ਕੇ ਨਕਦੀ ਤੇ ਸੋਨੇ ਦੇ ਗਹਿਣੇ ਚੋਰੀ ਕਰ ਫਰਾਰ ਹੋ ਗਏ। ਮਾਲਕ ਵਿਸ਼ਾਲ ਨੂੰ ਚੋਰੀ ਦਾ ਸ਼ੱਕ ਸੋਨੂੰ, ਕੁੱਲੂ ਅਤੇ ਰਮਨ ’ਤੇ ਹੈ। ਵਿਸ਼ਾਲ ਦੇ ਬਿਆਨ ਦੇ ਆਧਾਰ ’ਤੇ ਮਲੋਆ ਪੁਲਸ ਸਟੇਸ਼ਨ ਨੇ ਸੋਨੂੰ, ਰਮਨ ਅਤੇ ਹੋਰਾਂ ਖ਼?ਲਾਫ਼ ਚੋਰੀ ਦਾ ਮਾਮਲਾ ਦਰਜ ਕੀਤਾ ਹੈ। ਪੁਲਸ ਮੁਲਜ਼ਮਾਂ ਨੂੰ ਫੜਨ ਲਈ ਯਤਨ ਕਰ ਰਹੀ ਹੈ। ਸੈਕਟਰ-38 ਦੇ ਨਿਵਾਸੀ ਵਿਸ਼ਾਲ ਨੇ ਆਪਣੀ ਸ਼ਿਕਾਇਤ ’ਚ ਪੁਲਸ ਨੂੰ ਦੱਸਿਆ ਕਿ ਉਹ ਪ੍ਰਾਈਵੇਟ ਨੌਕਰੀ ਆਧਾਰ ’ਤੇ ਮਲੋਆ ਪੁਲਸ ਸਟੇਸ਼ਨ ਨੇ ਸੋਨੂੰ, ਰਮਨ ਅਤੇ ਹੋਰਾਂ ਖ਼?ਲਾਫ਼ ਚੋਰੀ ਦਾ ਮਾਮਲਾ ਦਰਜ ਕੀਤਾ ਹੈ। ਪੁਲਸ ਮੁਲਜ਼ਮਾਂ ਨੂੰ ਫੜਨ ਲਈ ਕਰਦਾ ਹੈ। ਉਸ ਨੇ 19 ਸਤੰਬਰ ਨੂੰ ਰਾਤ 10 ਵਜੇ ਆਪਣੇ ਘਰ ਦੇ ਬਾਹਰ ਕਾਰ ਖੜ੍ਹੀ ਕੀਤੀ ਸੀ। ਉਹ ਘਰ ਖਾਣਾ ਖਾ ਰਿਹਾ ਸੀ। ਇਸ ਦੌਰਾਨ ਉਸ ਨੂੰ ਕਾਰ ਦਾ ਸ਼ੀਸ਼ਾ ਟੁੱਟਣ ਦੀ ਆਵਾਜ਼ ਸੁਣਾਈ ਦਿੱਤੀ। ਜਦੋਂ ਉਹ ਘਰੋਂ ਬਾਹਰ ਗਿਆ ਤਾਂ ਸੋਨੂੰ, ਰਮਨ ਤੇ ਹੋਰ ਨੌਜਵਾਨਾਂ ਨੇ ਉਸ ਦੀ ਕਾਰ ਦਾ ਸ਼ੀਸ਼ਾ ਤੋੜ ਦਿੱਤਾ, ਸਮਾਨ ਕੱਢ ਲਿਆ ਤੇ ਫਰਾਰ ਹੋ ਗਏ। ਜਦੋਂ ਉਸ ਨੇ ਰੌਲਾ ਪਾਇਆ ਤਾਂ ਉਹ ਉਸ ਨੂੰ ਜਾਨੋਂ ਮਾਰਨ ਦੀ ਧਮਕੀ ਦੇ ਕੇ ਫਰਾਰ ਹੋ ਗਏ। ਵਿਸ਼ਾਲ ਨੇ ਇਸ ਮਾਮਲੇ ਦੀ ਸ਼ਿਕਾਇਤ ਪੁਲਸ ਨੂੰ ਕੀਤੀ। ਮਲੋਆ ਥਾਣਾ ਪੁਲਸ ਨੇ ਮੌਕੇ ’ਤੇ ਪਹੁੰਚ ਕੇ ਮਾਮਲੇ ਦੀ ਜਾਂਚ ਕੀਤੀ। ਵਿਸ਼ਾਲ ਨੇ ਪੁਲਸ ਨੂੰ ਦੱਸਿਆ ਕਿ ਉਕਤ ਨੌਜਵਾਨਾਂ ਨੇ ਉਸ ਦੀ ਕਾਰ ’ਚੋਂ 85 ਹਜ਼ਾਰ ਰੁਪਏ ਨਕਦ, ਸੋਨੇ ਦੇ ਟੌਪਸ ਅਤੇ ਮਹੱਤਵਪੂਰਨ ਦਸਤਾਵੇਜ਼ ਚੋਰੀ ਕਰ ਲਏ। ਮਲੋਆ ਪੁਲਸ ਸਟੇਸ਼ਨ ਨੇ ਚੋਰੀ ਦਾ ਮਾਮਲਾ ਦਰਜ ਕਰ ਲਿਆ ਹੈ।

# ਕਤਲ ਦੇ ਮਾਮਲੇ ’ਚ ਗ੍ਰਿਫ਼ਤਾਰ ਕੀਤੇ ਮੁਲਜ਼ਮ ਦੀ ਥਾਣੇ ’ਚ ਮੌਤ, ਪਰਿਵਾਰ ਨੇ ਲਾਏ ਵੱਡੇ ਇਲਜ਼ਾਮ

**ਕੌਮੀ ਪਤ੍ਰਿਕਾ**

ਤਰਨਤਾਰਨ 1 ਅਕਤੂਬਰ। ਤਰਨਤਾਰਨ ਦੇ ਘੜਿਆਲਾ ਪੁਲਸ ਸਟੇਸ਼ਨ ਵਿੱਚ ਅਗਵਾ ਤੇ ਕਤਲ ਮਾਮਲੇ ’ਚ ਗ੍ਰਿਫ਼ਤਾਰ ਜਸਕੀਰਤ ਸਿੰਘ ਦੀ ਸ਼ਨੀਵਾਰ ਰਾਤ ਮੌਤ ਹੋ ਗਈ। ਉਸਦੀ ਲਾਸ਼ ਨੂੰ ਹਿਰਾਸਤ ’ਚ ਲੈ ਕੇ ਪੋਸਟਮਾਰਟਮ ਲਈ ਭੇਜਿਆ ਗਿਆ ਹੈ, ਜੋ ਮੈਜਿਸਟ?ਰੇਟ ਦੀ ਨਿਗਰਾਨੀ ਹੇਠ ਹੋਵੇਗਾ। ਪਰਿਵਾਰ ਵੱਲੋਂ ਦੋਸ਼ ਲਗਾਇਆ ਗਿਆ ਹੈ ਕਿ ਪੁਲਸ ਅਧਿਕਾਰੀ ਨੇ ਹਮਲਾ ਕਰਕੇ ਉਸਦੀ ਜਾਨ ਲਈ ਹੈ। ਦੱਸ ਦੇਈਏ ਕਿ 11 ਸਤੰਬਰ ਨੂੰ ਸਵੇਰੇ 7 ਵਜੇ, ਜਦੋਂ ਸੱਜਣ ਸਿੰਘ ਆਪਣੇ ਘਰ ਤੋਂ ਆਪਣੇ ਖੇਤਾਂ ਨੂੰ ਵਾਪਸ ਆ ਰਿਹਾ ਸੀ, ਤਾਂ ਉਸ ਨੂੰ ਨਾਗੋਕੇ ਘਰਾਟ ਪਿੰਡ ਦੇ ਨੇੜੇ 42 ਕਿਲੋਮੀਟਰ ਦੂਰ ਇੱਕ ਸਕਾਰਪੀਓ ਕਾਰ ਵਿੱਚ ਸਵਾਰ ਲੋਕਾਂ ਵੱਲੋਂ ਅਗਵਾ ਕਰਕੇ ਕਤਲ ਕੀਤਾ ਗਿਆ। ਪੱਟੀ ਦੇ ਸਦਰ ਥਾਣਾ ਦੀ ਪੁਲਸ ਨੇ ਇਸ ਮਾਮਲੇ ਦੇ ਸਬੰਧ ਵਿੱਚ ਜਲੰਧਰ ਦੇ ਪਿੰਡ ਸੁੰਡਰਵਾਲਾ ਦੇ ਰਹਿਣ ਵਾਲੇ ਜਸਕੀਰਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਸੀ। ਸ਼ਨੀਵਾਰ ਰਾਤ ਨੂੰ ਘੜਿਆਲਾ ਪੁਲਸ ਸਟੇਸ਼ਨ ਵਿੱਚ ਉਸਦੀ ਮੌਤ ਹੋ ਗਈ। ਇਹ ਵੀ ਸਾਹਮਣੇ ਆਇਆ ਕਿ ਜਲੰਧਰ ਜ਼ਿਲ੍ਹੇ ਦੇ ਪਿੰਡ ਮਲਸੀਆਂ (ਸ਼ਾਹਕੋਟ ਸਬ-ਡਵੀਜ਼ਨ) ਦੇ ਇੱਕ ਪੁਲਸ ਅਧਿਕਾਰੀ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਇਸ ਵਾਰਦਾਤ



ਨੂੰ ਅੰਜਾਮ ਦਿੱਤਾ। ਸੂਤਰਾਂ ਮੁਤਾਬਕ ਅਪਰਾਧ ਕਰਨ ਤੋਂ ਬਾਅਦ, ਜਸਕੀਰਤ ਸਿੰਘ ਆਪਣੇ ਨਾਨਕੇ ਪਿੰਡ, ਚਿੱਟੀ ਪਿੰਡ (ਕਾਲਾ ਸੰਧਿਆ) ਗਿਆ ਸੀ, ਪਰ 10 ਮਿੰਟ ਬਾਅਦ ਵਾਪਸ ਆ ਗਿਆ। ਜਸਕੀਰਤ ਸਿੰਘ ਨੂੰ ਉਸਦੇ ਮਾਮੇ ਦੇ ਪੁੱਤਰ ਦਵਿੰਦਰ ਸਿੰਘ ਨੇ ਪਨਾਹ ਦਿੱਤੀ ਸੀ, ਜਿਸਨੂੰ ਹੁਣ ਸਥਾਨਕ ਪੁਲਸ ਨੇ ਗ੍ਰਿਫਤਾਰ ਕਰਕੇ ਕੇਂਦਰੀ ਜੇਲ੍ਹ ਗੋਇੰਦਵਾਲ ਸਾਹਿਬ ਭੇਜ ਦਿੱਤਾ ਹੈ।

### ਯੂਨਿਵਰਸਿਟੀਆਂ ਵਿੱਚ ਸਿੱਖਲਾਈ, ਸਿਹਤ ਅਤੇ ਖੇਡ ’ਤੇ ਦਿੱਤਾ ਜਾਵੇ ਵੱਧ ਧਿਆਨ-ਪੇਰਫ਼ੇਸਰ ਅਸੀਮ ਕੁਮਾਰ ਘੋਸ਼

ਚੰਡੀਗੜ੍ਹ, 1 ਅਕਤੂਬਰ: ਹਰਿਆਣਾ ਦੇ ਰਾਜਪਾਲ ਪ੍ਰੋਫ਼ੈਸਰ ਅਸੀਮ ਕੁਮਾਰ ਘੋਸ਼ ਨੇ ਕਿਹਾ ਕਿ ਹਰਿਆਣਾ ਦੇਸ਼ ਵਿੱਚ ਖੇਡਾਂ ਦੇ ਖੇਤਰ ਵਿੱਚ ਆਪਣੀ ਸ਼ਾਨਦਾਰ ਪੱਛਾਣ ਰੱਖਦਾ ਹੈ। ਯੂਨਿਵਰਸਿਟੀ ਕਾਂਪਲੈਕਸ ਵਿੱਚ ਆਧੁਨਿਕ ਖੇਡ ਸਹੂਲਤਾਵਾਂ ਵਿਕਸਿਤ ਕਰਨਾ ਅਤੇ ਵਿਦਿਆਰਥੀਆਂ ਨੂੰ ਖੇਡਾਂ ਪ੍ਰਤੀ ਪ੍ਰੋਤਸਾਹਿਤ ਕਰਨਾ ਸਮੇ ਦੀ ਮੰਗ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਯੂਨਿਵਰਸਿਟੀਆਂ ਨੂੰ ਆਪਣੇ ਵਿਦਿਆਰਥੀਆਂ ਅਤੇ ਕਰਮਚਾਰੀਆਂ ਦੀ ਸਿਹਤ ਨੂੰ ਪ੍ਰਾਥਮਿਕਤਾ ਦਿੰਦੇ ਹੋਏ ਬੇਹਤਰ ਸਿਹਤ ਸਹੂਲਤਾਂ ਦਾ ਪ੍ਰਾਵਧਾਨ ਕਰਨਾ ਚਾਹੀਦਾ ਹੈ। ਅੱਜ ਇੱਥੇ ਹਰਿਆਣਾ ਦੀ ਯੂਨਿਵਰਸਿਟੀਆਂ ਵਿੱਚ ਸਿੱਖਿਆ, ਕੌਸ਼ਲ, ਖੇਡ, ਸਿਹਤ ਅਤੇ ਵਾਤਾਵਰਣ ਜਿਹੇ ਖੇਤਰਾਂ ਵਿੱਚ ਨਵੇਂ ਆਯਾਮ ਜੋੜਨ ਦੇ ਟੀਚੇ ਨਾਲ ਹਰਿਆਣਾ ਰਾਜਭਵਨ ਵਿੱਚ ਰਾਜ ਦੀ ਸਾਰੀ ਯੂਨਿਵਰਸਿਟੀਆਂ ਦੇ ਵਾਇਸ ਚਾਂਸਲਰ ਅਤੇ ਰਜਿਸਟ?ਰਾਰ ਦੀ ਦੋ ਦਿਨਾਂ ਦੀ ਮੀਟਿੰਗ ਆਯੋਜਿਤ ਕੀਤੀ ਗਈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਵਿਧਾਨ ਸਭਾ ’ਚ ਬੋਲੀ ਅਰੁਣਾ ਚੌਧਰੀ, ਹੜ੍ਹਾਂ ਕਾਰਣ ਹੋਈ ਭਾਰੀ ਤਬਾਹੀ, ਸਰਕਾਰ ਤੋਂ ਕੀਤੀ ਇਹ ਮੰਗ

ਕੌਮੀ ਪਤ੍ਰਿਕਾ

ਚੰਡੀਗੜ੍ਹ 1 ਅਕਤੂਬਰ। ਵਿਧਾਨ ਸਭਾ ਵਿਚ ਵਿਧਾਇਕਾ ਅਰੁਣਾ ਚੌਧਰੀ ਨੇ ਹੜ੍ਹਾਂ ਦੌਰਾਨ ਗੁਰਦਾਸਪੁਰ ’ਚ ਹੋਏ ਵੱਡੇ ਨੁਕਸਾਨਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਪੰਜਾਬ ਅੰਦਰ ਸਭ ਤੋਂ ਵੱਡੀ ਤਰਾਸਦੀ ਗੁਰਦਾਸਪੁਰ ’ਚ ਹੋਈ ਹੈ, ਜਿਸ ਨਾਲ ਇੱਥੇ ਬੇਹੱਦ ਤਬਾਹੀ ਆਈ ਹੈ। ਉਨ੍ਹਾਂ ਕਿਹਾ ਕਿ ਜਦੋਂ ਵੀ ਸਰਹੱਦ ‘ਤੇ ਤਣਾਅ ਜਾਂ ਲੜਾਈ ਦੀ ਸਥਿਤੀ ਬਣਦੀ ਹੈ ਤਾਂ ਵੀ ਗੁਰਦਾਸਪੁਰ ਦੇ ਲੋਕਾਂ ਨੂੰ ਆਪਣੇ ਘਰ ਛੱਡ ਕੇ ਜਾਣਾ ਪੈਂਦਾ ਹੈ। ਉਨ੍ਹਾਂ ਦੱਸਿਆ ਕਿ ਇਸ ਵਾਰੀ ਹੜ੍ਹਾਂ ਕਾਰਨ ਪੰਜਾਬ ’ਚ ਕਰੀਬ 5 ਹਜ਼ਾਰ ਏਕੜ ਜ਼ਮੀਨ ਅਤੇ ਸਿਰਫ਼ ਗੁਰਦਾਸਪੁਰ ਜ਼ਿਲ੍ਹੇ ’ਚ ਸਵਾ ਲੱਖ ਏਕੜ ਜ਼ਮੀਨ ਬਰਬਾਦ ਹੋਈ ਹੈ। ਗੁਰਦਾਸਪੁਰ ਦੇ 350 ਪਿੰਡ ਇਸ ਦੀ ਲਪੇਟ ’ਚ ਆਏ ਹਨ। ਕੇਵਲ ਦੀਨਾਨਗਰ ਖੇਤਰ ’ਚ ਹੀ ਕਰੀਬ 900 ਘਰ ਡਿੱਗ ਗਏ ਹਨ। ਇਸ ਤਰ੍ਹਾਂ ਦੀ ਵੱਡੀ ਤਬਾਹੀ ਦੇ ਬਾਵਜੂਦ ਵੀ ਲੋਕਾਂ ਦਾ ਜਜ਼ਬਾ ਕਾਇਮ ਹੈ। ਅਰੁਣਾ ਚੌਧਰੀ ਨੇ ਸਿੰਚਾਈ ਮੰਤਰੀ ਬਰਿੰਦਰ ਗੋਇਲ ਦੇ ਇਸ ਬਿਆਨ ਨਾਲ ਅਸਹਿਮਤੀ ਜਤਾਈ ਕਿ ਪੱਕੇ ਬੰਨ੍ਹਾਂ ਦੇ ਨਿਰਮਾਣ ‘ਤੇ 250 ਕਰੋੜ ਰੁਪਏ ਖਰਚ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਅਸੀਂ ਖੁਦ ਪ੍ਰਭਾਵਿਤ ਖੇਤਰਾਂ ਵਿੱਚ ਗਏ ਪਰ ਉੱਥੇ ਇਸ ਤਰ੍ਹਾਂ ਦੀ ਕੋਈ ਵਿਵਸਥਾ ਨਹੀਂ ਹੈ। ਉਨ੍ਹਾਂ ਨੇ ਮੁੱਖ ਮੰਤਰੀ ਵੱਲੋਂ ਪ੍ਰਤੀ ਏਕੜ 20 ਹਜ਼ਾਰ ਰੁਪਏ ਮਦਦ ਦਾ ਐਲਾਨ ਕਾਫੀ ਨਾ ਹੋਣ ਦੱਸਦਿਆਂ ਕਿਹਾ ਕਿ ਇਹ ਰਕਮ ਘੱਟੋ-ਘੱਟ



50 ਹਜ਼ਾਰ ਰੁਪਏ ਪ੍ਰਤੀ ਏਕੜ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਇਹ ਪਾਲਿਸੀ ਤਾਂ ਚੰਗੀ ਹੈ ਕਿ “ਜਿਸ ਦਾ ਖੇਤ, ਉਸ ਦੀ ਰੇਤ , ਪਰ ਮੁੱਦਾ ਇਹ ਵੀ ਹੈ ਕਿ ਦਰਿਆ ਪਿੰਡਾਂ ਦੇ ਉਪਰੋਂ ਲੰਘ ਗਿਆ ਹੈ, ਜਿਸ ਨਾਲ ਜ਼ਮੀਨ ਤਬਾਹ ਹੋਈ ਹੈ। ਇਸ ਲਈ ਸਰਕਾਰ ਨੂੰ ਦੱਸਣਾ ਚਾਹੀਦਾ ਹੈ ਕਿ ਇਸ ਮਾਮਲੇ ਲਈ ਕੀ ਪਾਲਿਸੀ ਹੈ? ਉਨ੍ਹਾਂ ਨੇ ਇਹ ਵੀ ਦੱਸਿਆ ਕਿ ਇਨ੍ਹਾਂ ਖੇਤਰਾਂ ਵਿੱਚ ਗੈਰ-ਕਾਨੂੰਨੀ ਰੇਤ ਮਾਇਨਿੰਗ ਵੀ ਸ਼ੁਰੂ ਹੋ ਗਈ ਹੈ। ਵਿਧਾਇਕਾ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਇਹ ਸਪਸ਼ਟ ਕੀਤਾ ਜਾਵੇ ਕਿ ਪ੍ਰਾਈਵੇਟ ਮਾਲਕ ਕਿੰਨੀ ਜਗ?ਹਾ ਛੱਡ ਕੇ ਮਾਇਨਿੰਗ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਮਕੌੜਾ ਪੱਤਣ, ਉੱਜ ਅਤੇ ਰਾਵੀ ਦਰਿਆ ਬਰਸਾਤ ਦੇ ਮੌਸਮ ਵਿੱਚ ਹਮੇਸ਼ਾ ਵੱਡੀ ਤਬਾਹੀ ਲਿਆਉਂਦੇ ਹੈ। ਇਸ ਲਈ ਉੱਥੇ ਪੱਕਾ ਪੁਲ ਬਣਾਉਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਇਸ ਪੁਲ ਲਈ ਕੇਂਦਰ ਸਰਕਾਰ ਵੱਲੋਂ ਸੈਂਟਰ ਰੋਡ ਇਨਫਰਾਸਟਰੱਕਚਰ ਸਕੀਮ ਹੇਠ 100 ਕਰੋੜ 48 ਲੱਖ ਰੁਪਏ ਮਨਜ਼ੂਰ ਕੀਤੇ ਗਏ ਸਨ, ਪਰ ਚਾਰ ਸਾਲ ਬੀਤ ਜਾਣ ਦੇ ਬਾਵਜੂਦ ਵੀ ਅੱਜ ਤੱਕ ਪੱਕਾ ਪੁਲ ਨਹੀਂ ਬਣ ਸਕਿਆ। ਇਸ ਕਰਕੇ ਦਰਿਆ ਪਾਰ ਰਹਿੰਦੇ 9 ਪਿੰਡਾਂ ਦੇ ਲੋਕਾਂ ਨੂੰ ਸਭ ਤੋਂ ਵੱਧ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਾਲ ਹੀ ’ਚ ਉਨ੍ਹਾਂ ਨੂੰ 4 ਦਿਨ ਬਾਅਦ ਪੀਣ ਵਾਲਾ ਪਾਣੀ ਹੈਲੀਕਾਪਟਰ ਰਾਹੀਂ ਪਹੁੰਚਾਇਆ ਗਿਆ। ਜੇਕਰ ਉੱਥੇ ਪੱਕਾ ਪੁਲ ਬਣਿਆ ਹੁੰਦਾ ਤਾਂ ਇਨ੍ਹਾਂ ਲੋਕਾਂ ਨੂੰ ਅਜਿਹੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪੈਂਦਾ।

## 3 ਅਕਤੂਬਰ ਨੂੰ ਮੁੱਖ ਮੰਤਰੀ ਮਾਨ ਇਸ ਜ਼ਿਲ੍ਹੇ ਨੂੰ ਦੇਣਗੇ ਤੋਹਫ਼ਾ

ਝਬਾਲ 1 ਅਕਤੂਬਰ। ਤਰਨਤਾਰਨ ਹਲਕੇ ਵਿਚ ਹੋਣ ਜਾ ਰਹੀ ਜ਼ਿਮਨੀ ਚੋਣ ਦੇ ਐਲਾਨ ਤੋਂ ਪਹਿਲਾਂ ਪੰਜਾਬ ਸਰਕਾਰ ਨੇ ਤਿਆਰੀਆਂ ਸ਼ੁਰੂ ਕਰਦਿਆਂ ਹਲਕੇ ਦੇ ਕਸਬਾ ਝਬਾਲ ਵਿਖੇ 3 ਅਕਤੂਬਰ ਨੂੰ ਵੱਡੀ ਵਿਕਾਸ ਰੈਲੀ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬ ਮੰਡੀ ਬੋਰਡ ਅਤੇ ਲੋਕ ਨਿਰਮਾਣ ਵਿਭਾਗਾਂ ਨਾਲ ਸਬੰਧਤ ਬਹੁ-ਕਰੋੜੀ ਵਿਕਾਸ ਕਾਰਜਾਂ ਦਾ ਉਦਘਾਟਨ ਕਰਨਗੇ। ਜਿਸ ਸਬੰਧੀ ਅੱਜ ਡਿਪਟੀ ਕਮਿਸ਼ਨਰ ਰਾਹੁਲ ਅਤੇ ਐੱਸ.ਐੱਸ.ਪੀ ਤਰਨਤਾਰਨ ਨੇ ਸਾਬਕਾ ਵਿਧਾਇਕ ਹਰਮੀਤ ਸਿੰਘ ਸੰਧੂ ਦੇ ਨਾਲ ਕਸਬਾ ਝਬਾਲ ਵਿਚ ਹੋਣ ਵਾਲੇ ਸਮਾਗਮ ਦੇ ਸਥਾਨ ਦਾ ਨਿਰੀਖਣ ਕੀਤਾ। ਕੁੱਲ ਮਿਲਾ ਕੇ ਹਲਕਾ ਤਰਨਤਾਰਨ ਨਾਲ ਸਬੰਧਤ ਵੱਖ-ਵੱਖ ਕੰਮਾਂ ਲਈ ਸਰਕਾਰ ਵੱਲੋਂ ਲੱਗਭਗ 100 ਕਰੋੜ ਦੇ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ।

## ਤਰਨਤਾਰਨ ਅਦਾਲਤ ਦੇ ਫ਼ੈਸਲੇ ਖ਼?ਲਾਫ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਪਹੁੰਚੇ ਹਾਈਕੋਰਟ

ਚੰਡੀਗੜ੍ਹ 1 ਅਕਤੂਬਰ। ਆਮ ਆਦਮੀ ਪਾਰਟੀ ਦੇ ਹਲਕਾ ਖਡੂਰ ਸਾਹਿਬ ਤੋਂ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੇ ਤਰਨਤਾਰਨ ਅਦਾਲਤ ਤੋਂ ਮਿਲੀ ਚਾਰ ਸਾਲ ਦੀ ਸਜ਼ਾ ਦੇ ਖ਼?ਲਾਫ਼ ਹਾਈਕੋਰਟ ਦਾ ਦਰਵਾਜ਼ਾ ਖੜਕਾਇਆ ਹੈ। ਉਨ੍ਹਾਂ ਨੇ ਮਾਣਯੋਗ ਹਾਈਕੋਰਟ ਵਿਚ ਅਪੀਲ ਦਾਇਰ ਕਰਦਿਆਂ ਆਪਣੀ ਸਜ਼ਾ ’ਤੇ ਰੋਕ ਲਗਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਦੇ ਵਕੀਲ ਨੇ ਕਿਹਾ ਕਿ ਜੇਕਰ ਉਨ੍ਹਾਂ ਦੀ ਸਜ਼ਾ ’ਤੇ ਰੋਕ ਨਹੀਂ ਲਗਾਈ ਜਾਂਦੀ ਤਾਂ ਉਹ ਆਪਣੀ ਵਿਧਾਨ ਸਭਾ ਮੈਂਬਰਸ਼ਿਪ ਗੁਆ ਸਕਦੇ ਹਨ। ਅਦਾਲਤ ਨੇ ਲਾਲਪੁਰਾ ਦੀ ਪਟੀਸ਼ਨ ’ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਦਿਆਂ 1 ਅਕਤੂਬਰ ਤੱਕ ਜਵਾਬ ਦੇਣ ਦਾ ਹੁਕਮ ਦਿੱਤਾ ਗਿਆ ਹੈ।

# ਨਸ਼ੇ ਦਾ ਸੇਵਨ ਕਰਦਾ ਚੜ੍ਹਿ ਆ ਪੁਲਸ ਅੜਿੱਕੇ

ਬੰਗਾ 1 ਅਕਤੂਬਰ। ਥਾਣਾ ਸਿਟੀ ਬੰਗਾ ਪੁਲਸ ਵੱਲੋਂ ਨਸ਼ੇ ਦਾ ਸੇਵਨ ਕਰਦੇ ਇਕ ਵਿਅਕਤੀ ਨੂੰ ਕਾਬੂ ਕਰ ਮਾਮਲਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਥਾਣਾ ਸਿਟੀ ਬੰਗਾ ਦੇ ਐੱਸ. ਐੱਚ. ਓ. ਐੱਸ. ਆਈ. ਚੌਧਰੀ ਵਰਿੰਦਰ ਕੁਮਾਰ ਨੇ ਦੱਸਿਆ ਕਿ ਏ. ਐੱਸ. ਆਈ. ਵਿਜੈ ਕੁਮਾਰ ਸਮੇਤ ਹੋਰ ਪੁਲਸ ਪਾਰਟੀ ਜਰਨਲ ਚੈਕਿੰਗ ਅਤੇ ਗਸ਼ਤ ਦੌਰਾਨ ਥਾਣਾ ਸਿਟੀ ਬੰਗਾ ਤੋਂ ਪਿੰਡ ਹੱਪੋਵਾਲ ਪੁਲੀ ਵੱਲ ਨੂੰ ਜਾ ਰਹੇ ਸੀ। ਉਨ੍ਹਾਂ ਦੱਸਿਆ ਜਦੋਂ ਉਨ੍ਹਾਂ ਦੀ ਪੁਲਸ ਪਾਰਟੀ ਹੱਪੋਵਾਲ ਪੁੱਲੀ ਸੂਆ ਪਾਸ ਪੁੱਜੀ ਤਾਂ ਪੁਲੀ ਨੇੜੇ ਬਣੇ ਇਕ ਬੱਸ ਸਟੈਂਡ ਨੁਮਾ ਬਣੇ ਕਮਰੇ ’ਚ ਇਕ ਨੌਜਵਾਨ ਬੈਠਾ ਵਿਖਾਈ ਦਿੱਤਾ। ਉਨ੍ਹਾਂ ਦੱਸਿਆ ਏ. ਐੱਸ. ਆਈ. ਵਿਜੇ ਕੁਮਾਰ ਨੇ ਗੱਡੀ ਰੁਕਵਾ ਕੇ ਜਦੋਂ ਸ਼ੱਕ ਦੇ ਬਿਨਾਂ ਉਕਤ ਵਿਅਕਤੀ ਦਾ ਨਾਮ ਪੁੱਛਿਆ ਤਾਂ ਉਸ ਨੇ ਆਪਣਾ ਨਾਮ ਪਰਵਿੰਦਰ ਸਿੰਘ ਪੁੱਤਰ ਸੋਹਣ ਲਾਲ ਨਿਵਾਸੀ ਪਿੰਡ ਭੂਤਾ ਦੱਸਿਆ। ਉਨ੍ਹਾਂ ਦੱਸਿਆ ਜਦੋਂ ਏ. ਐੱਸ. ਆਈ. ਵੱਲੋਂ ਉਸ ਨੂੰ ਉੱਥੇ ਬੈਠਣ ਦਾ ਕਾਰਨ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਹ ਨਸ਼ਾ ਕਰਨ ਦਾ ਆਦੀ ਹੈ ਅਤੇ ਉਹ ਕਮਰੇ ਅੰਦਰ ਬੈਠ ਕੇ ਨਸ਼ਾ ਕਰ ਰਿਹਾ ਹੈ। ਉਨ੍ਹਾਂ ਦੱਸਿਆ ਜਦੋਂ ਪੁਲਸ ਪਾਰਟੀ ਵੱਲੋਂ ਉਸ ਦੀ ਜਾਂਚ ਕੀਤੀ ਤਾਂ ਉਸ ਕੋਲੋਂ ਇਕ ਸਿਲਵਰ ਹੈਰੋਇਨ ਅਲੂਦ ਪੰਨੀ, ਇਕ ਲਾਈਟਰ ,ਇਕ ਪਾਣੀ ਦੀ ਛੋਟੀ ਬੋਤਲ ਅਤੇ 10 ਰੁਪਏ ਦੀ ਬਣਾਈ ਹੋਈ ਪਾਈਪ ਬਰਾਮਦ ਹੋਈ, ਜਿਸ ਤੋਂ ਬਾਅਦ ਉਸ ਨੂੰ ਕਾਬੂ ਕਰਕੇ ਥਾਣਾ ਲਿਆਂਦਾ ਗਿਆ ਅਤੇ ਉਸ ਖ਼?ਲਾਫ਼ ਮਾਮਲਾ ਦਰਜ ਕਰ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ।


**ਉੱਤਰ ਰੇਲਵੇ**

**ਨਿਵਿਦਾ ਸੂਚਨਾ**

ਮੁੱਖ ਇੰਜੀਨੀਅਰ/ਉਸਾਰੀ/ਆਰਐਸਪੀ/ਐਨਆਰ, 901 ਬੀ, ਟਾਵਰ-I, 9ਵੀਂ ਮੰਜਿਲ, ਕਨੇਕਟਸ ਟਾਵਰ, ਡੀਐਮਆਰਸੀ ਬਿਲਡਿੰਗ, ਅਜਮੇਰੀ ਗੇਟ, ਨਵੀਂ ਦਿੱਲੀ-110002 ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਵਲੋਂ ਤੋਂ ਹੇਠਾਂ ਲਿਖਤ ਕੰਮ ਦੇ ਲਈ ਦੋ ਪੈਕੇਟ ਪ੍ਰਣਾਲੀ ਦੇ ਤਹਿਤ ਈ-ਨਿਵਿਦਾਵਾਂ ਦੀ ਮੰਗ ਕਰਦੇ ਹਨ।

| | | |
|---|---|---|
| 1 | ਕੰਮ ਦਾ ਪੂਰਾ ਨਾਮ | ਸੜਕ ਸੁਰੱਖਿਆ ਪਰਿਯੋਜਨਾ ਇਕਾਈ (ਆਰਐਸਪੀਯੂ) ਨਵੀਂ ਦਿੱਲੀ ਦੇ ਤਹਿਤ ਉਤਰ ਰੇਲਵੇ ਦੇ ਐਲਕੇਓ ਡਵੀਜਨ ਵਿਚ ਐਲਕੇਓ-ਏਵਾਈਸੀ ਸੇਕਸ਼ਨ ਉਤੇ ਦਰਿਆਬਾਦ ਯਾਰਡ-ਸੈਦ ਖਾਨਪੁਰ ਦੇ ਵਿਚ ਕਿਮੀ 1029/4-5 ਤੇ ਲੇਵਲਕ੍ਰਾਸਿੰਗ ਨੰਬਰ 156 ਏ ਕੇ ਸਥਾਨ ਤੇ ਆਰਓਬੀ ਅਤੇ ਮੁਰਾਦਾਬਾਦ (ਐਮਬੀ) ਡਵੀਜਨ ਵਿਚ ਮੁਰਾਦਾਬਾਦ-ਸਹਾਰਨਪੁਰ (ਐਮਬੀ-ਐਸਆਰਈ) ਸੈਕਸ਼ਨ ਉਤੇ ਸੋਹਾਰਾ (ਐਸਈਓ-ਵਾਈਡੀ) ਸਟੇਸ਼ਨ-ਕਾਰਮੇਲ (ਸੀਏਜੇ) ਸਟੇਸ਼ਨ ਦੇ ਵਿਚ ਕਿਮੀ 1445.14 ਉਤੇ ਲੇਵਲਕ੍ਰਾਸਿੰਗ ਨੰਬਰ 446/ਬੀ ਕੇ ਸਥਾਨ ਉਤੇ ਆਰਓਬੀ ਦੇ ਲਈ ਉਨ੍ਹਾਂ ਦੇ ਪਹੁੰਚ ਭਾਗ ਸਮੇਤ ਦੋ 2 ਲੇਨ ਰੋਡ ਓਵਰ ਬ੍ਰਿਜ (ਆਰਓਬੀ) ਦੀ ਉਸਾਰੀ। |
| 2 | ਲਗਭਗ ਕੰਮ ਦੀ ਲਾਗਤ | 381,63,51,80.41/- ਰੁਪਏ ਕੇਵਲ (ਅਠੱਤੀ ਕਰੋੜ ਸੋਲਾਂ ਲਖ ਪੈਂਤੀ ਹਜਾਰ ਇਕ ਸੌ ਅੱਸੀ ਰੁਪਏ ਅਤੇ ਇਕਤਾਲੀ ਪੈਸੇ ਕੇਵਲ।) |
| 3 | ਕੰਮ ਸਮਾਪਤੀ ਦਾ ਸਮਾਂ | 18 ਮਹੀਨੇ ਦਾ ਸਮਾਂ |
| 4 | ਬਿਆਨਾ ਰਾਸ਼ੀ | 20,582,00.00/- ਕੇਵਲ ਰੁਪਏ (ਵੀਹ ਲਖ ਅਠਵੰਜਾ ਹਜਾਰ ਦੋ ਸੌ) |
| 5 | ਰੇਲਵੇ ਉਤੇ ਨਿਵਿਦਾ ਦਸਤਾਵੇਜ ਦੀ ਵਿਕਰੀ/ਉਪਲਬਧਤਾ | ਨਿਵਿਦਾ ਦਸਤਾਵੇਜ ਆਈਆਰਈਪੀਐਸ ਵੈਬਸਾਈਟ ਯਾਨੀ www.ireps.gov.in ’ਤੇ 01.10.2025 ਤੋਂ 24.10.2025 ਤਕ ਉਪਲਬਧ ਰਹਿਣਗੇ। |
| 6 | ਨਿਵਿਦਾਵਾਂ ਅਪਲੋਡ ਕਰਨ ਦੀ ਅੰਤਮ ਮਿਤੀ/ਸਮਾਂ | ਨਿਵਿਦਾ ਦਸਤਾਵੇਜ ਆਈਆਰਈਪੀਐਸ ਵੈਬਸਾਈਟ ’ਤੇ 24.10.2025,11:30 ਵਜੇ ਤਕ ਅਪਲੋਡ ਕੀਤੇ ਜਾ ਸਕਦੇ ਹਨ। |
| 7 | ਨਿਵਿਦਾ ਖੋਹਲਣ ਦੀ ਮਿਤੀ ਅਤੇ ਸਮਾਂ | 24.10.2025 11:30 ਵਜੇ ਦੇ ਬਾਅਦ ਕਿਸੇ ਵੀ ਸਮੇਂ। |

ਪਤ੍ਰਾਂਕ: 18-W-09-2025-WA-DyCEC-RSP ਤਾਰੀਕ: 01.10.2025 3048/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


**NAME CHANGE**

I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**

I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**

I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**

I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**

I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**

I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**

It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**

It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**

It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**

I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**

It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**

I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**

I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**

I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**

I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**

I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**

I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**

It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**

It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**

I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.


**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.


**NAME CHANGE**

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**

I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**

I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**

I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**

I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**

I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.


**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)



**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.


**NAME CHANGE**

I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.


**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.


**NAME CHANGE**

I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**

It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**PUBLIC NOTICE**

Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**

I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.


**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.


**NAME CHANGE**

I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**

I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**

I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.


**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.


**NAME CHANGE**

I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose


**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.


**PUBLIC NOTICE**

I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**

I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**

I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**

I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**

I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**

I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**

I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**

I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**

I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.


**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

**NAME CHANGE**

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.


**NAME CHANGE**

I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**

I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**

I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**

I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**

MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH
EX.MALL, SECTOR-9,
ROHINI, NEW DELHI

# ਖ਼ਤਰਨਾਕ ਹੋ ਸਕਦੀ ਹੈ ਕੰਨ 'ਤੇ ਲੱਗੀ ਸੱਟ



ਅਚਾਨਕ ਕੰਨ ਉੱਪਰ ਲੱਗੀ ਸੱਟ ਕਾਰਨ ਘੱਟ ਸੁਣਨਾ, ਬੇਚੈਨੀ, ਘਬਰਾਹਟ ਤੇ ਭਾਰੀਪਨ ਆਦਿ ਦੇ ਲੱਛਣ ਹੋਣ ਲੱਗਦੇ ਹਨ। ਸੱਟ ਲੱਗਣ, ਡਿੱਗਣ, ਥੱਪੜ ਮਾਰਨ ਜਾਂ ਜ਼ੋਰਦਾਰ ਧਮਾਕੇ ਕਾਰਨ ਕੰਨ ਦਾ ਪਰਦਾ (ਟੰਪੈਨਿਕ ਮੈਂਬਰੇਨ ਜਾਂ ਟੰਪੈਨਮ) ਵਿਚ ਵਿਗਾੜ ਪੈ ਸਕਦੇ ਹਨ, ਜਿਸ ਕਾਰਨ ਸੁਣਨ ਸ਼ਕਤੀ ਵਿਚ ਕਮੀ ਆ ਸਕਦੀ ਹੈ ਅਤੇ ਜੇ ਸੱਟ ਗੰਭੀਰ ਹੋਵੇ ਤਾਂ ਕਈ ਵਾਰ ਬੋਲਾਪਨ (ਡੈੱਫਨੈੱਸ) ਪੈਦਾ ਹੋ ਸਕਦੀ ਹੈ।

### ਕੰਨ 'ਚ ਤਿੱਖੀਆਂ ਚੀਜ਼ਾਂ ਨਾ ਮਾਰੋ

ਕਈ ਵਾਰ ਅਚਾਨ ਸਾਡੇ ਕੰਨ 'ਚ ਖਾਰਿਸ਼ ਆਉਣ 'ਤੇ ਅਸੀ ਆਪਣੇ ਕੰਨ 'ਚ ਹੇਅਰਪਿਨ, ਤੀਲੀ, ਚਾਬੀ ਜਾਂ ਕੋਈ ਵੀ ਹੋਰ ਚੀਜ਼ ਜੋ ਫ਼ੌਰੀ ਤੌਰ 'ਤੇ ਸਾਡੀ ਹੱਦ ਵਿਚ ਜੋ ਵੀ ਚੀਜ਼ ਹੁੰਦੀ ਹੈ, ਅਸੀਂ ਉਸ ਨੂੰ ਬਿਨਾਂ ਸੋਚੇ-ਸਮਝੇ ਕੰਨ ਵਿਚ ਫੇਰ ਲੈਂਦੇ ਹਾਂ, ਜੋ ਸਾਡੇ ਲਈ ਹਾਨੀਕਾਰਕ ਸਾਬਤ ਹੋ ਜਾਂਦੀ ਹੈ।

### ਇਲਾਜ

ਸੱਟ ਲੱਗਣ 'ਤੇ ਕੰਨ ਵਿਚ ਪਾਣੀ ਨਾ ਪੈਣ ਦਿਓ, ਇਸ ਨਾਲ ਕੰਨ ਵਿਚ ਲੱਗੀ ਸੱਟ ਉੱਪਰ ਉੱਲੀ ਰੋਗਾਂ (ਫੰਗਲ ਡਿਜੀਜ਼ਿਜ਼) ਦਾ ਹੱਲਾ ਹੋ ਸਕਦਾ ਹੈ। ਡਾਕਟਰ ਦੀ ਸਲਾਹ ਤੋਂ ਬਿਨਾਂ ਕੰਨ 'ਚ ਕੋਈ ਈਅਰ-ਡਰਾਪ ਜਾਂ ਕੋਈ ਹੋਰ ਦਵਾਈ ਨਾ ਪਾਓ। ਨਹਾਉਣ ਲੱਗਿਆਂ ਕੰਨ ਵਿਚ ਰੂੰ ਦੇ ਕੇ ਉਸ ਦੇ ਬਾਹਰਲੇ ਪਾਸ ਵੈਸਲੀਨ ਲਗਾ ਲਵੋ ਤਾਂ ਕਿ ਪਾਣੀ ਰੂੰ ਵਿਚ ਰਚ ਕੇ ਕੰਨ ਦੇ ਅੰਦਰ ਤਕ ਨਾ ਜਾਵੇ। ਜ਼ਿਆਦਾਤਰ ਮਾਮਲਿਆਂ 'ਚ ਸੱਟ ਜਾਂ ਥੱਪੜ ਆਦਿ ਨਾਲ ਪਰਦੇ 'ਚ ਹੋਇਆ ਛੇਕ 3 ਤੋਂ 4 ਹਫ਼ਤੇ ਵਿਚ ਆਪਣੇ ਆਪ ਭਰ ਜਾਂਦਾ ਹੈ। ਕੁੱਝ ਮਾਮਲਿਆਂ 'ਚ ਸਰਜਰੀ ਦੀ ਜ਼ਰੂਰਤ ਪੈਂਦੀ ਹੈ। •

# ਭੋਜਨ 'ਚ ਸ਼ਾਮਲ ਕਰੋ ਇਸ ਤਰ੍ਹਾਂ ਦਾ ਅਨਾਜ

ਸਾਡੇ ਭੋਜਨ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਹੈ-ਅਨਾਜ, ਪਰ ਕਿਹੜਾ ਅਨਾਜ ਕਿੰਨਾ ਫ਼ਾਇਦੇਮੰਦ ਹੈ, ਇਸ ਬਾਰੇ ਬਹੁਤ ਘੱਟ ਲੋਕਾਂ ਨੂੰ ਜਾਣਕਾਰੀ ਹੁੰਦੀ ਹੈ। ਆਓ, ਜਾਣਦੇ ਹਾਂ ਕਿ ਕਿਸ ਪਦਾਰਥ ਵਿਚ ਕਿਹੜੇ ਤੱਤ ਹੁੰਦੇ ਹਨ।

### ਚਾਵਲ

ਚਾਵਲ ਜਿੰਨੇ ਪੁਰਾਣੇ ਹੋਣ, ਓਨੇ ਸੁਆਦ ਹੁੰਦੇ ਹਨ, ਜੋ ਸਿਹਤ ਲਈ ਲਾਭਕਾਰੀ ਹਨ। ਜੇ ਰਾਤ ਦੇ ਖਾਣੇ 'ਚ ਰੋਟੀ ਘੱਟ ਖਾਧੀ ਜਾਵੇ ਅਤੇ ਚਾਵਲਾਂ ਦਾ ਵੀ ਪ੍ਰਯੋਗ ਕੀਤਾ ਜਾਵੇ ਤਾਂ ਇਹ ਸਾਡੀ ਸਿਹਤ ਲਈ ਫ਼ਾਇਦੇਮੰਦ ਸਿੱਧ ਹੁੰਦਾ ਹੈ। ਚਾਵਲ ਵਿਚ ਕੈਲਸ਼ੀਅਮ ਤੱਤ ਭਰਪੂਰ ਮਾਤਰਾ ਵਿਚ ਹੋਣ ਕਾਰਨ ਇਹ ਹੱਡੀਆਂ ਨੂੰ ਮਜ਼ਬੂਤ ਰੱਖਦਾ ਹੈ ਅਤੇ ਦੰਦਾਂ ਸਬੰਧੀ ਸਮੱਸਿਆਵਾਂ ਤੋਂ ਵੀ ਬਚਾਅ ਕਰਦਾ ਹੈ। ਇਸ ਤੋਂ ਇਲਾਵਾ ਚਾਵਲਾਂ ਵਿਚ ਪ੍ਰੋਟੀਨ, ਵਿਟਾਮਿਨ ਤੇ ਖਣਿਜ ਪਦਾਰਥ ਭਰਪੂਰ ਮਾਤਰਾ ਵਿਚ ਹੁੰਦੇ ਹਨ। ਜਦ ਬੱਚਾਂ ਛੇ ਮਹੀਨੇ ਦਾ ਹੋ ਜਾਵੇ ਤਾਂ ਉਸ ਨੂੰ ਚਾਵਲਾਂ ਦੀ ਪਿੱਛ ਜ਼ਰੂਰ ਪਿਆਉਣੀ ਚਾਹੀਦੀ ਹੈ। ਇਸ ਨਾਲ ਬੱਚਿਆਂ ਨੂੰ ਦੰਦੀਆਂ ਕੱਢਣ ਵਿਚ ਜ਼ਿਆਦਾ ਪਰੇਸ਼ਾਨੀਆਂ ਦਾ ਸਾਹਮਣਾ ਨਹੀਂ ਕਰਨਾ ਪਵੇਗਾ।

### ਜੌਂ

ਇਸ 'ਚ ਭਰਪੂਰ ਮਾਤਰਾ 'ਚ ਫਾਈਬਰ ਹੁੰਦਾ ਹੈ, ਜਿਸ ਨਾਲ ਕੋਲੈਸਟ੍ਰੋਲ ਘਟਦਾ ਹੈ। ਇਸ ਦੀ ਤਾਸੀਰ ਠੰਢੀ ਹੁੰਦੀ ਹੈ। ਇਸ ਨਾਲ ਸ਼ੂਗਰ ਵੀ ਨਹੀਂ ਵਧਦੀ। ਸਰੀਰ 'ਚ ਚਰਬੀ ਵਧਣ 'ਤੇ ਕਣਕ ਜਾਂ ਚਾਵਲ ਛੱਡ ਕੇ ਜੌਂ ਦੀ ਰੋਟੀ ਖਾਓ। ਜੌਂ ਦਾ ਪਾਣੀ ਪੀਣ ਨਾਲ ਪੱਥਰੀ ਦਾ ਰੋਗ ਵੀ ਦੂਰ ਹੁੰਦਾ ਹੈ।

### ਮੂੰਗੀ

ਇਸ 'ਚ ਕੈਲਸ਼ੀਅਮ, ਆਇਰਨ ਅਤੇ ਪ੍ਰੋਟੀਨ ਭਰਪੂਰ ਮਾਤਰਾ ਵਿਚ ਹੁੰਦੇ ਹਨ, ਜੋ ਸਿਹਤ ਲਈ ਲਾਭਕਾਰੀ ਹਨ। ਇਸ ਨਾਲ ਅਨੇਕਾਂ ਪ੍ਰਕਾਰ ਦੀਆਂ ਬਿਮਾਰੀਆਂ ਦੂਰ ਹੁੰਦੀਆਂ ਹਨ। ਮੂੰਗੀ ਦੀ ਦਾਲ ਨੂੰ ਪੇਟ ਸਬੰਧੀ ਤਕਲੀਫ਼ਾ ਅਤੇ ਬੁਖ਼ਾਰ ਆਦਿ ਹੋਣ 'ਤੇ ਖਾਣ ਦੀ ਅਕਸਰ ਡਾਕਟਰਾਂ ਵੱਲੋਂ ਸਿਫਾਰਿਸ਼ ਕੀਤੀ ਜਾਂਦੀ ਹੈ। •

# ਸੀਐੱਮਐਲ ਦੀ ਪਛਾਣ ਤੇ ਰੋਕਥਾਮ



ਕੈਂਸਰ ਇਕ ਗੰਭੀਰ ਬਿਮਾਰੀ ਹੈ। ਜੇ ਇਸ ਦੀ ਸਮਾਂ ਰਹਿੰਦਿਆਂ ਪਛਾਣ ਨਾ ਕੀਤੀ ਜਾਵੇ ਤਾਂ ਇਹ ਜਾਨਲੇਵਾ ਰੂਪ ਧਾਰਨ ਕਰ ਸਦਾ ਹੈ ਪਰ ਜੇ ਇਸ ਦੀ ਪਛਾਣ ਮੁਢਲੀ ਸਟੇਜ ਦੌਰਾਨ ਹੀ ਕਰ ਲਈ ਜਾਵੇ ਤਾਂ ਇਸ ਉੱਪ ਕਾਬੂ ਪਾਇਆ ਜਾ ਸਕਦਾ ਹੈ।

### ਕੀ ਹੈ ਕ੍ਰੋਨਿਕ ਮਾਇਲਾਇਡ ਲਿਊਕੀਮੀਆ?

ਇਹ ਬਲੱਡ ਕੈਂਸਰ ਦੀ ਹੀ ਇਕ ਕਿਸਮ ਹੈ, ਜੋ ਕਿਸੇ ਵਿਅਕਤੀ ਦੇ ਖ਼ੂਨ ਵਿਚ ਜੀਨਜ਼ 9 ਤੇ 22 ਦੀ ਅਦਲਾ-ਬਦਲੀ ਨਾਲ ਹੁੰਦਾ ਹੈ। ਇਸ ਨਾਲ ਬੋਨਮੈਰੋ ਦੀਆਂ ਮਾਸਪੇਸ਼ੀਆਂ ਅਸੰਤੁਲਿਤ ਹੋ ਜਾਂਦੀਆਂ ਹਨ ਤੇ ਸਫ਼ੈਦ ਮਾਸਪੇਸ਼ੀਆਂ (ਵ੍ਹਾਈਟ ਬਲੱਡ ਕਾਰਪਸਲਜ਼ ਜਾਂ ਡਬਲਿਊਬੀਸੀ) ਦੀ ਗਿਣਤੀ ਵਧ ਜਾਂਦੀ ਹੈ। ਖ਼ੂਨ ਸਰੀਰ ਦੇ ਸਾਰੇ ਹਿੱਸਿਆਂ 'ਚ ਪਹੁੰਚਦਾ ਹੈ ਅਤੇ ਇਸ ਨਾਲ ਬੇਕਾਬੂ ਹੋਏ ਡਬਲਿਊਬੀਸੀ ਸਰੀਰ ਦੇ ਸੈਲਜ਼ ਨੂੰ ਪ੍ਰਭਾਵਿਤ ਕਰਦੇ ਹਨ। ਇਸ ਸਥਿਤੀ ਨੂੰ ਕ੍ਰੋਨਿਕ ਮਾਇਲਾਇਡ ਲਿਊਕੀਮੀਆ (ਸੀਐੱਮਐੱਲ) ਆਖਦੇ ਹਨ। ਨੌਜਵਾਨਾਂ ਤੇ ਬੇਜ਼ੁਰਗਾਂ ਨੂੰ ਇਹ ਜ਼ਿਆਦਾ ਹੁੰਦਾ ਹੈ।

### ਲੱਛਣ

ਥਕਾਵਟ, ਖ਼ੂਨ ਦੀ ਘਾਟ, ਭਾਰ ਵਧਣਾ, ਵਾਰ-ਵਾਰ ਬੁਖ਼ਾਰ ਹੋਣਾ, ਪਸੀਨਾ ਜ਼ਿਆਦਾ ਆਉਣਾ, ਭੁੱਖ ਨਾ ਲੱਗਣਾ, ਪੇਟ ਦਾ ਭਾਰਾਪਨ ਆਦਿ ਇਹ ਇਸ ਬਿਮਾਰੀ ਦੇ ਮੁੱਖ ਲੱਛਣ ਹਨ। ਇਸ ਦੀ ਮੁਕੰਮਲ ਜਾਂਚ ਲਈ ਡਾਕਟਰ ਦੀ ਸਲਾਹ ਨਾਲ ਬਲੱਡ ਟੈਸਟ ਕਰਵਾਉਣਾ ਚਾਹੀਦਾ ਹੈ।

### *ਅਸਰ ਤੇ ਸਟੇਜ*

*ਕੈਂਸਰ ਦੀਆਂ ਹੋਰਨਾਂ ਕਿਸਮਾਂ ਵਾਂਗ ਇਸ ਦੀਆਂ ਵੀ ਵੱਖ-ਵੱਖ ਸਟੇਜਾਂ ਹੁੰਦੀਆਂ ਹਨ। ਪਹਿਲੀ ਸਟੇਜ ਦੀ ਸ਼ੁਰੂਆਤ 3-8 ਸਾਲ ਬਾਅਦ ਦਿਖਾਈ ਦਿੰਦੀ ਹੈ। ਇਸ ਤੋਂ ਅਗਲੀਆਂ ਸਟੇਜਾਂ ਵਿਚ ਸਥਿਤੀਆਂ ਹੋਰ ਗੰਭੀਰ ਹੁੰਦੀਆਂ ਜਾਂਦੀਆਂ ਹਨ।*

### ਕਾਰਨ

ਲਿਵਰ ਜਾਂ ਜਿਗਰ ਦੇ ਆਕਾਰ ਦਾ ਵਧਣਾ, ਪ੍ਰਦੂਸ਼ਣ ਅਤੇ ਬੈਕਟੀਰੀਆ ਵਾਲੇ ਭੋਜਨ ਇਸ ਰੋਗ ਦੇ ਮੁੱਖ ਕਾਰਨ ਬਣ ਸਕਦੇ ਹਨ।

### ਉਪਾਅ

ਸੀਐਮਐੱਲ ਦੇ ਸ਼ੁਰੂਆਤੀ ਪੜਾਅ ਦੌਰਾਨ ਇਸ ਉੱਪਰ ਆਸਾਨੀ ਨਾਲ ਕਾਬੂ ਪਾਇਆ ਜਾ ਸਕਦਾ ਹੈ। ਇਸ ਰੋਗ ਬਾਰੇ ਪਤਾ ਲੱਗਣ 'ਤੇ ਮਰੀਜ ਨੂੰ ਡਾਇਬਟੀਜ ਜਾਂ ਸ਼ੂਗਰ ਰੋਗ ਅਤੇ ਆਪਣੇ ਬਲੱਡ ਪ੍ਰੈਸ਼ਰ ਨੂੰ ਕਾਬੂ ਵਿਚ ਰੱਖਣਾ ਚਾਹੀਦਾ ਹੈ। •

# ਗੁਲੂਕੋਜ਼ ਤੋਂ ਮਿਲਦੀ ਹੈ ਦਿਮਾਗ਼ ਨੂੰ ਊਰਜਾ



ਅਮਰਜੀਤ ਕੌਰ ਵਿਰਦੀ
ਮੋਬਾਈਲ 95307-49092

ਕਾਰਬੋਹਾਈਡਰੇਟਜ਼ ਪਾਚਨ ਪ੍ਰਕਿਰਿਆ ਤੋਂ ਬਾਅਦ ਗੁਲੂਕੋਜ਼ 'ਚ ਬਦਲ ਜਾਂਦੇ ਹਨ। ਇਸ ਲਈ ਦਿਮਾਗ਼ ਨੂੰ ਤਰੋ-ਤਾਜ਼ਾ ਰੱਖਣ ਲਈ ਕਾਰਬੋਹਾਈਡਰੇਟਸ ਨੂੰ ਖਾਣੇ 'ਚ ਸ਼ਾਮਲ ਕਰਨਾ ਬੇਹੱਦ ਜ਼ਰੂਰੀ ਹਨ।

### ਕੀ ਹਨ ਕਾਰਬੋਹਾਈਡਰੇਟਸ?

ਭੋਜਨ ਵਿਚ ਜਿਸ ਖ਼ੁਰਾਕੀ ਪਦਾਰਥ ਦੀ ਵਰਤੋਂ ਸਭ ਤੋਂ ਜ਼ਿਆਦਾ (ਲਗਪਗ 45 ਫ਼ੀਸਦੀ ਤੋਂ 60 ਫ਼ੀਸਦੀ ਤਕ ਹੁੰਦੀ ਹੈ) ਉਹ ਹਨ ਵੱਖਰੇ-ਵੱਖਰੇ ਅਨਾਜ-ਕਣਕ, ਚਾਵਲ, ਜੌਂ, ਮੱਕੀ, ਬਾਜਰਾ, ਸ਼ਹਿਦ ਅੰਗੂਰ, ਗੰਨਾ, ਗੁੜ, ਚੀਨੀ, ਸ਼ਕਰਕੰਦੀ ਤੇ ਜੂਸ ਆਦਿ। ਇਨ੍ਹਾਂ ਵਿਚ ਦੂਸਰੇ ਪਦਾਰਥਾਂ ਨਾਲੋਂ ਵੱਧ ਮਾਤਰਾ 'ਚ ਕਾਰਬੋਹਾਈਡਰੇਟਸ ਪਾਏ ਜਾਂਦੇ ਹਨ। ਕਾਰਬੋਹਾਈਡਰੇਟਸ ਕਾਰਬਨ, ਹਾਈਡਰੋਜਨ ਤੇ ਆਕਸੀਜਨ ਦੇ ਮੇਲ ਤੋਂ ਬਣੇ ਯੋਗਿਕ ਹੁੰਦੇ ਹਨ, ਜੋ ਪਾਚਣ ਪ੍ਰਕਿਰਿਆ ਤੋਂ ਬਾਅਦ ਗੁਲੂਕੋਜ਼ 'ਚ ਬਦਲ ਜਾਂਦੇ ਹਨ। ਪ੍ਰੋਟੀਨ, ਸਬਜ਼ੀਆਂ ਜਾਂ ਫਲਾਂ 'ਚੋਂ ਵੀ ਕਾਰਬੋਹਾਈਡਰੇਟਸ ਦੀ ਹੋਂਦ ਪਾਈ ਜਾਂਦੀ ਹੈ ਪਰ ਇਨ੍ਹਾਂ ਸਾਰਿਆਂ ਦੇ ਮੁਕਾਬਲੇ ਅਨਾਜ ਤੇ ਖੰਡ 'ਚ ਕਾਰਬੋਹਾਈਡਰੇਟਸ ਦੀ ਵੱਧ ਮਾਤਰਾ ਹੋਣ ਕਰਕੇ ਇਨ੍ਹਾਂ ਪਦਾਰਥਾਂ ਨੂੰ ਕਾਰਬੋਹਾਈਡਰੇਟਸ ਕਿਹਾ ਜਾਂਦਾ ਹੈ।

### ਕਾਰਬੋਹਾਈਡਰੇਟਸ ਦੇ ਤਿੰਨ ਰੂਪ

**- ਫਾਈਬਰ ਜਾਂ ਰੇਸ਼ੇ**

ਰੇਸ਼ੇ ਘੱਟ ਚਰਬੀ ਵਾਲੇ ਤੇ ਘੱਟ ਸੋਡੀਅਮ ਵਾਲੇ ਕਾਰਬੋਹਾਈਡਰੇਟਸ ਹਨ, ਜੋ ਵਿਟਾਮਿਨਾਂ ਨਾਲ ਭਰਪੂਰ ਹੁੰਦੇ ਹਨ। ਜ਼ਿਆਦਾਤਰ ਅਨਾਜ ਤੇ ਦਾਲਾਂ ਦੀ ਉੱਪਰਲੀ ਪਰਤ ਦੇ ਰੂਪ 'ਚ ਸਬਜ਼ੀਆਂ, ਫਲਾਂ, ਪੱਤਿਆਂ 'ਚ ਮੌਜੂਦ ਹੁੰਦੇ ਹਨ। ਇਨ੍ਹਾਂ 'ਚ ਗੁਲੂਕੋਜ ਦੀ ਮਾਤਰਾ ਕਾਫ਼ੀ ਘੱਟ ਹੁੰਦੀ ਹੈ। ਇਸ ਲਈ ਇਨ੍ਹਾਂ ਦੇ ਪਾਚਨ ਵੇਲੇ ਪੈਨਕਰੀਆਜ਼ 'ਤੇ ਜ਼ੋਰ ਨਹੀਂ ਪੈਂਦਾ ਤੇ ਬਲੱਡ ਸ਼ੂਗਰ ਦਾ ਪੱਧਰ ਵੀ ਨਹੀਂ ਵਧਦਾ। ਭੋਜਨ ਪਦਾਰਥਾਂ 'ਚ ਮੌਜੂਦ ਰੇਸ਼ੇ ਖ਼ੂਨ 'ਚ ਮੌਜੂਦ ਮਾੜੇ ਕੋਲੈਸਟ੍ਰੋਲ ਦੇ ਪੱਧਰ ਨੂੰ ਘੱਟ ਕਰਦੇ ਹਨ। ਫਾਈਬਰ ਯੁਕਤ ਭੋਜਨ ਜਲਦੀ ਪਚਦਾ ਹੈ ਤੇ ਭੁੱਖ ਤ੍ਰਿਪਤ ਹੋ ਜਾਣ ਨਾਲ ਬਲੱਡ ਸ਼ੂਗਰ ਵੀ ਕਾਬੂ 'ਚ ਰਹਿੰਦੀ ਹੈ। ਨਿਊਟ੍ਰੀਸ਼ਨਲ ਖੋਜਾਂ ਅਨੁਸਾਰ ਲਗਪਗ 35-40 ਗ੍ਰਾਮ ਫਾਈਬਰ ਯੁਕਤ ਭੋਜਨ ਰੋਜ਼ਾਨਾ ਜ਼ਰੂਰ ਖਾਣਾ ਚਾਹੀਦਾ ਹੈ।

### ਰੇਸ਼ੇ ਦੋ ਤਰ੍ਹਾਂ ਦੇ ਹੁੰਦੇ ਹਨ

**1. ਘੁਲਣਸ਼ੀਲ ਰੇਸ਼ੇ**

ਜੌਂ, ਫਲੀਆਂ, ਆਲੂ, ਹੂੰਦ, ਈਸਬਗੋਲ ਦਾ ਛਿਲਕਾ, ਫਲਾਂ ਤੇ ਸਬਜ਼ੀਆਂ ਵਿਚ ਫਾਈਬਰ ਦੀ ਭਰਪੂਰ ਮਾਤਰਾ ਹੁੰਦੀ ਹੈ।

**2. ਅਘੁਲਣਸ਼ੀਲ ਰੇਸ਼ੇ**

ਮੇਥੀ, ਕਣਕ ਦਾ ਛਿਲਕਾ, ਅਨਾਜਾਂ ਦੀ ਉਪਰਲੀ ਪਰਤ, ਦਾਲਾਂ ਦਾ ਛਿਲਕਾ, ਹਰੀਆਂ ਪੱਤੇਦਾਰ ਸਬਜੀਆਂ, ਬਰੌਕਲੀ, ਪੱਤਾਗੋਭੀ ਤੇ ਪੁੰਗਰੀਆਂ ਹੋਈਆਂ ਦਾਲਾਂ ਅਜਿਹੇ ਰੇਸ਼ਿਆਂ ਦਾ ਮੁੱਖ ਸੋਮਾ ਹਨ।

### ਉਪਯੋਗੀ ਹਨ ਦੋਵੇਂ ਤਰ੍ਹਾਂ ਦੇ ਰੇਸ਼ੇ

ਘੁਲਣਸ਼ੀਲ ਰੇਸ਼ੇ ਆਪਣੇ ਅੰਦਰ ਪਾਣੀ ਸੋਖ ਕੇ ਚੀਕਣੇਪਨ 'ਚ ਵਾਧਾ ਕਰਦੇ ਹਨ। ਇਹ ਕਬਜ਼ ਨੂੰ ਰੋਕਦੇ ਹਨ। ਅਣਘੁਲਣਸ਼ੀਲ ਰੇਸ਼ੇ ਭੋਜਨ ਨੂੰ ਬਲਕੀ ਜਾਂ ਭਾਰਾ ਬਣਾਉਂਦੇ ਹਨ ਤੇ ਭੋਜਨ ਦੀ ਅੰਤੜੀਆਂ ਵਿਚ ਗਤੀ ਨੂੰ ਯਕੀਨੀ ਬਣਾਉਂਦੇ ਹਨ ਤੇ ਕਬਜ਼ ਨੂੰ ਰੋਕਦੇ ਹਨ। ਇਸ ਲਈ ਛਿਲਕੇ ਵਾਲੇ ਅਨਾਜ, ਅਣਦਲੀਆਂ ਦਾਲਾਂ, ਸਲਾਦ, ਕੱਚੀਆਂ ਸਬਜ਼ੀਆਂ ਨੂੰ ਖਾਣੇ 'ਚ ਜ਼ਰੂਰ ਸ਼ਾਮਲ ਕਰਨਾ ਚਾਹੀਦਾ ਹੈ। ਜਿਸ ਨਾਲ ਤੁਹਾਨੂੰ ਕਾਫ਼ੀ ਫ਼ਾਇਦਾ ਮਿਲੇਗਾ ਤੇ ਤੁਸੀਂ ਚੁਸਤ-ਦਰੁਸਤ ਮਹਿਸੂਸ ਕਰੋਗੇ।

### *ਸ਼ੂਗਰ ਦਾ ਲੈਵਲ ਕੰਟਰੋਲ ਕਰਨ ਦੇ ਉਪਾਅ*

*ਖੰਡ ਘੱਟ ਖਾਓ, ਚਾਹ ਵੀ ਫਿੱਕੀ ਪੀਓ। ਮਿਠਾਈਆਂ ਨਾ ਖਾਓ। ਰੋਟੀ ਛੋਟੀ ਅਰਥਾਤ ਘੱਟ ਵਜ਼ਨ ਦੀ ਖਾਓ। ਆਟੇ 'ਚ ਜੌਂ, ਸੋਇਆਬੀਨ, ਚਨੇ ਆਦਿ ਮਿਲਾ ਕੇ ਵਰਤ ਸਕਦੇ ਹੋ। ਸਾਰੇ ਅਨਾਜ ਛਿਲਕੇ ਸਮੇਤ ਵਰਤੋਂ। ਦਾਲਾਂ ਵੀ ਛਿਲਕੇ ਸਮੇਤ ਵਰਤੋਂ, ਪੁੰਗਰੀਆਂ ਦਾਲਾਂ ਦੀ ਵੀ ਵਰਤੋਂ ਕਰੋ। ਵੱਖ-ਵੱਖ ਰੰਗਾਂ ਦੀਆਂ ਸਬਜ਼ੀਆਂ ਤੇ ਪੱਤਿਆਂ ਦਾ ਸਲਾਦ ਖਾਓ। ਭੋਜਨ 'ਚ 35 ਤੋਂ 40 ਫ਼ੀਸਦੀ ਗ੍ਰਾਮ ਸਬਜ਼ੀਆਂ ਵਰਤੋਂ। ਨਿੰਬੂ ਪਾਣੀ ਦੀ ਵਰਤੋਂ ਵਧੇਰੇ ਕਰੋ। ਪੇਸਟਰੀਆਂ ਆਦਿ ਨਾ ਖਾਓ। ਭੋਜਨ ਦਾ ਸਮਾਂ ਤੇ ਮਾਤਰਾ ਨਿਸ਼ਚਿਤ ਕਰੋ। ਤਿੰਨ ਚਮਚ ਤੋਂ ਜ਼ਿਆਦਾ ਤੇਲ ਦੀ ਵਰਤੋਂ ਦਿਨ 'ਚ ਨਾ ਕਰੋ। ਘੱਟ ਤੋਂ ਘੱਟ 40 ਮਿੰਟ ਦੀ ਸੈਰ ਜਾਂ ਕਸਰਤ ਜ਼ਰੂਰ ਕਰੋ। ਆਪਣੇ ਮਨੋਰੰਜਨ ਲਈ ਸਮਾਂ ਜ਼ਰੂਰ ਕੱਢੋ।*



### ਖੰਡ ਦੇ ਰੂਪ 'ਚ ਕਾਰਬੋਹਾਈਡਰੇਟਸ

ਖੰਡ ਨੂੰ 'ਸਕਰੋਜ਼' ਕਿਹਾ ਜਾਂਦਾ ਹੈ ਜੋ ਗੁਲੂਕੋਜ਼ ਤੇ ਫਰੱਕਟੋਜ਼ ਦਾ ਮਿਸ਼ਰਣ ਹੈ। ਇਹ ਅਨਾਜ 'ਚ ਮਿਲ ਕੇ ਖ਼ੂਨ 'ਚ ਜਲਦੀ ਰਚ ਜਾਂਦਾ ਹੈ। ਇਸ ਲਈ ਜ਼ਰੂਰਤ ਪੈਣ 'ਤੇ ਡਾਕਟਰ ਗੁਲੂਕੋਜ਼ ਦੀ ਨੂੰ ਸਿੱਧਿਆਂ ਖ਼ੂਨ 'ਚ ਦਾਖ਼ਲ ਕਰਦੇ ਹਨ ਤਾਂ ਕਿ ਮਰੀਜ਼ ਨੂੰ ਊਰਜਾ ਮੁਹੱਈਆ ਕਰਵਾਈ ਜਾ ਸਕੇ ਅਤੇ ਉਹ ਛੇਤੀ ਸਿਹਤਯਾਬ ਹੋ ਸਕੇ।

### ਕਾਰਬੋਹਾਈਡਰੇਟਸ ਦਾ ਪਾਚਣ

ਇਸ ਦੀ ਪਾਚਣ ਪ੍ਰਕਿਰਿਆ ਮੂੰਹ ਦੀ ਲਾਰ ਦੁਆਰਾ ਹੀ ਸ਼ੁਰੂ ਹੋ ਜਾਂਦੀ ਹੈ। ਲਾਰ ਭੋਜਨ ਵਿਚਲੇ ਸਟਾਰਜ ਨੂੰ ਕੁਝ ਹੱਦ ਤਕ ਕੰਪਲੈਕਸ ਸ਼ੂਗਰ ਤੋਂ ਸਿਪਲ ਸ਼ੂਗਰ 'ਚ ਬਦਲ ਦਿੰਦੀ ਹੈ। ਲਾਰ ਦੁਆਰਾ ਭੋਜਨ ਦੀ ਸਟਾਰਜ ਦਾ ਕੁੱਝ ਹਿੱਸਾ ਮਾਲਟੋਜ਼ 'ਚ ਬਦਲ ਜਾਂਦਾ ਹੈ। ਇਹ ਭੋਜਨ ਨਾਲੀ 'ਚੋਂ ਹੁੰਦਾ ਹੋਇਆ ਮਿਹਦੇ 'ਚ ਪਹੁੰਚਦਾ ਹੈ। ਇਸ ਦਾ ਮਾਦਾ ਤੇਜ਼ਾਬੀ ਹੁੰਦਾ ਹੈ। ਜਿਵੇਂ ਹੀ ਭੋਜਨ ਡਿਊਡਨਮ 'ਚ ਪਹੁੰਚਦਾ ਹੈ ਤਾਂ ਪੈਨਕੀਰੀਆਜ਼ ਗ੍ਰੰਥੀ ਪੈਨਕ੍ਰੀਆਟਿਕ ਜੂਸ ਭੇਜਦੀ ਹੈ, ਜਿਸ ਵਿਚਲਾ ਏਮਾਈਲੇਜ਼ ਐਂਜਾਈਮ ਕਾਰਬੋਹਾਈਡ੍ਰੇਟਸ ਨੂੰ ਮਾਲਟੋਜ਼ ਨਾਂ ਦੀ ਸ਼ੂਗਰ 'ਚ ਬਦਲ ਦਿੰਦੀ ਹੈ। ਛੋਟੀ ਆਂਦਰ 'ਚ ਭੋਜਨ ਦਾ ਮਾਲਟੋਜ਼ 'ਚ ਬਦਲ ਜਾਂਦਾ ਹੈ। ਪਾਚਣ ਪ੍ਰਕਿਰਿਆ ਪੂਰੀ ਹੋਣ 'ਤੇ ਸੋਖਣ ਦੀ ਕਿਰਿਆ ਦੁਆਰਾ ਗੁਲੂਕੋਜ਼ ਖ਼ੂਨ 'ਚ ਰਲ ਜਾਂਦਾ ਹੈ। ਕਾਰਬੋਹਾਈਡਰੇਟ ਦੀ ਇਕ ਗ੍ਰਾਮ ਮਾਤਰਾ ਤੋਂ 4 ਕਿੱਲੋ-ਕੈਲੋਰੀ ਊਰਜਾ ਮਿਲਦੀ ਹੈ ਪਰ ਇਹ ਊਰਜਾ ਉਦੋਂ ਪ੍ਰਾਪਤ ਹੁੰਦੀ ਹੈ, ਜਦੋਂ ਕਾਰਬੋਹਾਈਡਰੇਟਸ ਆਕਸੀਜਨ ਨਾਲ ਮਿਲ ਕੇ (ਆਕਸੀਡੇਸ਼ਨ ਪ੍ਰਕਿਰਿਆ) ਦੁਆਰਾ ਗੁਲੂਕੋਜ਼ ਤੇ ਫਰੱਕਟੋਜ਼ ਆਕਸੀਜਨ ਨਾਲ ਬਲ ਕੇ ਊਰਜਾ, ਪਾਣੀ ਤੇ ਕਾਰਬਨ-ਡਾਈਆਕਸਾਈਡ ਬਣਾਉਂਦੇ ਹਨ। ਕਾਰਬਨ-ਡਾਈਕਸਾਈਡ ਦਿਲ ਵਿੱਚੋਂ ਦੀ ਦੌਰਾ ਕਰਦੀ ਹੋਈ ਖ਼ੂਨ ਰਾਹੀ ਫ਼ੇਫੜਿਆਂ 'ਚ ਜਾ ਕੇ ਸਾਹ ਨਾਲੀ ਰਾਹੀਂ ਬਾਹਰ ਕੱਢ ਦਿੱਤੀ ਜਾਂਦੀ ਹੈ। ਬਣੀ ਹੋਈ ਇਹ ਊਰਜਾ ਸਰੀਰ ਦੇ ਕੰਮਾਂ-ਅੰਦਰੂਨੀ ਕਿਰਿਆਵਾਂ, ਕੰਮ-ਕਸਰਤ ਸਰੀਰ ਦੀ ਵਿਧੀ, ਟੁੱਟੇ ਸੈੱਲਾਂ ਦੀ ਮੁਰੰਮਤ, ਜਣਨ ਕਿਰਿਆ ਤੇ ਸਰੀਰ ਦੇ ਰੋਗਾਂ ਨੂੰ ਸਹਿਣ ਦੀ ਸਮਰਥਾ 'ਚ ਵਾਧਾ ਕਰਦੀ ਹੈ।

ਕਾਰਬੋਹਾਈਡਰੇਟਸ ਐਂਜਾਈਮਜ਼ ਦੀ ਸਹਾਇਤਾ ਨਾਲ- ਗੁਲੂਕੋਜ਼-ਫਰੱਕਟੋਜ਼ ਐਨਾਬੋਲਿਜ਼ਮ ਗੁਲੂਕੋਜ਼+ਫਰੱਕਟੋਜ਼+ਆਕਸੀਜਨ-ਕੈਟਾਬੋਲਿਜ਼ਮ-ਊਰਜਾ+ਪਾਣੀ+ਕਾਰਬਨ-ਡਾਈਆਕਸਾਈਡ ਸੋਖਣ ਕਿਰਿਆ ਦੁਆਰਾ ਖ਼ੂਨ 'ਚ ਰਲਿਆ ਸਾਰਾ ਗੁਲੂਕੋਜ ਸਰੀਰਿਕ ਕਿਰਿਆਵਾਂ ਦੁਆਰਾ ਵਰਤਿਆ ਨਹੀਂ ਜਾਂਦਾ ਤਾਂ ਬਚਿਆ ਹੋਇਆ ਗੁਲੂਕੋਜ਼, ਪੈਨਕਰੀਆਜ਼ (ਤਿੱਲੀ) ਨਾਂ ਦੀ ਗ੍ਰੰਥੀ ਤੋਂ ਉਤਪਨ ਹੋਏ ਇਨਸੂਲਿਨ ਹਾਰਮੋਨ ਦੁਆਰਾ ਲਿਵਰ 'ਚ ਗਲਾਈਕੋਜਨ ਦੇ ਰੂਪ 'ਚ ਜਮ੍ਹਾਂ ਕਰ ਲਿਆ ਜਾਂਦਾ ਹੈ। ਲੋੜ ਪੈਣ 'ਤੇ ਪੈਨਕਰੀਆਜ਼ ਦੇ ਹੀ ਸੈੱਲ-ਐਲਫਾ-ਸੈੱਲ ਗਲਾਈਕੋਜਨ ਨੂੰ ਮੁੜ ਗੁਲੂਕੋਜ਼ 'ਚ ਬਦਲ ਦਿੰਦੇ ਹਨ।

### ਪੈਨਕਰੀਆਜ਼ : ਇਕ ਚਮਤਕਾਰੀ ਗ੍ਰੰਥੀ

ਪੈਨਕਰੀਆਜ਼ ਮਿਹਦੇ ਦੇ ਥੱਲੇ ਹਲਕੇ ਪੀਲੇ ਰੰਗ ਦੀ ਗ੍ਰੰਥੀ ਹੈ, ਜੋ ਛੋਟੇ-ਛੋਟੇ ਲੋਬਜ਼ ਤੋਂ ਮਿਲ ਕੇ ਬਣੀ ਹੁੰਦੀ ਹੈ ਜਿਨਾਂ ਨੂੰ ਆਈਸਲੈਟਸ ਆਫ-ਲੈਂਗਰਹੈਂਸ ਕਿਹਾ ਜਾਂਦਾ ਹੈ। ਇਸ ਗ੍ਰੰਥੀ ਦਾ ਅੰਦਰੂਨੀ ਭਾਗ ਦੋ ਤਰ੍ਹਾਂ ਦੇ ਹਾਰਮੋਨ ਬਣਾਉਂਦਾ ਹੈ-ਇਨਸੂਲਿਨ ਅਤੇ ਗੁਲਾਈਕੋਜਿਨ।

ਇਨਸੂਲਿਤ ਬੀਟਾ ਸੈਲਾਂ ਦੁਆਰਾ ਬਣਦਾ ਹੈ ਤੇ ਖ਼ੂਨ ਦੇ ਸ਼ੂਗਰ ਲੈਵਲ ਨੂੰ ਘਟਾਉਣ 'ਚ ਸਹਾਇਤਾ ਕਰਦਾ ਹੈ। ਕਿਸੇ ਕਾਰਨ-ਪੈਨਕਰੀਆਜ ਦੇ ਸੈੱਲ ਜੇ ਇਨਸੂਲਿਨ ਘੱਟ ਮਾਤਰਾ 'ਚ ਬਣਾਉਣ ਲੱਗ ਪੈਣ ਤਾਂ ਬਚਿਆਂ ਵਿਚ ਗੁਲੂਕੋਜ਼ ਗਲਾਈਕੋਜਿਨ 'ਚ ਨਹੀਂ ਬਦਲਦਾ ਤਾਂ ਇਹ ਗੁਲੂਕੋਜ ਖ਼ੂਨ 'ਚ ਹੀ ਰਹਿੰਦਾ ਹੈ ਅਤੇ ਫਿਰ ਗੁਰਦਿਆਂ ਵਿੱਚੋਂ ਦੀ ਲੰਘ ਕੇ ਪਿਸ਼ਾਬ ਜ਼ਰੀਏ ਖਾਰਜ ਹੁੰਦਾ ਹੈ। ਇਸ ਅਵਸਥਾ ਨੂੰ ਸ਼ੂਗਰ ਰੋਗ ਕਿਹਾ ਜਾਂਦਾ ਹੈ। ਇਸ ਤਰ੍ਹਾਂ ਦੀ ਅਵਸਥਾ 'ਚ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ ਤੇ ਡਾਇਟ 'ਚ ਕਾਰਬੋਹਾਈਡਰੇਟਸ ਦੀ ਮਾਤਰਾ ਕੁੱਝ ਘਟਾ ਕੇ ਸ਼ੂਗਰ ਲੈਵਲ ਨੂੰ ਕੰਟਰੋਲ ਕਰਨਾ ਜ਼ਰੂਰੀ ਹੁੰਦਾ ਹੈ। ਕਾਰਬੋਹਾਈਡਰੇਟ ਨੂੰ ਰੇਸ਼ਿਆ ਦੀ ਮਾਤਰਾ ਵਧਾ ਕੇ ਖੰਡ ਬੰਦ ਕਰ ਕੇ ਤੇ ਘੱਟ ਮਿੱਠੇ ਫਲ ਖਾਣ ਨਾਲ ਤੇ ਸੈਰ, ਕਸਰਤ, ਕੰਮ ਕਰ ਕੇ ਬਲੱਡ ਲੈਵਲ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ। ਨਾਲ ਹੀ ਡਾਕਟਰ ਦੀ ਸਲਾਹ ਦੀ ਲੋੜ ਹੈ। ਸੈਰ ਤੇ ਕਸਰਤ ਨਾਲ ਖ਼ੂਨ ਦਾ ਗੁਲੂਕੋਜ ਊਰਜਾ 'ਚ ਬਦਲ ਕੇ ਵਰਤ ਲਿਆ ਜਾਂਦਾ ਹੈ। ਇਸ ਲਈ ਵਾਧੂ ਗੁਲੂਕੋਜ ਖ਼ੂਨ 'ਚ ਨਹੀਂ ਬਣਦਾ ਇਸ ਲਈ ਘੱਟ ਇਨਸੂਲਿਨ ਨਾਲ ਹੀ ਬਲੱਡ ਸ਼ੂਗਰ ਲੈਵਲ ਕੰਟਰੋਲ 'ਚ ਰਹਿੰਦਾ ਹੈ। ਭੋਜਨ ਦਾ ਸਮਾਂ ਤੇ ਮਾਤਰਾ ਨਿਸ਼ਚਿਤ ਕਰ ਲੈਣੇ ਚਾਹੀਦੇ ਹਨ ।

### 50 ਸਾਲ ਦੀ ਉਮਰ

ਇਸ ਉਮਰ ਤੋਂ ਬਾਅਦ ਭੋਜਨ 'ਚ 10 ਫ਼ੀਸਦੀ ਕਾਰਬੋਹਾਈਡਰੇਟਸ ਦੀ ਮਾਤਰਾ ਘਟਾ ਹੀ ਦੇਣੀ ਚਾਹੀਦੀ ਹੈ। ਇਸ ਦੀ ਜ਼ਿਆਦਾ ਨਹੀਂ ਘਟਾਉਣੀ ਚਾਹੀਦੀ ਕਿਉਂਕਿ ਕੇਂਦਰੀ ਨਾੜੀ ਪ੍ਰਣਾਲੀ ਨੂੰ ਊਰਜਾ ਕਾਰਬੋਹਾਈਡਰੇਟਸ ਤੋਂ ਹੀ ਪ੍ਰਾਪਤ ਹੁੰਦੀ ਹੈ। ਦਿਮਾਗ਼ ਤੋਂ ਉਤਪੰਨ ਹਾਰਮੋਨ ਸਰੀਰ ਦੀਆਂ ਕਿਰਿਆਵਾਂ ਨੂੰ ਕਾਬੂ 'ਚ ਰੱਖਦੇ ਹਨ। ਕਾਰਬੋਹਾਈਡਰੇਟਸ ਦੀ ਘਾਟ ਕਾਰਨ ਦਿਮਾਗ਼ ਤੋਂ ਸਹੀ ਮਾਤਰਾ 'ਚ ਹਾਰਮੋਨ ਪੈਦਾ ਨਾ ਹੋਣ ਤੇ ਸਰੀਰ ਮਿਥਿਲ ਹੋ ਸਕਦਾ ਹੈ। ਮਾਸਪੇਸ਼ੀਆਂ ਕਮਜ਼ੋਰ ਹੋ ਸਕਦੀਆਂ ਹਨ। ਪਾਣੀ ਤੇ ਸੋਡੀਅਮ ਦੀ ਘਾਟ ਹੋ ਸਕਦੀ ਹੈ। ਜਿਸ ਨਾਲ ਰੋਗਾਂ ਨਾਲ ਲੜਨ ਦੀ ਸਮਰਥਾ ਖ਼ਤਮ ਹੋ ਸਕਦੀ ਹੈ। ਇਸ ਲਈ ਭੋਜਨ 'ਚ ਕਾਰਬੋਹਾਈਡਰੇਟਸ ਦੀ ਮਾਤਰਾ ਘਟਾ ਕੇ ਬਲੱਡ ਸ਼ੂਗਰ ਲੈਵਲ ਕੰਟਰੋਲ ਕਰਨਾ ਚਾਹੀਦਾ ਹੈ। ਕਾਰਬੋਹਾਈਡਰੇਟਸ ਹਟਾ ਕੇ ਨਹੀਂ। •

**ਭਾਰ ਘਟਾਉਣ ਦੇ ਚੱਕਰ 'ਚ ਕਈ ਵਾਰ ਔਰਤਾਂ ਭੋਜਨ ਸਬੰਧੀ ਲਾਪ੍ਰਵਾਹੀ ਕਾਰਨ ਮੋਟਾਪਾ, ਅਨੀਮਿਆ, ਕੈਲਸ਼ੀਅਮ ਦੀ ਕਮੀ, ਖ਼ੂਨ ਦੀ ਕਮੀ (ਅਨੀਮੀਆ) ਤੇ ਹੋਰ ਭਿਆਨਕ ਬਿਮਾਰੀਆਂ ਦੀਆਂ ਸ਼ਿਕਾਰ ਹੋ ਜਾਂਦੀਆਂ ਹਨ...**

# ਖਾਣ-ਪੀਣ ਦਾ ਰੱਖੋ ਖ਼ਾਸ ਖ਼ਿਆਲ

ਘਰ 'ਚ ਬੱਚਿਆਂ ਤੋਂ ਲੈ ਕੇ ਵੱਡਿਆਂ ਦਾ ਖ਼ਿਆਲ ਰੱਖਣ ਵਾਲੀਆਂ ਔਰਤਾਂ ਅਕਸਰ ਆਪਣੇ ਖਾਣ-ਪੀਣ ਸਬੰਧੀ ਹਮੇਸ਼ਾ ਲਾਪ੍ਰਵਾਹ ਹੋ ਜਾਂਦੀਆਂ ਹਨ। ਖਾਣ-ਪੀਣ ਸਬੰਧੀ ਇਸ ਤਰ੍ਹਾਂ ਦੀ ਲਾਪ੍ਰਵਾਹੀ ਉਨ੍ਹਾਂ ਲਈ ਕਈ ਤਰ੍ਹਾਂ ਦੀਆਂ ਸਰੀਰਕ ਸਮੱਸਿਆਵਾਂ ਪੈਦਾ ਕਰ ਸਕਦੀ ਹੈ। ਕਈ ਵਾਰ ਅਜਿਹੀਆਂ ਸਰੀਰਕ ਸਮੱਸਿਆਵਾਂ ਬਾਅਦ ਵਿਚ ਗੰਭੀਰ ਬਿਮਾਰੀਆਂ ਦਾ ਰੂਪ ਲੈ ਸਕਦੀਆਂ ਹਨ। ਭੋਜਨ ਸਬੰਧੀ ਲਾਪ੍ਰਵਾਹੀ ਕਾਰਨ ਔਰਤਾਂ ਮੋਟਾਪਾ, ਅਨੀਮਿਆ, ਕੈਲਸ਼ੀਅਮ ਦੀ ਕਮੀ, ਖ਼ੂਨ ਦੀ ਕਮੀ (ਅਨੀਮੀਆ) ਆਦਿ ਦੀਆਂ ਸ਼ਿਕਾਰ ਹੋ ਸਕਦੀਆਂ ਹਨ। ਜਿਸ ਤਰ੍ਹਾਂ ਔਰਤਾਂ ਪਰਿਵਾਰ ਦੇ ਬਾਕੀ ਮੈਂਬਰਾਂ ਦਾ ਧਿਆਨ ਰੱਖਦੀਆਂ ਹਨ, ਉਸੇ ਤਰ੍ਹਾਂ ਉਨ੍ਹਾਂ ਨੂੰ ਆਪਣੇ ਖਾਣ-ਪੀਣ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ।

### ਓਵਰ ਡਾਇਟਿੰਗ

ਜੇ ਤੁਹਾਨੂੰ ਡੀਹਾਈਡ੍ਰੇਸ਼ਨ ਜਾਂ ਪਾਣੀ ਦੀ ਘਾਟ ਰਹਿੰਦੀ ਹੈ ਤਾਂ ਸਰੀਰ ਨੂੰ ਇਲੈਕਟ੍ਰੋਲਾਈਟ ਬੈਲੇਂਸ ਨੂੰ ਰੱਖਣ 'ਚ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਪਾਣੀ ਦੀ ਘਾਟ ਦੀਆਂ ਸ਼ਿਕਾਰ ਔਰਤਾਂ ਨੂੰ ਲੋੜ ਤੋਂ ਜ਼ਿਆਦਾ ਕਸਰਤ ਨਹੀਂ ਕਰਨੀ ਚਾਹੀਦੀ। ਕੰਮਕਾਜ ਦੌਰਾਨ ਅਜਿਹੀ ਕਮੀ ਦੀਆਂ ਸ਼ਿਕਾਰ ਔਰਤਾਂ ਨੂੰ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਪਾਣੀ, ਗੁਲੂਕੋਜ਼ ਜਾਂ ਸ਼ਿਕੰਜਵੀ ਆਦਿ ਦੀ ਵਰਤੋਂ ਕਰਦੇ ਰਹਿਣਾ ਚਾਹੀਦਾ ਹੈ ਅਤੇ ਦਿਨ ਵਿਚ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਕੁਝ ਨਾ ਕੁਝ ਜ਼ਰੂਰ ਖਾਣਾ ਚਾਹੀਦਾ ਹੈ। ਜੇ ਤੁਹਾਨੂੰ ਬਹੁਤ ਥਕਾਵਟ ਮਹਿਸੂਸ ਹੁੰਦੀ ਹੈ ਜਾਂ ਨੀਂਦ ਨਹੀਂ ਆਉਂਦੀ ਤਾਂ ਸਮਝੋ ਕਿ ਇਹ ਕਮਜ਼ੋਰੀ ਦੀ ਨਿਸ਼ਾਨੀ ਹੈ।

### ਨਾਸ਼ਤਾ ਜ਼ਰੂਰ ਕਰੋ

ਨਾਸ਼ਤਾ ਨਾ ਕਰਨ ਵਾਲੀਆਂ ਔਰਤਾਂ ਦਾ ਭਾਰ ਵਧਣਾ ਸ਼ੁਰੂ ਹੋ ਜਾਂਦਾ ਹੈ। ਨਾਸ਼ਤਾ ਨਾ ਕਰਨ ਵਾਲੀਆਂ ਔਰਤਾਂ ਦੇ ਮਨ 'ਚ ਇਹ ਭੁਲੇਖਾ ਹੁੰਦਾ ਹੈ ਕਿ ਜੇ ਉਹ ਇਕ ਜਾਂ ਦੋ ਸਮੇਂ ਦਾ ਖਾਣਾ ਛੱਡ ਦੇਣ ਤਾਂ ਉਸ ਨਾਲ ਉਨ੍ਹਾਂ ਦਾ ਭਾਰ ਘਟ ਜਾਵੇਗਾ ਪਰ ਅਸਲ 'ਚ ਅਜਿਹਾ ਨਹੀਂ ਹੁੰਦਾ ਉਨ੍ਹਾਂ ਦਾ ਭਾਰ ਹੋਰ ਜ਼ਿਆਦਾ ਵਧਣਾ ਸ਼ੁਰੂ ਹੋ ਜਾਂਦਾ ਹੈ ਤੇ ਇਸ ਦੇ ਨਾਲ ਹੀ ਤੇਜ਼ਾਬੀ ਮਾਦੇ 'ਚ ਵਾਧੇ ਅਤੇ ਕਮਜ਼ੋਰੀ ਵਰਗੀਆਂ ਅਲਾਮਤਾਂ ਵੀ ਪੈਦਾ ਹੋ ਸਕਦੀਆਂ ਹਨ।

### ਸ਼ੂਗਰ ਦਾ ਵਧਣਾ

ਜੂਸ ਦਾ ਸੇਵਨ ਕਰਨਾ ਵਧੀਆ ਹੋ ਸਕਦਾ ਹੈ ਪਰ ਸੱਚਾਈ ਇਹ ਹੈ ਕਿ ਫਲਾਂ ਦਾ ਰਸ ਓਨਾ ਵਧੀਆ ਨਹੀਂ ਹੁੰਦਾ ਜਿੰਨਾਂ ਤੁਸੀਂ ਸਮਝਦੇ ਹੋ ਕਿਉਂਕਿ ਜੂਸ ਵਿਚ ਅਕਸਰ ਖੰਡ ਦਾ ਘੋਲ ਅਤੇ ਹੋਰ ਪ੍ਰੀਜ਼ਰਵੇਟਿਵਜ਼ ਮਿਲਾਏ ਜਾਂਦੇ ਹਨ। ਇਸ ਤੋਂ ਇਲਾਵਾ ਜੂਸ ਕੱਢਣ ਨਾਲ ਫਲਾਂ 'ਚ ਮੌਜੂਦ ਫਾਈਬਰ ਵੀ ਨਸ਼ਟ ਹੋ ਜਾਂਦਾ ਹੈ। ਡੱਬਾਬੰਦ ਜੂਸ ਵਿਚ ਮਿਲਾਏ ਗਏ ਰਸਾਇਣਕ ਤੱਤ ਜੂਸ ਨੂੰ ਖ਼ਰਾਬ ਹੋਣ ਤੋਂ ਤਾਂ ਬਚਾਉਂਦੇ ਹਨ ਪਰ ਮਨੁੱਖੀ ਸਿਹਤ ਉੱਪਰ ਮਾੜਾ ਅਸਰ ਪਾਉਂਦੇ ਹਨ। ਇਸ ਤੋਂ ਇਲਾਵਾ ਜਿਨ੍ਹਾਂ ਔਰਤਾਂ ਨੂੰ ਸ਼ੂਗਰ ਰੋਗ ਹੁੰਦਾ ਹੈ, ਉਨ੍ਹਾਂ ਨੂੰ ਉਨ੍ਹਾਂ ਫਲਾਂ ਦੀ ਵਰਤੋਂ ਕਰਨੀ ਚਾਹੀਦੀ ਹੈ, ਜਿਨ੍ਹਾਂ ਵਿਚ ਮਿਠਾਸ ਘੱਟ ਹੋਵੇ।



### ਕੈਲਸ਼ੀਅਮ ਦੀ ਕਮੀ

ਔਰਤਾਂ 'ਚ ਕੈਲਸ਼ੀਅਮ ਦੀ ਘਾਟ ਸਭ ਤੋਂ ਜ਼ਿਆਦਾ ਪਾਈ ਜਾਂਦੀ ਹੈ। ਇਸ ਦਾ ਕਾਰਨ ਉਨ੍ਹਾਂ ਦੀ ਲਾਪ੍ਰਵਾਹੀ ਹੀ ਹੋ ਸਕਦੀ ਹੈ, ਜਿਸ ਕਾਰਨ ਹੱਡੀਆਂ ਦਾ ਕਮਜ਼ੋਰ ਹੋ ਜਾਣਾ ਤੇ ਹੋਰ ਸਰੀਰਕ ਤਕਲੀਫ਼ਾਂ ਪੈਦਾ ਹੋ ਸਕਦੀਆਂ ਹਨ। ਕੈਲਸ਼ੀਅਮ ਦੀ ਘਾਟ ਨੂੰ ਦੂਰ ਕਰਨ ਲਈ ਔਰਤਾਂ ਨੂੰ ਦੁੱਧ, ਆਂਡੇ ਦੀ ਸਫ਼ੈਦੀ, ਚਾਵਲ, ਪੱਤਾ ਗੋਭੀ, ਪਨੀਰ, ਦਹੀ, ਸੋਇਆਬੀਨ ਅਤੇ ਹਰੀਆਂ ਸਬਜ਼ੀਆਂ ਆਪਣੇ ਭੋਜਨ ਵਿਚ ਜ਼ਰੂਰ ਸ਼ਾਮਲ ਕਰਨਾ ਚਾਹੀਦਾ ਹੈ।

### ਆਇਰਨ ਦੀ ਕਮੀ

ਕੈਲਸ਼ੀਅਮ ਤੋਂ ਬਾਅਦ ਔਰਤਾਂ ਵਿਚ ਸਭ ਤੋਂ ਵੱਧ ਆਇਰਨ ਦੀ ਕਮੀ ਹੋਣ ਦੀ ਸੰਭਾਵਨਾ ਹੁੰਦੀ ਹੈ। ਇਸ ਨਾਲ ਉਹ ਅਨੀਮੀਆ ਦੀਆਂ ਸ਼ਿਕਾਰ ਹੋ ਸਕਦੀਆਂ ਹਨ। ਇਸ ਲਈ ਔਰਤਾਂ ਨੂੰ ਆਪਣੇ ਭੋਜਨ ਵਿਚ ਆਇਰਨ ਤੱਤ ਵਾਲੇ ਪਦਾਰਥਾਂ ਨੂੰ ਜ਼ਰੂਰ ਸ਼ਾਮਲ ਕਰਨਾ ਚਾਹੀਦਾ ਹੈ। ਇਸ ਦੇ ਲਈ ਉਹ ਪਾਲਕ ਦੀ ਵਰਤੋਂ ਕਰ ਸਕਦੀਆਂ ਹਨ। ਪਾਲਕ ਵਿਚ ਵਿਟਾਮਿਨ ਤੇ ਆਇਰਨ ਤੱਤ ਮੌਜੂਦ ਹੁੰਦਾ ਹੈ। ਅਜਿਹੇ ਭੋਜਨ ਪਦਾਰਥ ਸਰੀਰ ਨੂੰ ਊਰਜਾ ਵੀ ਦਿੰਦੇ ਹਨ।



## ਫਲਾਂ ਤੇ ਸਬਜ਼ੀਆਂ ਦੇ ਭਰਪੂਰ ਫ਼ਾਇਦੇ

ਫਲ ਤੇ ਸਬਜ਼ੀਆਂ ਖਾਣਾ ਸਿਹਤ ਲਈ ਵਧੀਆ ਮੰਨਿਆ ਜਾਂਦਾ ਹੈ। ਸਰੀਰ ਨੂੰ ਠੀਕ ਰੱਖਣ ਲਈ ਡਾਕਟਰ ਵੀ ਕਹਿੰਦੇ ਹਨ ਕਿ ਹਰੀਆਂ ਸਬਜ਼ੀਆਂ ਤੇ ਫਲਾਂ ਦਾ ਸੇਵਨ ਕਰਨਾ ਚਾਹੀਦਾ ਹੈ। ਹਰੀਆਂ ਸਬਜ਼ੀਆਂ ਨੂੰ ਆਪਣੀ ਡਾਇਟ 'ਚ ਸਲਾਦ ਦੇ ਰੂਪ 'ਚ ਸ਼ਾਮਲ ਕਰਨਾ ਚਾਹੀਦਾ ਹੈ।

### ਕੇਲਾ

ਹਰ ਕੋਈ ਕੇਲਾ ਖਾਣਾ ਪਸੰਦ ਕਰਦਾ ਹੈ। ਇਸ ਨਾਲ ਦਿਲ, ਬਲੱਡ ਪ੍ਰੈਸ਼ਨ ਕੰਟ੍ਰੋਲ, ਹੱਡੀਆਂ ਮਜ਼ਬੂਤ ਹੁੰਦੀਆਂ ਹਨ।

### ਸੇਬ

ਸੇਬ ਖਾਣ ਨਾਲ ਕਬਜ਼ ਤੋਂ ਰਾਹਤ ਮਿਲਦੀ ਹੈ ਤੇ ਇਸ ਨਾਲ ਫੇਫੜਿਆਂ ਦੀ ਸ਼ਕਤੀ 'ਚ ਮਜ਼ਬੂਤੀ ਆਉਂਦੀ ਹੈ।

### ਸੰਤਰਾ

ਸੰਤਰੇ ਵਿਚਲੇ 'ਵਿਟਾਮਿਨ ਸੀ' ਨਾਲ ਸਰੀਰ ਤੰਦਰੁਸਤ ਤੇ ਕੈਂਸਰ ਦਾ ਖ਼ਤਰਾ ਘੱਟਦਾ ਹੈ।

### ਗਾਜਰ

ਗਾਜਰ ਖਾਣ ਨਾਲ ਮੋਟਾਪਾ ਘੱਟ ਹੁੰਦਾ ਹੈ ਤੇ ਇਸ ਦਾ ਸੇਵਨ ਕਰਨ ਨਾਲ ਕਬਜ਼ ਤੋਂ ਰਾਹਤ ਮਿਲਦੀ ਹੈ। ਜੇ ਕਿਸੇ ਦੀਆਂ ਅੱਖਾਂ ਦੀ ਸ਼ਕਤੀ ਘੱਟ ਹੋਵੇ ਤਾਂ ਡਾਕਟਰ ਜ਼ਿਆਦਾ ਗਾਜਰਾਂ ਖਾਣ ਦੀ ਸਲਾਹ ਦਿੰਦੇ ਹਨ। ਗਾਜਰ ਖਾਣ ਨਾਲ ਸਰੀਰ ਵਿਚਲੇ ਖ਼ੂਨ ਦੀ ਕਮੀ ਵੀ ਪੂਰੀ ਹੁੰਦੀ ਹੈ। ਇਸ ਲਈ ਵੱਧ ਤੋਂ ਵੱਧ ਗਾਜਰ ਖਾਣੀ ਚਾਹੀਦੀ ਹੈ।

### ਅੰਗੂਰ

ਅੰਗੂਰ ਖਾਣ ਨਾਲ ਕਈ ਤਰ੍ਹਾਂ ਦੇ ਲਾਭ ਮਿਲਦੇ ਹਨ ਜਿਵੇਂ ਖ਼ੂਨ ਦਾ ਦੌਰਾ ਵਧੀਆ ਹੋਣਾ, ਕੈਂਸਰ ਤੋਂ ਛੁਟਕਾਰਾ, ਅੱਖਾਂ ਦੇ ਲਈ ਲਾਭਕਾਰੀ।

### ਸਲਾਦ

ਸਲਾਦ ਨੂੰ ਆਪਣੀ ਡਾਇਟ 'ਚ ਜ਼ਰੂਰ ਸ਼ਾਮਲ ਕਰੋ। ਇਹ ਸਿਹਤ ਦੇ ਲਈ ਬਹੁਤ ਹੀ ਫ਼ਾਇਦੇਮੰਦ ਹੈ। ਖਾਣਾ ਖਾਣ ਤੋਂ ਪਹਿਲਾਂ ਜੇ ਸਲਾਦ ਲਿਆ ਜਾਵੇ ਤਾਂ ਇਹ ਭੋਜਨ ਨੂੰ ਚੰਗੀ ਤਰ੍ਹਾਂ ਪਚਾਉਣ 'ਚ ਮਦਦ ਕਰਦੀ ਹੈ।

• ਫ਼ੀਚਰ ਡੈਸਕ

# ਸਿਹਤ ਦਾ ਦੁਸ਼ਮਣ - ਨਸ਼ਾ



ਨਸ਼ਾ ਕਰਨਾ ਨੌਜਵਾਨਾਂ 'ਚ ਸਟਾਈਲ ਜਾਂ ਫੈਸ਼ਨ ਬਣ ਗਿਆ ਹੈ। ਕਦ ਨੌਜਵਾਨ ਹੌਲੀ-ਹੌਲੀ ਇਸ ਦੇ ਆਦੀ ਹੋ ਜਾਂਦੇ ਹਨ, ਉਨ੍ਹਾਂ ਨੂੰ ਵੀ ਇਸ ਗੱਲ ਦਾ ਪਤਾ ਨਹੀਂ ਲੱਗਦਾ ਸ਼ਰਾਬ ਪੀਣ ਜਾਂ ਸਿਗਰਟਨੋਸ਼ੀ ਵਿਚ ਉਨ੍ਹਾਂ ਨੂੰ ਕੋਈ ਵੱਡੀ ਗੱਲ ਨਹੀਂ ਲੱਗਦੀ। ਇਹ ਚੀਜ਼ਾਂ ਉਨ੍ਹਾਂ ਲਈ ਆਮ ਗੱਲ ਹੈ। ਉਹ ਆਪਣੀ ਜ਼ਿੰਦਗੀ ਵਿਚ ਨਸ਼ਿਆਂ ਨੂੰ ਥਾਂ ਦੇ ਕੇ ਖ਼ਰਾਬ ਕਰ ਲੈਂਦੇ ਹਨ ਤੇ ਆਪਣੇ ਆਪ ਨੂੰ ਮੌਤ ਦੇ ਮੂੰਹ 'ਚ ਪਾ ਦਿੰਦੇ ਹਨ।

### *ਲੱਛਣ*

*ਬੇਚੈਨੀ, ਘਬਰਾਟ ਹੋਣੀ, ਚਿੜਚੜਾਪਨ ਜਾਂ ਗੁੱਸਾ ਆਉਣਾ, ਮਾਨਸਿਕ ਥਕਾਵਟ, ਛੋਟੀਆਂ-ਛੋਟੀਆਂ ਚੀਜ਼ਾਂ ਨੂੰ ਲੈ ਕੇ ਸੋਚੀ ਜਾਣਾ, ਯਾਦਦਾਸ਼ਤ ਕਮਜ਼ੋਰ ਹੋਣੀ, ਤੇਜ਼ ਸਿਰ ਦਰਦ, ਨੀਂਦ ਨਾ ਆਉਣਾ, ਭੁੱਖ ਘੱਟ ਲੱਗਣਾ, ਦਿਲ ਦੀ ਧੜਕਣ ਵੱਧ ਜਾਣਾ, ਜ਼ਿਆਦਾ ਪਸੀਨਾ ਆਉਣਾ, ਬਿਨਾਂ ਕਾਰਨ ਉਲਟੀਆਂ ਆਉਣਾ ਨਸ਼ੇ ਦਾ ਸ਼ਿਕਾਰ ਹੋ ਚੁੱਕੇ ਵਿਅਕਤੀ ਦੀਆਂ ਅਲਾਮਤਾਂ ਹੋ ਸਕਦੀਆਂ ਹਨ।*

### ਖ਼ਤਰਨਾਕ ਹੈ ਨਸ਼ਾਖੋਰੀ

ਨਸ਼ਾ ਮਾਨਸਿਕ ਅਤੇ ਸਰੀਰਕ ਸਿਹਤ, ਦੋਵਾਂ ਉੱਪਰ ਅਸਰ ਪਾਉਂਦਾ ਹੈ। ਜ਼ਿਆਦਾ ਡਰੱਗਜ਼ ਲੈਣ ਨਾਲ ਵਿਅਕਤੀ ਦੀ ਜਾਨ ਤਕ ਜਾ ਸਕਦੀ ਹੈ। ਤੰਬਾਕੂ-ਗੁਟਕੇ ਨਾਲ ਕੈਂਸਰ ਵਰਗੀਆਂ ਖ਼ਤਰਨਾਕ ਬਿਮਾਰੀਆਂ ਹੋ ਸਕਦੀਆਂ ਹਨ। ਡਰੱਗਜ਼ ਸਰੀਰ ਵਿਚ ਕਈ ਕੈਮੀਕਲ ਤਬਦੀਲੀਆਂ ਦਾ ਕਾਰਨ ਬਣਦੀਆਂ ਹਨ। ਨਸ਼ਾ ਵਿਅਕਤੀ ਦੀ ਸੋਚਣ ਸ਼ਕਤੀ ਨੂੰ ਕਮਜ਼ੋਰ ਕਰਦਾ ਹੈ। ਨਸ਼ਾ ਕਰਨ ਵਾਲਾ ਵਿਅਕਤੀ ਆਪਣੇ ਆਪ 'ਤੇ ਕਾਬੂ ਨਹੀਂ ਪਾ ਸਕਦਾ।

### ਲਤ ਲੱਗਣ ਦੀ ਵਜ੍ਹਾ

ਪਰਿਵਾਰ 'ਚ ਜੇ ਕੋਈ ਵਿਅਕਤੀ ਨਸ਼ਾ ਕਰਦਾ ਹੈ ਤਾਂ ਬੱਚੇ ਵੀ ਉਸ ਵੱਲ ਦੇਖ ਕੇ ਇਸ ਦੀ ਵਰਤੋਂ ਸ਼ੁਰੂ ਕਰ ਸਕਦੇ ਹਨ। ਇਸ ਲਈ ਮਾਪਿਆਂ ਦੀ ਅਹਿਮ ਜ਼ਿੰਮੇਵਾਰੀ ਹੈ ਕਿ ਉਹ ਨਸ਼ੇਖੋਰੀ ਤੋਂ ਪਰਹੇਜ਼ਗਾਰ ਰਹਿਣ। ਪਰਿਵਾਰ ਜਾਂ ਰਿਸ਼ਤਿਆਂ 'ਚ ਤ੍ਰੇੜਾਂ ਪਾਉਣ ਲਈ ਵੀ ਵਿਰੋਧੀਆਂ ਵੱਲੋਂ ਨਸ਼ੇ ਦੀ ਲਤ ਲਗਾਈ ਜਾਂਦੀ ਹੈ। ਜ਼ਿਆਦਾ ਪਰੇਸ਼ਾਨੀ ਜਾਂ ਸਟ੍ਰੈਸ ਦੇ ਸ਼ਿਕਾਰ ਬੱਚੇ ਵੀ ਨਸ਼ਾ ਕਰਨਾ ਸ਼ੁਰੂ ਕਰ ਸਕਦੇ ਹਨ। ਅਜਿਹੇ ਬੱਚਿਆਂ ਦੀ ਪਰੇਸ਼ਾਨੀ 'ਚੋਂ ਨਿਕਲਣ 'ਚ ਮਦਦ ਕਰਨੀ ਚਾਹੀਦੀ ਹੈ।

• ਫ਼ੀਚਰ ਡੈਸਕ

# ਹਰਜੋਤ ਸਿੰਘ ਬੈਂਸ ਵੱਲੋਂ ਪੰਜਾਬ ਪ੍ਰਤੀ ਕੇਂਦਰ ਸਰਕਾਰ ਦੀ ਬੇਰੁਖ਼ੀ ਉਤੇ ਸਾਧਿਆ ਨਿਸ਼ਾਨਾ



**ਚੰਡੀਗੜ੍ਹ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚ ਹਾਲ ਹੀ 'ਚ ਆਏ ਭਿਆਨਕ ਹੜ੍ਹਾਂ ਕਾਰਨ ਪੈਦਾ ਹੋਈ ਸਥਿਤੀ ਨੂੰ ਵੇਖਦਿਆਂ ਪੰਜਾਬ ਦੇ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਇਹ ਸਮਾਂ ਸਿਆਸੀ ਬਿਆਨਬਾਜ਼ੀ ਦਾ ਨਹੀਂ ਬਲਕਿ ਭਵਿੱਖ ਵਿੱਚ ਅਜਿਹੀਆਂ ਆਫ਼ਤਾਂ ਨੂੰ ਰੋਕਣ ਅਤੇ ਹੜ੍ਹ ਪ੍ਰਭਾਵਿਤ ਸੂਬੇ ਦੇ ਮੁੜ ਵਸੇਬੇ ਲਈ ਭਵਿੱਖੀ ਰਣਨੀਤੀਆਂ ਤਿਆਰ ਕਰਨ ਦਾ ਹੈ। ਉਨ੍ਹਾਂ ਨੇ ਬੀ.ਬੀ.ਐਮ.ਬੀ. ਦੇ ਕੰਮਕਾਜ ਅਤੇ ਇਸ ਕੁਦਰਤੀ ਆਫ਼ਤ 'ਤੇ ਵਿਰੋਧੀ ਧਿਰ ਵੱਲੋਂ ਬੇਬੁਨਿਆਦ ਬਿਆਨਬਾਜ਼ੀ ਕਰਕੇ ਕੀਤੀ ਜਾ ਰਹੀ ਰਾਜਨੀਤੀ 'ਤੇ ਵੀ ਗੰਭੀਰ ਸਵਾਲ ਉਠਾਏ।

ਅੱਜ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦੌਰਾਨ ਨੂੰ ਸੰਬੋਧਨ ਕਰਦਿਆਂ ਸ. ਹਰਜੋਤ ਸਿੰਘ ਬੈਂਸ ਨੇ ਵਿਰੋਧੀ ਧਿਰ ਨੂੰ ਸੌੜੇ ਸਿਆਸੀ ਹਿੱਤਾਂ ਤੋਂ ਉੱਪਰ ਉੱਠ ਕੇ ਲੋਕਾਂ ਦੀ ਭਲਾਈ ਨੂੰ ਤਰਜੀਹ ਦੇਣ ਦੀ ਅਪੀਲ ਕੀਤੀ। ਉਨ੍ਹਾਂ ਨੇ ਹੜ੍ਹਾਂ ਦੇ ਮਾੜੇ ਪ੍ਰਭਾਵਾਂ ਨੂੰ ਉਜਾਗਰ ਕੀਤਾ, ਜਿਸ ਵਿੱਚ 59 ਮਨੁੱਖੀ ਜਾਨਾਂ ਚਲੀਆਂ ਗਈਆਂ, ਘਰ ਤਬਾਹ ਹੋ ਗਏ, ਹਜ਼ਾਰਾਂ ਪਸ਼ੂਆਂ ਨੂੰ ਨੁਕਸਾਨ ਪਹੁੰਚਿਆ ਅਤੇ ਸੂਬੇ ਦੇ ਖੇਤੀਬਾੜੀ ਖੇਤਰ ਨੂੰ ਗੰਭੀਰ ਝਟਕਾ ਲੱਗਿਆ। ਉਨ੍ਹਾਂ ਕਿਹਾ ਕਿ ਅਸਲ ਵਿੱਚ ਹੜ੍ਹਾਂ ਕਾਰਨ ਹੋਇਆ ਨੁਕਸਾਨ ਇਸ ਤੋਂ ਵੀ ਵਿਆਪਕ ਹੈ ਕਿਉਂਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਸੱਪ ਲੜਨ, ਸੰਪਰਕ ਟੁੱਟਣ ਕਾਰਨ ਆਈਸੋਲੇਸ਼ਨ ਵਰਗੇ ਹੋਰਨਾਂ ਕਾਰਨਾਂ ਕਰਕੇ ਕਈ ਜਾਨਾਂ ਗਈਆਂ। ਸਿੱਖਿਆ ਮੰਤਰੀ ਨੇ ਜਨਤਕ ਬੁਨਿਆਦੀ ਢਾਂਚੇ ਨੂੰ ਹੋਏ ਗੰਭੀਰ ਨੁਕਸਾਨ ਵੱਲ ਵੀ ਧਿਆਨ ਖਿੱਚਿਆ, ਜਿਸ ਵਿੱਚ 3,200 ਤੋਂ ਵੱਧ ਸਕੂਲ ਪ੍ਰਭਾਵਿਤ ਹੋਏ ਅਤੇ 1,300 ਤੋਂ ਵੱਧ ਕਲਾਸਰੂਮ ਵਰਤੋਂ ਯੋਗ ਨਹੀਂ ਰਹੇ।

ਉਨ੍ਹਾਂ ਕਿਹਾ, ÷ਪੰਜ ਲੱਖ ਏਕੜ ਫਸਲ ਤਬਾਹ ਹੋ ਗਈ ਹੈ। ਇਨ੍ਹਾਂ ਫਸਲਾਂ 'ਤੇ ਨਿਰਭਰ ਪੰਜਾਬ ਦੀ ਆਰਥਿਕਤਾ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਈ ਹੈ। ਸੂਬੇ ਦੀਆਂ ਜਿਹੜੀਆਂ ਔਰਤਾਂ ਕਿਸੇ ਨੂੰ ਵੀ ਗੰਦੀਆਂ ਜੁੱਤੀਆਂ ਪਾ ਕੇ ਆਪਣੇ ਘਰਾਂ ਵਿੱਚ ਨਹੀਂ ਵੜਨ ਦਿੰਦੀਆਂ ਸਨ, ਉਨ੍ਹਾਂ ਦੇ ਵਿਹੜੇ ਹੁਣ ਚਿੱਕੜ ਤੇ ਗਾਰ ਨਾਲ ਭਰੇ ਹੋਏ ਹਨ।

ਸ. ਹਰਜੋਤ ਸਿੰਘ ਬੈਂਸ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐਮ.ਬੀ.) 'ਤੇ ਨਿਸ਼ਾਨਾ ਵਿੰਨ੍ਹਦਿਆਂ ਬੋਰਡ ਦੇ ਚੇਅਰਮੈਨ ਵੱਲੋਂ ਹਾਈ ਕੋਰਟ ਵਿੱਚ ਦਿੱਤੇ ਗਏ ਗੁੰਮਰਾਹਕੁੰਨ ਬਿਆਨ ਦਾ ਹਵਾਲਾ ਦਿੱਤਾ। ਸ. ਬੈਂਸ ਨੇ ਕੇਂਦਰੀ ਜਲ ਕਮਿਸ਼ਨ ਦੀ 24 ਅਪ੍ਰੈਲ ਦੀ ਰਿਪੋਰਟ ਤੋਂ ਤਕਨੀਕੀ ਡੇਟਾ ਪੇਸ਼ ਕੀਤਾ, ਜਿਸ ਵਿੱਚ ਪੰਜਾਬ ਦੇ ਮੁੱਖ ਜਲ ਭੰਡਾਰਾਂ ਵਿੱਚ 44.85 ਫੀਸਦ ਪਾਣੀ, ਜੋ ਆਮ ਨਾਲੋਂ ਕਾਫੀ ਘੱਟ ਸੀ ਅਤੇ ਹਿਮਾਚਲ ਪ੍ਰਦੇਸ਼ ਦੇ ਜਲ ਭੰਡਾਰਾਂ ਵਿੱਚ 40.60 ਫੀਸਦ ਪਾਣੀ ਭੰਡਾਰਨ ਦਾ ਜ਼ਿਕਰ ਕੀਤਾ ਗਿਆ ਸੀ। ਉਨ੍ਹਾਂ ਦੋਸ਼ ਲਗਾਇਆ ਕਿ ਉਸ ਸਮੇਂ ਭਾਖੜਾ ਡੈਮ ਵਿੱਚ ਪਾਣੀ ਦਾ ਪੱਧਰ 1555 ਫੁੱਟ ਸੀ, ਪਾਣੀ ਦੀ ਗੰਭੀਰ ਘਾਟ ਦੇ ਬਾਵਜੂਦ ਬੀ.ਬੀ.ਐਮ.ਬੀ. ਨੇ ਪੰਜਾਬ ਦੇ ਹਿੱਸੇ ਦੇ ਪਾਣੀ ਨੂੰ ਹਰਿਆਣਾ ਵੱਲ ਮੋੜਨ ਦੀ ਕੋਸ਼ਿਸ਼ ਕੀਤੀ ਸੀ, ਜਿਸ ਨਾਲ ਪਾਵਰ ਹਾਊਸ ਦੇ ਰੁਕਣ ਦਾ ਖ਼ਤਰਾ ਪੈਦਾ ਹੋ ਗਿਆ ਸੀ।

ਗੋਬਿੰਦ ਸਾਗਰ ਜਲ ਭੰਡਾਰ ਬਾਰੇ ਗੰਭੀਰ ਸਵਾਲ ਚੁੱਕਦਿਆਂ ਸ. ਹਰਜੋਤ ਸਿੰਘ ਬੈਂਸ ਨੇ ਕਿਹਾ, ÷ਇਹ ਹੈਰਾਨੀ ਵਾਲੀ ਗੱਲ ਹੈ ਕਿ ਬੀ.ਬੀ.ਐਮ.ਬੀ. ਭਾਖੜਾ ਡੈਮ, ਜਿਸ ਦੀ ਮਿਆਦ 100 ਸਾਲ ਸੀ, ਦੇ ਜਲ ਭੰਡਾਰ ਵਿੱਚ ਗਾਰ ਦੀ ਮਾਤਰਾ ਬਾਰੇ ਵੀ ਜਾਣਕਾਰੀ ਨਹੀਂ ਦੇ ਸਕਿਆ। ਹੁਣ ਇਸ ਦੀ ਕਿੰਨੀ ਮਿਆਦ ਬਾਕੀ ਹੈ - 10 ਸਾਲ, 15 ਸਾਲ, ਜਾਂ ਇਸ ਤੋਂ ਘੱਟ?÷ ਉਨ੍ਹਾਂ ਨੇ ਜਲ ਭੰਡਾਰ ਦੀ ਸਮਰੱਥਾ, ਡਲਵਟ ਦੇ ਪੱਧਰ ਅਤੇ ਢਾਂਚਾਗਤ ਸਮਰੱਥਾ ਦਾ ਮੁਲਾਂਕਣ ਕਰਨ ਲਈ ਮਾਹਿਰਾਂ ਦੀ ਅਗਵਾਈ ਹੇਠ ਇੱਕ ਕਮੇਟੀ ਬਣਾਉਣ ਦੀ ਮੰਗ ਕੀਤੀ ਤਾਂ ਜੋ ਇਸ ਅਤਿਅੰਤ ਅਹਿਮ ਤੇ ਸੰਵੇਦਨਸ਼ੀਲ ਡੈਮ ਦਾ ਵਿਆਪਕ ਮੁਲਾਂਕਣ ਯਕੀਨੀ ਬਣਾਇਆ ਜਾ ਸਕੇ।

ਸਿੱਖਿਆ ਮੰਤਰੀ ਨੇ ਅਚਾਨਕ ਆਉਣ ਵਾਲੇ ਪਾਣੀ ਦੇ ਵਹਾਅ ਨੂੰ ਘੱਟ ਕਰਨ ਲਈ ਡੈਮਾਂ ਦੇ ਕੈਚਮੈਂਟ ਖੇਤਰਾਂ ਵਿੱਚ ਚੈੱਕ ਡੈਮ ਬਣਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਦੱਸਿਆ ਕਿ ਬੀ.ਬੀ.ਐਮ.ਬੀ. ਨੇ ਰਿਪੋਰਟਾਂ ਵਿੱਚ ਪਹਿਲਾਂ ਵੀ ਇਸ ਉਪਾਅ ਬਾਰੇ ਸਿਫਾਰਸ਼ ਕੀਤੀ ਗਈ ਸੀ ਪਰ ਅਫ਼ਸੋਸ ਦੀ ਗੱਲ ਹੈ ਕਿ ਇਸ ਸਬੰਧੀ ਕਦੇ ਕੋਈ ਕਦਮ ਨਹੀਂ ਚੁੱਕਿਆ। ਉਨ੍ਹਾਂ ਕਿਹਾ, ÷ਸਾਨੂੰ ਜਲਵਾਯੂ ਪਰਿਵਰਤਨ ਅਤੇ ਬੁਨਿਆਦੀ ਢਾਂਚੇ ਦੀ ਤਿਆਰੀ ਬਾਰੇ ਚਰਚਾ ਕਰਨੀ ਚਾਹੀਦੀ ਹੈ। ਸਾਡੇ ਡੈਮਾਂ ਅਤੇ ਕੈਚਮੈਂਟ ਖੇਤਰਾਂ ਦਾ ਮੁਲਾਂਕਣ ਕਰਨਾ ਅਤੇ ਭਵਿੱਖ ਵਿੱਚ ਇਸ ਤਰ੍ਹਾਂ ਦੇ ਦੁਖਾਂਤ ਨੂੰ ਰੋਕਣ ਲਈ ਸਰਗਰਮ ਉਪਾਅ ਯਕੀਨੀ ਬਣਾਉਣਾ ਬੇਹੱਦ ਜ਼ਰੂਰੀ ਹੈ।

ਸ. ਬੈਂਸ ਨੇ ਕਿਹਾ, 10 ਦਿਨ ਹੋ ਗਏ ਹਨ, ਪਰ ਸਾਡੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੂੰ ਪ੍ਰਧਾਨ ਮੰਤਰੀ, ਜੋ ਹੋਰਨਾਂ ਸੂਬਿਆਂ ਵਿੱਚ ਰੋਡ ਸ਼ੋਅ ਕੱਢਣ ਵਿੱਚ ਮਸਰੂਫ ਹਨ, ਵੱਲੋਂ ਮੁਲਾਕਾਤ ਲਈ ਸਮਾਂ ਦੇਣ ਲਈ ਇੱਕ ਵੀ ਸੁਨੇਹਾ ਨਹੀਂ ਆਇਆ। ਸਿੱਖਿਆ ਮੰਤਰੀ ਨੇ ਕਿਹਾ, ਇਹ ਕੇਂਦਰ ਲਈ ਪੰਜਾਬ ਦੇ ਦਰਦ ਨੂੰ ਹਮਦਰਦੀ ਨਾਲ ਸਮਝਣ ਦਾ ਵਕਤ ਹੈ।÷ ਉਨ੍ਹਾਂ ਕੇਂਦਰ ਸਰਕਾਰ ਨੂੰ ਹੜ੍ਹ ਪ੍ਰਭਾਵਿਤ ਪੰਜਾਬ ਨੂੰ ਫੌਰੀ ਸਹਾਇਤਾ ਪ੍ਰਦਾਨ ਕਰਨ ਅਤੇ ਅਹਿਮ ਮੁੱਦਿਆਂ ਨੂੰ ਹੱਲ ਕਰਨ ਲਈ ਦੋ-ਪੱਖੀ ਪਹੁੰਚ ਅਪਣਾਉਣ ਲਈ ਅਪੀਲ ਕੀਤੀ।

ਉਨ੍ਹਾਂ ਨੇ ਆਪਣੇ ਕੈਬਨਿਟ ਸਾਥੀ, ਹਰਦੀਪ ਸਿੰਘ ਮੁੰਡੀਆਂ ਪ੍ਰਤੀ ਪ੍ਰਧਾਨ ਮੰਤਰੀ ਦੇ ਵਿਹਾਰ ਤੇ ਵੀ ਸਵਾਲ ਉਠਾਉਂਦੇ ਹੋਏ ਕਿਹਾ ਕਿ ਜਦੋਂ ਸ੍ਰੀ ਮੁੰਡੀਆਂ ਹੜ੍ਹ ਪ੍ਰਭਾਵਿਤ ਪੰਜਾਬ ਵਾਸਤੇ ਮਦਦ ਲਈ ਬੇਨਤੀ ਕਰ ਰਹੇ ਸਨ ਤਾਂ ਪ੍ਰਧਾਨ ਮੰਤਰੀ ਨੇ ਇਹ ਕਹਿ ਕੇ ਉਨ੍ਹਾਂ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਕੀਤੀ ਕਿ ਤੁਸੀਂ ਹਿੰਦੀ ਨਹੀਂ ਸਮਝਦੇ ? ਵਿੱਚ ਵੀ ਕਿਸੇ ਨੂੰ ਇਹ ਕਹਿਣ ਦੀ ਹਿੰਮਤ ਰੱਖਦੇ ਹਨ ਕਿ ÷ਤੁਸੀਂ ਹਿੰਦੀ ਨਹੀਂ ਜਾਣਦੇ?

ਉਨ੍ਹਾਂ ਕਿਹਾ ਇਤਿਹਾਸ ਗਵਾਹ ਹੈ ਕਿ ਪੰਜਾਬ ਵਰ੍ਹਿਆਂ ਤੋਂ ਜ਼ਖ਼ਮਾਂ ਦੀ ਟੀਸ ਝੱਲਦਾ ਆ ਰਿਹਾ ਹੈ ਅਤੇ ਅੱਜ ਵੀ ਇਹ ਜ਼ਖ਼ਮ ਰਿਸ ਰਹੇ ਹਨ।

ਅੱਜ ਇਸ ਔਖੀ ਘੜੀ ਵਿੱਚ, ਅਣਗਿਣਤ ਵਿਅਕਤੀ ਇੱਕ ਦੂਜੇ ਦਾ ਸਾਥ ਦੇਣ ਲਈ ਇਕੱਠੇ ਹੋਏ ਹਨ। ਉਨ੍ਹਾਂ ਨੇ ਵਲੰਟੀਅਰਾਂ, ਅਧਿਕਾਰੀਆਂ ਅਤੇ ਨਾਗਰਿਕਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਅਸੀਂ ਸਾਰਿਆਂ ਦ੍ਰਿੜ੍ਹਤਾ ਨਾਲ ਪੰਜਾਬ ਦੇ ਨਾਲ ਖੜ੍ਹੇ ਰਹੇ ਅਤੇ ਬੰਨ੍ਹਾਂ ਨੂੰ ਪੂਰਿਆ ਤੇ ਕਈ ਬੰਨ੍ਹਾਂ ਨੂੰ ਟੁੱਟਣ ਨਹੀਂ ਦਿੱਤਾ ਅਤੇ ਹੁਣ ਅਸੀਂ ਪੰਜਾਬ ਨੂੰ ਮੁੜ-ਪੈਰਾਂ ਉੱਤੇ ਖੜ੍ਹਾ ਕਰਨ ਲਈ ਅਰਦਾਸ ਕਰਦੇ ਹਾਂ। ਸਾਡਾ ਸੂਬਾ ਹਲੀਮੀ ਅਤੇ ਸੇਵਾ ਭਾਵਨਾ ਦੀਆਂ ਕਦਰਾਂ-ਕੀਮਤਾਂ ਤੇ ਜਿਉਂਦਾ ਹੈ ਅਤੇ ਜੋ ਲੋਕ ਇਨ੍ਹਾਂ ਕਦਰਾਂ-ਕੀਮਤਾਂ ਨੂੰ ਕਾਇਮ ਰੱਖਦੇ ਹਨ ਉਹ ਹਮੇਸ਼ਾ ਸਾਡੇ ਰਾਹ-ਦਸੇਰੇ ਬਣੇ ਰਹਿਣਗੇ।

# ਸੂਬੇ ਵਿੱਚ ਬਾਗ਼ਬਾਨੀ ਦੇ ਵਿਕਾਸ ਲਈ ਹਰ ਕਦਮ ਚੁੱਕਿਆ ਜਾਵੇਗਾ : ਮੋਹਿੰਦਰ ਭਗਤ



**ਚੰਡੀਗੜ੍ਹ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿੱਚ ਬਾਗਵਾਨੀ ਖ਼ੇਤਰ ਨੂੰ ਹੋਰ ਪ੍ਰਫੁੱਲਤ ਕਰਨ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਤੇਜ਼ੀ ਨਾਲ ਕੰਮ ਕਰ ਰਹੀ ਹੈ। ਇਸੇ ਮੰਤਵ ਦੀ ਪੂਰਤੀ ਲਈ ਬਾਗਬਾਨੀ ਮੰਤਰੀ ਸ਼੍ਰੀ ਮੋਹਿੰਦਰ ਭਗਤ ਵੱਲੋਂ ਸੂਬੇ ਦੇ ਵੱਖ ਵੱਖ ਜਿਲ੍ਹਿਆਂ ਦੇ ਕੋਲਡ ਸਟੋਰੇਜ ਯੂਨਿਟਾਂ ਦੇ ਮਾਲਕਾਂ ਅਤੇ ਕਿਸਾਨਾਂ ਨਾਲ ਪੰਜਾਬ ਭਵਨ, ਚੰਡੀਗੜ੍ਹ ਵਿਖੇ ਇਕ ਵਿਸ਼ੇਸ਼ ਮੀਟਿੰਗ ਦੀ ਕੀਤੀ ਗਈ।

ਇਸ ਮੀਟਿੰਗ ਦੌਰਾਨ ਕੋਲਡ ਸਟੋਰੇਜ ਯੂਨਿਟਾਂ ਦੇ ਮਾਲਕਾਂ ਅਤੇ ਕਿਸਾਨਾਂ ਨੇ ਬਾਗ਼ਬਾਨੀ ਮੰਤਰੀ ਸ੍ਰੀ ਮੋਹਿੰਦਰ ਭਗਤ ਨੂੰ ਆਪਣੀਆਂ ਮੁਸਕਲਾਂ ਬਾਰੇ ਵਿਸਥਾਰ ਪੂਰਵਕ ਜਾਣੂ ਕਰਵਾਇਆ। ਮੰਤਰੀ ਵੱਲੋਂ ਉਨ੍ਹਾਂ ਦੀਆਂ ਮੁਸਕਲਾਂ ਨੂੰ ਬਹੁਤ ਧਿਆਨ ਨਾਲ ਸੁਣਿਆ ਅਤੇ ਉਨ੍ਹਾ ਦੀਆਂ ਜਾਇਜ਼ ਮੰਗਾਂ ਨੂੰ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਕੋਲਡ ਸਟੋਰੇਜ ਯੂਨਿਟਾਂ ਦੇ ਮਾਲਕਾਂ ਵੱਲੋਂ ਉਨ੍ਹਾ ਨੂੰ ਸਰਕਾਰ ਵੱਲੋਂ ਮਿਲ ਰਹੇ ਵਿੱਤੀ ਲਾਭ ਲਈ ਪੰਜਾਬ ਸਰਕਾਰ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਪ੍ਰਗਟਾਇਆ।

ਇਸ ਮੌਕੇ ਬਾਗਬਾਨੀ ਮੰਤਰੀ ਨੇ ਦੱਸਿਆ ਕਿ ਨੈਸ਼ਨਲ ਬਾਗਬਾਨੀ ਮਿਸ਼ਨ ਤਹਿਤ ਸਰਕਾਰ ਵੱਲੋਂ ਨਵੇਂ ਬਾਗ ਲਗਾਉਣ, ਕੋਲਡ ਸਟੋਰੇਜ, ਪੈਕ ਹਾਊਸ, ਤਕਨੀਕੀ ਸਹਾਇਤਾ ਅਤੇ ਮਾਰਕੀਟਿੰਗ ਸੁਵਿਧਾਵਾਂ ਲਈ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ। ਇਸ ਨਾਲ ਕਿਸਾਨਾਂ ਨੂੰ ਆਧੁਨਿਕ ਤਕਨਾਲੋਜੀ ਨਾਲ ਜੋੜ ਕੇ ਉਤਪਾਦਨਸ਼ੀਲਤਾ ਅਤੇ ਆਮਦਨ ਵਿੱਚ ਲਗਾਤਾਰ ਵਾਧਾ ਕੀਤਾ ਜਾ ਰਿਹਾ ਹੈ।

ਮੰਤਰੀ ਸ੍ਰੀ ਭਗਤ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਕਿਸਾਨਾਂ ਅਤੇ ਬਾਗਬਾਨੀ ਖੇਤਰ ਨਾਲ ਜੁੜੇ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ। ਉਨ੍ਹਾ ਕਿਹਾ ਕਿ ਪੰਜਾਬ ਵਿੱਚ ਬਾਗਬਾਨੀ ਦੇ ਵਿਕਾਸ ਲਈ ਹਰ ਕਦਮ ਚੁੱਕਿਆ ਜਾਵੇਗਾ, ਤਾਂ ਜੋ ਕਿਸਾਨਾਂ ਦੀ ਆਮਦਨ ਵਧੇ ਅਤੇ ਨਵੀਆਂ ਰੋਜ਼ਗਾਰ ਸੰਭਾਵਨਾਵਾਂ ਪੈਦਾ ਹੋਣ।ਮੀਟਿੰਗ ਦੌਰਾਨ ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਤੋਂ ਕੋਲਡ ਸਟੋਰੇਜ ਯੂਨਿਟਾਂ ਦੇ ਮਾਲਕਾਂ ਅਤੇ ਵੱਖ-ਵੱਖ ਕਿਸਾਨਾਂ ਤੋਂ ਇਲਾਵਾ ਬਾਗਬਾਨੀ ਸਕੱਤਰ ਸ੍ਰੀ ਬਸੰਤ ਗਰਗ, ਡਾਇਰੈਕਟਰ ਸ੍ਰੀਮਤੀ ਸ਼ੈਲਿੰਦਰ ਕੌਰ ਅਤੇ ਹੋਰ ਉੱਚ ਅਧਿਕਾਰੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਸੋਨਾਲੀਕਾ ਗਰੁੱਪ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ 4.5 ਕਰੋੜ ਦੀ ਮਦਦ



**ਚੰਡੀਗੜ੍ਹ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਸ਼੍ਰੀ ਸੰਜੀਵ ਅਰੋੜਾ ਨੇ ਦੱਸਿਆ ਕਿ ਸੋਨਾਲੀਕਾ ਲੀਡਿੰਗ ਐਗਰੀ ਐਵੋਲੂਸ਼ਨ ਫਰਮ ਵੱਲੋਂ ਪਹਿਲਾਂ ਹੀ ਪੰਜਾਬ ਦੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਲਗਭਗ 4.5 ਕਰੋੜ ਰੁਪਏ ਦਾ ਯੋਗਦਾਨ ਪਾ ਗਿਆ ਹੈ।ਇਸ ਤੋਂ ਇਲਾਵਾ ਹੜ੍ਹਾਂ ਦੀ ਮਾਰੇ ਹੇਠ ਆਏ ਇਲਾਕਿਆਂ ਨੂੰ ਹੋਰ ਇਮਦਾਦ ਦੇਣ ਲਈ ਸੋਨਾਲੀਕਾ ਫਰਮ ਨੇ ਮਿਸ਼ਨ ÷ਚੜ੍ਹਦੀ ਕਲਾ÷ ਤਹਿਤ ਮੁੱਖ ਮੰਤਰੀ ਰੰਗਲਾ ਪੰਜਾਬ ਫੰਡ ਵਿੱਚ ਪੰਜਾਹ ਲੱਖ ਰੁਪਏ ਦਿੱਤੇ ਹਨ।

ਇਸ ਸਬੰਧ ਵਿੱਚ ਸੋਨਾਲੀਕਾ ਫਰਮ ਦੇ ਸੀਨੀਅਰ ਉੱਪ ਪ੍ਰਧਾਨ( ਕਾਰਪੋਰੇਟ ਰਿਲੇਸ਼ਨਜ਼) ਸ਼੍ਰੀ ਜੇ.ਐਸ. ਚੌਹਾਨ ਅਤੇ ਸੀਨੀਅਰ ਉੱਪ ਪ੍ਰਧਾਨ (ਅਕਾਊਂਟਸ ਐਂਡ ਫਾਈਨਾਂਸ) ਸ਼੍ਰੀ ਰਜਨੀਸ਼ ਜੈਨ ਨੇ ਨਿੱਜੀ ਤੌਰ ▾ਤੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੂੰ ਪੰਜਾਹ ਲੱਖ ਰੁਪਏ ਦੀ ਰਕਮ ਦਾ ਚੈੱਕ ਸੌਂਪਿਆ।

ਇਸ ਤੋਂ ਇਲਾਵਾ ਸੋਨਾਲੀਕਾ ਲੀਡਿੰਗ ਐਗਰੀ ਐਵੋਲੂਸ਼ਨ ਫਰਮ ਵੱਲੋਂ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਨੂੰ ਐਮਰਜੈਂਸੀ ਸਿਹਤ ਸਹੂਲਤਾਂ ਨਾਲ ਪੂਰੀ ਤਰ੍ਹਾਂ ਲੈਸ 12 ਐਂਬੂਲੈਂਸਾਂ ਵੀ ਦਾਨ ਕੀਤੀਆਂ ਜਾ ਰਹੀਆਂ ਹਨ। ਇਹ ਐਂਬੂਲੈਂਸਾਂ ਬ੍ਰਾਂਡਿੰਗ ਪ੍ਰਕਿਰਿਆ ਅਧੀਨ ਹਨ ਅਤੇ ਅਗਲੇ 2-3 ਦਿਨਾਂ ਵਿੱਚ ਡਿਲੀਵਰ ਕਰ ਦਿੱਤੀਆਂ ਜਾਣਗੀਆਂ। ਇਨ੍ਹਾਂ ਦੀ ਕੀਮਤ ਲਗਭਗ 2.00 ਕਰੋੜ ਹੈ।

ਉਨ੍ਹਾਂ ਅੱਗੇ ਕਿਹਾ ਕਿ ਦੋ ਕਰੋੜ ਤੋਂ ਵੱਧ ਦਾ ਯੋਗਦਾਨ ਟਰੈਕਟਰਾਂ ਦੇ ਰੂਪ ਵਿੱਚ ਦਿੱਤਾ ਗਿਆ ਹੈ। ਇਸ ਫਰਮ ਨੇ ਦਾਨ ਦੇ ਰੂਪ ਵਿੱਚ ਲਗਭਗ 4.5 ਕਰੋੜ ਰੁਪਏ ਖਰਚ ਕੀਤੇ ਹਨ।

# ਮੁੱਖ ਮੰਤਰੀ ਵੱਲੋਂ ਹੜ੍ਹ ਪ੍ਰਭਾਵਿਤ ਕਸਬਿਆਂ ਅਤੇ ਸ਼ਹਿਰਾਂ ਵਿੱਚ ਚੱਲ ਰਹੇ ਸਫਾਈ, ਮੁਰੰਮਤ ਅਤੇ ਰਾਹਤ ਕਾਰਜਾਂ ਦਾ ਜਾਇਜ਼ਾ



**ਚੰਡੀਗੜ੍ਹ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸੂਬੇ ਵਿੱਚ ਹਾਲ ਹੀ ਵਿੱਚ ਆਏ ਹੜ੍ਹਾਂ ਤੋਂ ਬਾਅਦ ਵੱਖ-ਵੱਖ ਕਸਬਿਆਂ ਅਤੇ ਸ਼ਹਿਰਾਂ ਵਿੱਚ ਸਫਾਈ, ਰਾਹਤ ਅਤੇ ਮੁੜ ਵਸੇਬੇ ਦੇ ਚੱਲ ਰਹੇ ਕਾਰਜਾਂ ਦਾ ਜਾਇਜ਼ਾ ਲਿਆ।

ਸ਼ਹਿਰੀ ਸਥਾਨਕ ਸੰਸਥਾਵਾਂ (ਯੂ.ਐਲ.ਬੀ.) ਦੇ ਕਮਿਸ਼ਨਰਾਂ ਨਾਲ ਵਰਚੁਅਲ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਕਈ ਜ਼ਿਲ੍ਹੇ ਰਾਵੀ, ਬਿਆਸ, ਸਤਲੁਜ ਅਤੇ ਘੱਗਰ ਵਰਗੀਆਂ ਨਦੀਆਂ ਦੇ ਨਾਲ-ਨਾਲ ਸਹਾਇਕ ਨਦੀਆਂ ਵਿੱਚ ਹੜ੍ਹਾਂ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਉਨ੍ਹਾਂ ਅੱਗੇ ਕਿਹਾ ਕਿ ਅਗਸਤ ਦੇ ਅਖੀਰ ਅਤੇ ਸਤੰਬਰ ਦੇ ਸ਼ੁਰੂ ਵਿੱਚ ਤੇਜ਼ ਬਾਰਿਸ਼ ਕਾਰਨ ਕਈ ਕਸਬਿਆਂ ਵਿੱਚ ਭਾਰੀ ਹੜ੍ਹ ਆਏ ਅਤੇ ਪਾਣੀ ਭਰ ਗਿਆ ਸੀ। ਸਥਿਤੀ ਦੀ ਗੰਭੀਰਤਾ ਨੂੰ ਦੇਖਦੇ ਹੋਏ ਭਗਵੰਤ ਸਿੰਘ

ਮਾਨ ਨੇ ਪ੍ਰਭਾਵਿਤ ਸ਼ਹਿਰੀ ਖੇਤਰਾਂ ਵਿੱਚ ਸਥਿਤੀ ਆਮ ਵਾਂਗ ਬਹਾਲ ਕਰਨ ਲਈ ਸਾਫ਼-ਸਫਾਈ, ਪੀਣ ਯੋਗ ਪਾਣੀ ਦੀ ਸਪਲਾਈ ਅਤੇ ਸਿਹਤ ਸਬੰਧੀ ਸਾਵਧਾਨੀਆਂ ਵਰਤਣ ਦੀ ਫੌਰੀ ਲੋੜ 'ਤੇ ਜ਼ੋਰ ਦਿੱਤਾ।ਪਾਣੀ ਨਾਲ ਭਰੇ ਇਲਾਕਿਆਂ ਵਿੱਚ ਗਾਰ, ਰੇਤ ਅਤੇ ਹੋਰ ਮਲਬੇ ਦੇ ਜਮ੍ਹਾਂ ਹੋਣ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਵਿਸ਼ੇਸ਼ ਸਫਾਈ ਮੁਹਿੰਮ ਨੂੰ ਹੋਰ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਆਪਣੇ ਮੌਜੂਦਾ ਅਮਲੇ ਦੀ ਵਰਤੋਂ ਕਰਨ ਅਤੇ ਇਸ ਨੇਕ ਕਾਰਜ ਲਈ ਸਮਰਪਿਤ ਟੀਮਾਂ ਬਣਾਉਣ ਦੇ ਨਿਰਦੇਸ਼ ਦਿੱਤੇ। ਭਗਵੰਤ ਸਿੰਘ ਮਾਨ ਨੇ ਡੇਂਗੂ, ਮਲੇਰੀਆ ਵਰਗੀਆਂ ਬਰਸਾਤੀ ਮੌਸਮ ਵਾਲੀਆਂ ਬਿਮਾਰੀਆਂ ਦੇ ਫੈਲਾਅ ਨੂੰ ਕੰਟਰੋਲ ਕਰਨ ਲਈ ਵੱਡੇ ਪੱਧਰ 'ਤੇ ਫੌਗਿੰਗ ਕਰਵਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਮੁੱਖ ਮੰਤਰੀ ਨੇ ਇੰਜੀਨੀਅਰਿੰਗ ਸਟਾਫ ਨੂੰ ਨੁਕਸਾਨੀਆਂ ਗਈਆਂ ਜਨਤਕ ਜਾਇਦਾਦਾਂ ਅਤੇ ਨਿੱਜੀ ਜਾਇਦਾਦਾਂ, ਜਿਸ ਵਿੱਚ ਮਕਾਨ, ਦੁਕਾਨਾਂ ਅਤੇ ਹੋਰ ਢਾਂਚੇ ਸ਼ਾਮਲ ਹਨ, ਦਾ ਤੁਰੰਤ ਸਰਵੇਖਣ ਕਰਨ ਦਾ ਵੀ ਸੱਦਾ ਦਿੱਤਾ। ਉਨ੍ਹਾਂ ਨੇ ਨਿਰਦੇਸ਼ ਦਿੱਤੇ ਕਿ ਸਰਵੇਖਣ ਰਿਪੋਰਟ ਡਿਪਟੀ ਕਮਿਸ਼ਨਰਾਂ ਨੂੰ ਦਿੱਤੀ ਜਾਵੇ ਤਾਂ ਜੋ ਢੁਕਵੀਂ ਰਾਹਤ ਅਤੇ ਮੁਆਵਜ਼ੇ ਲਈ ਸੂਬਾ ਸਰਕਾਰ ਨੂੰ ਅੱਗੇ ਭੇਜਿਆ ਜਾ ਸਕੇ। ਭਗਵੰਤ ਸਿੰਘ ਮਾਨ ਨੇ ਅਧਿਕਾਰੀਆਂ ਨੂੰ ਜਲ ਸਪਲਾਈ ਸਕੀਮਾਂ, ਸਟਰੀਟ ਲਾਈਟਾਂ, ਸੀਵਰੇਜ ਟ੍ਰੀਟਮੈਂਟ ਪਲਾਂਟਾਂ (ਐਸ.ਟੀ.ਪੀ.) ਅਤੇ ਖਰਾਬ ਹੋਈਆਂ ਸੜਕਾਂ ਦੀ ਮੁਰੰਮਤ ਦਾ ਕੰਮ ਤੁਰੰਤ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਸਪੱਸ਼ਟ ਕੀਤਾ ਕਿ ਸੜਕਾਂ ਦੀ ਮੁਰੰਮਤ ਵਿੱਚ ਤੇਜ਼ੀ ਲਿਆਉਣ ਜਾਂ ਖੱਡੇ ਭਰਨ ਦਾ ਕੰਮ ਮੌਨਸੂਨ ਸੀਜ਼ਨ ਖਤਮ ਹੋਣ ਤੋਂ ਬਾਅਦ ਹੀ ਸ਼ੁਰੂ ਹੋਣਾ ਚਾਹੀਦਾ ਹੈ।

ਮੁੱਖ ਮੰਤਰੀ ਨੇ ਸਾਰੀਆਂ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਤਰਜੀਹ ਦੇ ਅਧਾਰ 'ਤੇ ਲੋੜੀਂਦੇ ਕੰਮਾਂ ਦੀ ਸੂਚੀ ਤਿਆਰ ਕਰਨ, ਸਮਾਂ-ਸੀਮਾ ਨਿਰਧਾਰਤ ਕਰਨ ਅਤੇ ਹਰੇਕ ਕੰਮ ਲਈ ਜ਼ਿੰਮੇਵਾਰ ਅਧਿਕਾਰੀ ਨਿਯੁਕਤ ਕਰਨ ਲਈ ਕਿਹਾ। ਪਾਰਦਰਸ਼ਤਾ 'ਤੇ ਜ਼ੋਰ ਦਿੰਦੇ ਹੋਏ ਭਗਵੰਤ ਸਿੰਘ ਮਾਨ ਨੇ ਜਨਤਕ ਫੰਡਾਂ ਦੀ ਸਮਝਦਾਰੀ ਨਾਲ ਵਰਤੋਂ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਨੇ ਸਥਾਨਕ ਸੰਸਥਾਵਾਂ ਨੂੰ ਰਾਹਤ ਅਤੇ ਮੁੜ ਵਸੇਬੇ ਦੇ ਕਾਰਜਾਂ ਵਿੱਚ ਲੋਕਾਂ ਦੀ ਭਾਈਵਾਲੀ ਨੂੰ ਲਾਮਬੰਦ ਕਰਨ ਲਈ ਸਥਾਨਕ ਯੂਥ ਕਲੱਬਾਂ, ਐਨ.ਜੀ.ਓ. ਅਤੇ ਸਮਾਜਿਕ ਸੰਗਠਨਾਂ ਨੂੰ ਸ਼ਾਮਲ ਕਰਨ ਦੀ ਵੀ ਅਪੀਲ ਕੀਤੀ।

ਮੁੱਖ ਮੰਤਰੀ ਨੇ ਨਿਰਦੇਸ਼ ਦਿੱਤੇ ਕਿ ਰਾਹਤ ਅਤੇ ਪੁਨਰਵਾਸ ਗਤੀਵਿਧੀਆਂ ਦੇ ਤਾਲਮੇਲ ਵਿੱਚ ਸਹਾਇਤਾ ਲਈ ਵੱਖ-ਵੱਖ ਸ਼ਹਿਰੀ ਜ਼ੋਨਾਂ, ਖਾਸ ਕਰਕੇ ਵੱਡੇ ਕਸਬਿਆਂ ਲਈ ਨੋਡਲ ਅਫਸਰ ਨਿਯੁਕਤ ਕੀਤੇ ਜਾਣ। ਉਨ੍ਹਾਂ ਕਿਹਾ ਕਿ ਸੰਚਾਰ ਅਤੇ ਸਹਾਇਤਾ ਲਈ ਇਨ੍ਹਾਂ ਨੋਡਲ ਅਫਸਰਾਂ ਦੇ ਨਾਮ ਅਤੇ ਸੰਪਰਕ ਨੰਬਰ ਸ਼ਹਿਰ ਵਾਸੀਆਂ ਨਾਲ ਸਾਂਝੇ ਕੀਤੇ ਜਾਣੇ ਚਾਹੀਦੇ ਹਨ। ਭਗਵੰਤ ਸਿੰਘ ਮਾਨ ਨੇ ਚੱਲ ਰਹੇ ਰਾਹਤ ਅਤੇ ਪੁਨਰਵਾਸ ਯਤਨਾਂ ਦੀ ਰਿਪੋਰਟਿੰਗ ਅਤੇ ਤਸਦੀਕ ਵਿੱਚ ਸਹਾਇਤਾ ਲਈ ਪੈਸਕੋ ਦੇ ਸਾਬਕਾ ਸੈਨਿਕਾਂ ਨੂੰ ਸ਼ਾਮਲ ਕਰਨ ਦੀ ਮਹੱਤਤਾ 'ਤੇ ਵੀ ਚਾਨਣਾ ਪਾਇਆ।

ਮੁੱਖ ਮੰਤਰੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਕਮਿਸ਼ਨਰਾਂ ਨੂੰ ਉਨ੍ਹਾਂ ਦੇ ਸਬੰਧਤ ਨਗਰ ਨਿਗਮਾਂ ਵਿੱਚ ਅਜਿਹੀਆਂ ਸਾਰੀਆਂ ਗਤੀਵਿਧੀਆਂ ਲਈ ਜਵਾਬਦੇਹ ਬਣਾਇਆ ਜਾਵੇਗਾ। ਇਸੇ ਤਰ੍ਹਾਂ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ/ਜਨਰਲ) ਆਪਣੇ ਜ਼ਿਲ੍ਹਿਆਂ ਵਿੱਚ ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੁਆਰਾ ਕੀਤੇ ਗਏ ਨੁਕਸਾਨ ਦੀ ਰਿਪੋਰਟਿੰਗ ਅਤੇ ਮੁੜ ਵਸੇਬੇ ਦੇ ਕਾਰਜਾਂ ਦੀ ਨਿਗਰਾਨੀ ਕਰਨਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਯਤਨਾਂ ਵਿੱਚ ਕਿਸੇ ਵੀ ਕਿਸਮ ਦੀ ਲਾਪਰਵਾਹੀ ਜਾਂ ਢਿੱਲ-ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਮੌਕੇ ਕੈਬਨਿਟ ਮੰਤਰੀ ਡਾ. ਰਵਜੋਤ, ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਅਤੇ ਹੋਰ ਵੀ ਮੌਜੂਦ ਸਨ।

# ਵਿਸ਼ਵ ਸੈਰ-ਸਪਾਟਾ ਦਿਵਸ: ਪੰਜਾਬ ਨੇ ਦੁਨੀਆਂ ਭਰ ਦੇ ਲੋਕਾਂ ਨੂੰ ਸੂਬੇ ਦੇ ਵੰਨ-ਸੁਵੰਨੇ ਸੱਭਿਆਚਾਰ, ਵਿਰਾਸਤ ਅਤੇ ਪ੍ਰਾਹੁਣਚਾਰੀ ਨੂੰ ਮਾਨਣ ਦਾ ਸੱਦਾ ਦਿੱਤਾ : ਸੌਂਦ

**ਚੰਡੀਗੜ੍ਹ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਸ਼ਵ ਸੈਰ-ਸਪਾਟਾ ਦਿਵਸ ਮੌਕੇ ਪੰਜਾਬ ਦੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਪੰਜਾਬ ਨੂੰ ਵਿਸ਼ਵ ਭਰ ਦੇ ਸੈਲਾਨੀਆਂ ਲਈ ਇੱਕ ਮੋਹਰੀ ਸੱਭਿਆਚਾਰਕ ਅਤੇ ਵਿਰਾਸਤੀ ਸਥਾਨ ਵਜੋਂ ਉਭਾਰਨ ਲਈ ਸੂਬਾ ਸਰਕਾਰ ਦੀ ਵਚਨਬੱਧਤਾ ਦੁਹਰਾਈ।



ਸੌਂਦ ਨੇ ਕਿਹਾ ਕਿ ਸਾਲ 2024 ਦੌਰਾਨ ਸੈਰ-ਸਪਾਟਾ ਵਿਭਾਗ ਵੱਲੋਂ ਮਾਘੀ ਮੇਲਾ, ਬਸੰਤ ਤਿਉਹਾਰ, ਕਪੂਰਥਲਾ ਹੈਰੀਟੇਜ ਫੈਸਟੀਵਲ, ਕਿਲਾ ਰਾਏਪੁਰ ਪੇਂਡੂ ਓਲੰਪਿਕ, ਨੇਚਰ ਫੈਸਟੀਵਲ, ਬਠਿੰਡਾ ਵਿਰਾਸਤੀ ਮੇਲਾ, ਪਟਿਆਲਾ ਹੈਰੀਟੇਜ ਫੈਸਟੀਵਲ, ਹੋਲਾ ਮੁਹੱਲਾ ਅਤੇ ਨਿਹੰਗ ਓਲੰਪਿਕ ਸਮੇਤ ਕਈ ਪ੍ਰਮੁੱਖ ਸੱਭਿਆਚਾਰਕ ਮੇਲੇ ਅਤੇ ਤਿਉਹਾਰ ਕਰਵਾਏ ਗਏ।

ਇਨ੍ਹਾਂ ਸਮਾਗਮਾਂ ਨੇ ਜਿੱਥੇ ਪੰਜਾਬ ਦੇ ਅਮੀਰ ਰੀਤੀ ਰਿਵਾਜ਼ ਨੂੰ ਪ੍ਰਦਰਸ਼ਿਤ ਕੀਤਾ ਉੱਥੇ ਹੀ ਘਰੇਲੂ ਅਤੇ ਅੰਤਰਰਾਸ਼ਟਰੀ ਸੈਲਾਨੀਆਂ ਨੂੰ ਆਕਰਸਿ ?ਤ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਈ।

ਸੈਰ ਸਪਾਟਾ ਮੰਤਰੀ ਨੇ ਅੱਗੇ ਕਿਹਾ ਕਿ ਇਸੇ ਤਰ੍ਹਾਂ 2025 ਵਿੱਚ ਵੀ ਸਾਡੇ ਤਿਉਹਾਰ ਵੱਡੇ ਪੱਧਰ ▾ਉੱਤੇ ਮਨਾਏ ਜਾ ਰਹੇ ਹਨ, ਜੋ ਦੁਨੀਆ ਭਰ ਦੇ ਸੈਲਾਨੀਆਂ ਨੂੰ ਆਕਰਸ਼ਿਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਸਾਲ ਦੀ ਸ਼ੁਰੂਆਤ ਫਿਰੋਜ਼ਪੁਰ ਵਿੱਚ ਬਸੰਤ ਮੇਲਾ, ਕਿਲਾ ਰਾਏਪੁਰ ਪੇਂਡੂ ਓਲੰਪਿਕ, ਪਟਿਆਲਾ ਹੈਰੀਟੇਜ ਫੈਸਟੀਵਲ, ਸ਼ਹੀਦ ਭਗਤ ਸਿੰਘ ਨਗਰ ਵਿੱਚ ਇਨਕਲਾਬ ਫੈਸਟੀਵਲ ਅਤੇ ਕਈ ਹੋਰ ਸਮਾਗਮਾਂ ਨਾਲ ਹੋਈ।

ਉਨ੍ਹਾਂ ਅੱਗੇ ਕਿਹਾ ਕਿ ਪੰਜਾਬ, ਨਵੰਬਰ 2025 ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਮੌਕੇ ਗੁਰੂ ਸਾਹਿਬ ਨੂੰ ਸ਼ਰਧਾਂਜਲੀ ਦੇਣ ਅਤੇ ਉਨ੍ਹਾਂ ਦੇ ਬਲੀਦਾਨ ਅਤੇ ਸੰਦੇਸ਼ ਨੂੰ ਅੱਗੇ ਫੈਲਾਉਣ ਲਈ ਕਈ ਸਮਾਗਮਾਂ ਦੀ ਲੜੀ ਮਨਾਉਣ ਜਾ ਰਿਹਾ ਹੈ । ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਵਿਭਾਗ ਨੂੰ ਇਸ ਇਤਿਹਾਸਕ ਯਾਦਗਾਰ ਦੀ ਯੋਜਨਾਬੰਦੀ ਅਤੇ ਪ੍ਰਬੰਧਨ ਲਈ ਨੋਡਲ ਵਿਭਾਗ ਵਜੋਂ ਜ਼ਿੰਮੇਵਾਰੀ ਦਿੱਤੀ ਗਈ ਹੈ।ਸੌਂਦ ਨੇ ਕਿਹਾ, ਪੰਜਾਬ ਸੰਤਾਂ, ਸ਼ਹੀਦਾਂ ਅਤੇ ਕਵੀਆਂ ਦੀ ਧਰਤੀ ਹੈ। ਵਿਸ਼ਵ ਸੈਰ-ਸਪਾਟਾ ਦਿਵਸ ਮੌਕੇ ਅਸੀਂ ਦੁਨੀਆ ਨੂੰ ਸਾਡੀ ਸੱਭਿਆਚਾਰਕ ਅਮੀਰੀ, ਵਿਰਾਸਤ ਅਤੇ ਪ੍ਰਾਹੁਣਚਾਰੀ ਨੂੰ ਅਨੁਭਵ ਕਰਨ ਲਈ ਸੱਦਾ ਦਿੰਦੇ ਹਾਂ, ।

# ਦੋ ਨਸ਼ਾ ਤਸਕਰ 5.31 ਗ੍ਰਾਮ ਹੈਰੋਇਨ ਸਣੇ ਕਾਬੂ

**ਰਤੀਆ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲੀਸ ਸੁਪਰਡੈਂਟ ਸਿਧਾਂਤ ਜੈਨ ਦੀ ਅਗਵਾਈ ਹੇਠ ਸਦਰ ਰਤੀਆ ਪੁਲੀਸ ਨੇ ਅਪਰਾਧ ਅਤੇ ਨਸ਼ਾ ਮੁਕਤ ਮੁਹਿੰਮ ਵਿੱਚ ਕਾਰਵਾਈ ਕਰਦਿਆਂ ਦੋ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ।



ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 5.31 ਗ੍ਰਾਮ ਹੈਰੋਇਨ ਬਰਾਮਦ ਕੀਤੀ। ਸਦਰ ਰਤੀਆ ਪੁਲੀਸ ਸਟੇਸ਼ਨ ਦੇ ਇੰਚਾਰਜ ਇੰਸਪੈਕਟਰ ਬਿਜੇਂਦਰ ਸਿੰਘ ਨੇ ਦੱਸਿਆ ਕਿ ਸਹਾਇਕ ਸਬ-ਇੰਸਪੈਕਟਰ ਜਗਦੀਸ਼ ਚੰਦਰ ਦੀ ਅਗਵਾਈ ਹੇਠ ਇੱਕ ਪੁਲੀਸ ਟੀਮ ਸਰਦਾਰਵਾਲਾ ਪਿੰਡ ਨੇੜੇ ਗਸ਼ਤ ਕਰ ਰਹੀ ਸੀ। ਗਸ਼ਤ ਕਰਦੇ ਸਮੇਂ ਪੁਲੀਸ ਨੇ ਮੋਟਰਸਾਈਕਲ 'ਤੇ ਸਵਾਰ ਦੋ ਸ਼ੱਕੀ ਵਿਅਕਤੀਆਂ ਨੂੰ ਰੋਕਿਆ ਅਤੇ ਉਨ੍ਹਾਂ ਦੀ ਤਲਾਸ਼ੀ ਲਈ ਗਈ। ਪੁਲੀਸ ਨੇ ਦੱਸਿਆ ਕਿ ਤਲਾਸ਼ੀ ਦੌਰਾਨ ਉਨ੍ਹਾਂ ਤੋਂ 5.31 ਗ੍ਰਾਮ ਹੈਰੋਇਨ ਬਰਾਮਦ ਹੋਈ। ਦੋਵੇਂ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਗੁਰਪ੍ਰੀਤ ਸਿੰਘ ਅਤੇ ਇਕਬਾਲ ਸਿੰਘ ਦੋਵੇਂ ਵਾਸੀ ਤੇਲੀਆ ਜ਼ਿਲ੍ਹਾ ਮਾਨਸਾ, ਪੰਜਾਬ ਵਜੋਂ ਹੋਈ ਹੈ।

ਦੋਵੇਂ ਮੁਲਜ਼ਮਾਂ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਵਿਰੁੱਧ ਐੱਨ ਡੀ ਪੀ ਐੱਸ ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਸਦਰ ਪੁਲੀਸ ਸਟੇਸ਼ਨ ਰਤੀਆ ਵਿੱਚ ਮਾਮਲਾ ਦਰਜ ਕੀਤਾ ਗਿਆ ਹੈ। ਇਸ ਦੌਰਾਨ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਰਤੀਆ ਪੁਲੀਸ ਨਸ਼ਾ ਤਸਕਰਾਂ 'ਤੇ ਲਗਾਤਾਰ ਸ਼ਿਕੰਜਾ ਕੱਸ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਨਸ਼ਾ ਤਸਕਰ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

# ਰੇਲ ਸੰਚਾਲਨ ਵਿਚ ਗੰਭੀਰ ਖ਼ਾਮੀਆਂ ਕਾਰਨ 2 ਅਧਿਕਾਰੀਆਂ ਦਾ ਤਬਾਦਲਾ



**ਅੰਬਾਲਾ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਬਾਲਾ ਕੈਂਟ ਰੇਲਵੇ ਜੰਕਸ਼ਨ 'ਤੇ ਲਾਪਰਵਾਹੀ ਦਾ ਇੱਕ ਵੱਡਾ ਮਾਮਲਾ ਸਾਹਮਣੇ ਆਇਆ ਹੈ। ਰੇਲਗੱਡੀ ਸੰਚਾਲਨ ਨਾਲ ਸਬੰਧਿਤ ਸਾਵਧਾਨੀ ਪ੍ਰਕਿਰਿਆਵਾਂ ਵਿੱਚ ਗੰਭੀਰ ਖ਼ਾਮੀਆਂ ਮਿਲਣ ਤੋਂ ਬਾਅਦ ਡਿਵੀਜ਼ਨਲ ਰੇਲਵੇ ਮੈਨੇਜਰ (ਡੀਆਰਐਮ) ਨੇ ਸਖ਼ਤ ਕਾਰਵਾਈ ਕਰਦਿਆਂ ਅੰਬਾਲਾ ਕੈਂਟ ਰੇਲਵੇ ਸਟੇਸ਼ਨ ਦੇ ਸਟੇਸ਼ਨ ਮਾਸਟਰ ਪ੍ਰਵੀਨ ਕੁਮਾਰ ਮੀਨਾ ਦਾ ਤਬਾਦਲਾ ਕੀਰਤਪੁਰ ਸਾਹਿਬ ਅਤੇ ਸਟੇਸ਼ਨ ਸੁਪਰਡੈਂਟ ਰਾਮ ਦਾ ਤਬਾਦਲਾ ਸਰਹਿੰਦ ਰੇਲਵੇ ਸਟੇਸ਼ਨ ਲਈ ਕਰ ਦਿੱਤਾ ਹੈ।

ਸੂਤਰਾਂ ਅਨੁਸਾਰ ਅੰਬਾਲਾ ਰੇਲਵੇ ਡਿਵੀਜ਼ਨ ਦੇ ਅਧੀਨ ਇੱਕ ਸੈਕਸ਼ਨ 'ਤੇ ਸੁਰੱਖਿਆ ਦਾ ਕੰਮ ਚੱਲ ਰਿਹਾ ਸੀ ਜਿਸ ਲਈ ਉਸ ਸਥਾਨ ਤੋਂ 20 ਤੋਂ 30 ਕਿੱਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਰੇਲਗੱਡੀਆਂ ਚਲਾਉਣ ਦੇ ਨਿਰਦੇਸ਼ ਜਾਰੀ ਕੀਤੇ ਗਏ ਸਨ। ਇਸ ਸਾਵਧਾਨੀ ਸਬੰਧੀ ਗੱਡੀਆਂ ਦੇ ਡਰਾਈਵਰਾਂ ਨੂੰ ਜਾਣਕਾਰੀ ਦੇਣ ਦੀ ਜ਼ਿੰਮੇਵਾਰੀ ਅੰਬਾਲਾ ਕੈਂਟ ਦੇ ਸਟੇਸ਼ਨ ਮਾਸਟਰ ਪ੍ਰਵੀਨ ਕੁਮਾਰ ਮੀਨਾ ਨੂੰ ਦਿੱਤੀ ਗਈ ਸੀ ਤਾਂ ਕਿ ਡਰਾਈਵਰ ਪ੍ਰਭਾਵਿਤ ਸੈਕਸ਼ਨ ਤੇ ਗੱਡੀਆਂ ਧਿਆਨ ਨਾਲ ਅਤੇ ਨਿਰਧਾਰਿਤ ਗਤੀ ਤੇ ਚਲਾਉਣ।

ਇਸ ਦੌਰਾਨ ਗੰਭੀਰ ਗਲਤੀ ਇਹ ਹੋਈ ਕਿ ਕੁਝ ਡਰਾਈਵਰਾਂ ਤੱਕ ਸੁਨੇਹਾ ਨਾ ਪਹੁੰਚਿਆ ਅਤੇ ਉਹ ਆਮ ਗਤੀ ਤੇ ਗੱਡੀਆਂ ਲੰਘਾ ਗਏ ਜਿਸ ਕਰਕੇ ਕੋਈ ਗੰਭੀਰ ਹਾਦਸਾ ਹੋ ਸਕਦਾ ਸੀ।

ਮਾਮਲਾ ਡੀਆਰਐੱਮ ਵਿਨੋਦ ਭਾਟੀਆ ਦੇ ਸਾਹਮਣੇ ਆਉਣ 'ਤੇ ਸਟੇਸ਼ਨ ਮਾਸਟਰ ਪ੍ਰਵੀਨ ਕੁਮਾਰ ਮੀਨਾ ਦਾ ਤਬਾਦਲਾ ਕਰ ਦਿੱਤਾ ਅਤੇ ਦੋ ਦਿਨ ਬਾਅਦ ਸਟੇਸ਼ਨ ਸੁਪਰਡੈਂਟ ਰਾਮ ਚਾਂਦਨਾ ਨੂੰ ਵੀ ਤਬਦੀਲ ਕਰ ਦਿੱਤਾ। ਡੀਆਰਐਮ ਨੇ ਸਪਸ਼ਟ ਤੌਰ 'ਤੇ ਕਿਹਾ ਕਿ ਸੁਰੱਖਿਆ ਨਿਯਮਾਂ ਦੀ ਅਣਦੇਖੀ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਇਸ ਮਾਮਲੇ ਨੂੰ ਲੈ ਕੇ ਰੇਲਵੇ ਦੀਆਂ ਦੋਹਾਂ ਯੂਨੀਅਨਾਂ ਨੇ ਡੀਆਰਐੱਮ ਨਾਲ ਮੁਲਾਕਾਤ ਕੀਤੀ ਅਤੇ ਜ਼ੋਰ ਦੇ ਕੇ ਕਿਹਾ ਕਿ ਇਸ ਮਾਮਲੇ ਵਿਚ ਸਟੇਸ਼ਨ ਸੁਪਰਡੈਂਟ ਨੇ ਕੋਈ ਕੁਤਾਹੀ ਨਹੀਂ ਕੀਤੀ, ਉਸ ਨੂੰ ਸਜ਼ਾ ਨਹੀਂ ਮਿਲਣੀ ਚਾਹੀਦੀ।

ਨਾਰਦਰਨ ਰੇਲਵੇ ਮੈਨਜ਼ ਯੂਨੀਅਨ ਦੇ ਜਨਰਲ ਸਕੱਤਰ ਡਾ. ਨਿਰਮਲ ਸਿੰਘ ਨੇ ਦੱਸਿਆ ਕਿ ਸਟੇਸ਼ਨ ਸੁਪਰਡੈਂਟ ਦੇ ਤਬਾਦਲੇ ਨੂੰ ਲੈ ਕੇ ਉਨ੍ਹਾਂ ਦੀ ਡੀਆਰਐਮ ਨਾਲ ਮੁਲਾਕਾਤ ਕੀਤੀ

ਜਿਸ ਤੋਂ ਬਾਅਦ ਡੀਆਰਐਮ ਨੇ ਕਿਹਾ ਕਿ ਸਟੇਸ਼ਨ ਸੁਪਰਡੈਂਟ ਦੇ ਤਬਾਦਲੇ ਸਬੰਧੀ ਸੋਧਿਆ ਹੋਇਆ ਹੁਕਮ ਜਾਰੀ ਕਰ ਦਿੱਤਾ ਜਾਵੇਗਾ। ਫ਼ਿਲਹਾਲ ਉਸ ਨੂੰ 10 ਦਿਨਾਂ ਦੀ ਛੁੱਟੀ 'ਤੇ ਭੇਜ ਦਿੱਤਾ ਗਿਆ ਹੈ।

# ਚੈੱਕ ਬਾਊਂਸ ਮਾਮਲਿਆਂ 'ਚ ਅਪੀਲ ਦਾਇਰ ਕਰਨ ਲਈ ਜਮ੍ਹਾਂ ਰਕਮ ਦੀ ਲੋੜ ਨਹੀਂ: ਹਾਈ ਕੋਰਟ

**ਚੰਡੀਗੜ੍ਹ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਪੱਸ਼ਟ ਕੀਤਾ ਹੈ ਕਿ ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ (Negotiable Instruments Act) ਦੀ ਧਾਰਾ 148 ਤਹਿਤ ਚੈੱਕ ਡਿਸਆਨਰ (dishonour) ਮਾਮਲਿਆਂ ਵਿੱਚ ਮੁਆਵਜ਼ੇ ਦੀ ਰਕਮ ਦਾ 20 ਫ਼ੀਸਦੀ ਜਮ੍ਹਾਂ ਕਰਵਾਉਣ ਨੂੰ ਸਜ਼ਾ ਖ਼ਿਲਾਫ਼ ਅਪੀਲ ਦਾਇਰ ਕਰਨ ਜਾਂ ਫ਼ੈਸਲਾ ਲੈਣ ਲਈ ਪੂਰਵ ਸ਼ਰਤ ਨਹੀਂ ਬਣਾਇਆ ਜਾ ਸਕਦਾ।

ਡਿਵੀਜ਼ਨ ਬੈਂਚ ਨੇ ਸਪੱਸ਼ਟ ਕੀਤਾ ਕਿ ਇੱਕ ਅਪੀਲੀ ਅਦਾਲਤ ਸਜ਼ਾ ਨੂੰ ਮੁਅੱਤਲ ਕਰਦੇ ਸਮੇਂ ਅਜਿਹੀ ਸ਼ਰਤ ਲਗਾ ਸਕਦੀ ਹੈ ਅਤੇ ਉਸ ਨਿਰਦੇਸ਼ ਦੀ ਪਾਲਣਾ ਨਾ ਕਰਨ ਨਾਲ ਅਪੀਲ ਮੁਅੱਤਲ ਹੋ ਸਕਦੀ ਹੈ ਪਰ ਅਪੀਲ ਦੇ ਅਧਿਕਾਰ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਜਸਟਿਸ ਅਨੂਪ ਚਿਤਕਾਰਾ ਅਤੇ ਜਸਟਿਸ ਸੰਜੇ ਵਸ਼ਿਸ਼ਠ ਦੇ 'ਵੱਡੇ ਬੈਂਚ' ਦਾ ਫ਼ੈਸਲਾ ਚੈੱਕ ਡਿਸਆਨਰ ਅਪੀਲਾਂ ਵਿੱਚ ਅੰਤਰਿਮ ਮੁਆਵਜ਼ੇ ਨਾਲ ਨਜਿੱਠਣ ਵਾਲੀ ਧਾਰਾ 148 ਦੇ ਦਾਇਰੇ ਅਤੇ ਸੰਚਾਲਨ ਸਬੰਧੀ ਚਾਰ ਕਾਨੂੰਨੀ ਪ੍ਰਸਤਾਵਾਂ ਨੂੰ ਹੱਲ ਕਰਨ ਦੇ ਹਵਾਲੇ 'ਤੇ ਆਇਆ ਹੈ।

ਅਦਾਲਤ ਨੇ ਫੈਸਲਾ ਸੁਣਾਇਆ ਕਿ ਵਿਧਾਨਕ ਵਿਵਸਥਾ, ਭਾਵੇਂ ਵਪਾਰਕ ਲੈਣ-ਦੇਣ ਦੀ ਰੱਖਿਆ ਕਰਨ ਦੇ ਉਦੇਸ਼ ਨਾਲ ਹੈ, 'ਅਪੀਲ ਦੀ ਸੁਣਵਾਈ ਲਈ ਜਮ੍ਹਾਂ ਰਕਮ ਨੂੰ ਲਾਜ਼ਮੀ ਪੂਰਵ ਸ਼ਰਤ ਮੰਨ ਕੇ ਕਾਨੂੰਨ ਨੂੰ ਮੁੜ ਲਿਖਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ।'ਬੈਂਚ ਨੇ ਕਿਹਾ ਕਿ ਸਜ਼ਾ ਮੁਅੱਤਲ ਕਰਨ 'ਤੇ ਵਿਚਾਰ ਕਰਦੇ ਸਮੇਂ ਜਮ੍ਹਾਂ ਰਕਮ ਲਈ ਸ਼ਰਤ ਲਗਾਉਣਾ ਅਪੀਲੀ ਅਦਾਲਤ ਦੀਆਂ ਸ਼ਕਤੀਆਂ ਦੇ ਅੰਦਰ ਹੈ।ਅਦਾਲਤ ਨੇ ਕਿਹਾ, "ਜ਼ਿਕਰ ਕੀਤੀਆਂ ਗਈਆਂ ਨਿਆਂਇਕ ਉਦਾਹਰਨਾਂ ਮੁਤਾਬਕ ਕਾਨੂੰਨੀ ਵਿਵਸਥਾ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ ਪਹਿਲੇ ਪ੍ਰਸਤਾਵ ਦਾ ਜਵਾਬ ਇਹ ਹੈ ਕਿ ਟਰਾਇਲ ਕੋਰਟ ਦੁਆਰਾ ਦਿੱਤੀ ਗਈ ਮੁਆਵਜ਼ਾ ਰਕਮ ਦਾ 20 ਫ਼ੀਸਦੀ ਜਮ੍ਹਾਂ ਕਰਨ ਦੀ ਸ਼ਰਤ ਲਗਾਉਣਾ ਅਪੀਲ ਵਿੱਚ ਸਜ਼ਾ ਮੁਅੱਤਲ ਕਰਨ ਦੀ ਅਰਜ਼ੀ ਦਾ ਫ਼ੈਸਲਾ ਕਰਦੇ ਸਮੇਂ ਟਿਕਾਊ ਹੈ ਜਦੋਂ ਦੋਸ਼ੀ ਠਹਿਰਾਉਣ ਅਤੇ ਸਜ਼ਾ ਦੇ ਆਦੇਸ਼ ਦੀ ਅਜੇ ਵੀ ਪੁਸ਼ਟੀ ਹੋਣ ਦੀ ਉਡੀਕ ਹੈ।"

ਬੈਂਚ ਨੇ ਕਿਹਾ ਕਿ ਅਜਿਹੀ ਸ਼ਰਤ ਦੀ ਪਾਲਣਾ ਨਾ ਕਰਨ ਨਾਲ ਸਜ਼ਾ ਦੀ ਮੁਅੱਤਲੀ ਰੱਦ ਹੋ ? ?ਸਕਦੀ ਹੈ।

ਸੁਪਰੀਮ ਕੋਰਟ ਦੇ ਫ਼ੈਸਲਿਆਂ ਦਾ ਹਵਾਲਾ ਦਿੰਦਿਆਂ ਜੱਜਾਂ ਨੇ ਜ਼ੋਰ ਦੇ ਕੇ ਕਿਹਾ, "ਅਪੀਲ ਅਦਾਲਤ ਜਿਸ ਨੇ ਇੱਕ ਸ਼ਰਤ 'ਤੇ ਸਜ਼ਾ ਨੂੰ ਮੁਅੱਤਲ ਕਰ ਦਿੱਤਾ ਹੈ, ਗੈਰ-ਪਾਲਣਾ ਨੂੰ ਦੇਖਣ ਤੋਂ ਬਾਅਦ, ਵਾਜਬ ਤੌਰ 'ਤੇ ਇਹ ਕਹਿ ਸਕਦੀ ਹੈ ਕਿ ਗੈਰ-ਪਾਲਣਾ ਦੇ ਕਾਰਨ ਮੁਅੱਤਲੀ ਰੱਦ ਹੋ ਗਈ ਸੀ... ਮੁਅੱਤਲੀ ਦੀ ਸ਼ਰਤ ਦੀ ਪਾਲਣਾ ਨਾ ਕਰਨਾ ਇਹ ਐਲਾਨ ਕਰਨ ਲਈ ਕਾਫ਼ੀ ਹੈ ਕਿ ਮੁਅੱਤਲੀ ਰੱਦ ਹੋ ਗਈ ਹੈ।"

ਅਦਾਲਤ ਨੇ ਸਜ਼ਾ ਦੀ ਮੁਅੱਤਲੀ ਅਤੇ ਅਪੀਲ ਦੇ ਵਿਆਪਕ ਅਧਿਕਾਰ ਦਰਮਿਆਨ ਇੱਕ ਸਪੱਸ਼ਟ ਰੇਖਾ ਵੀ ਖਿੱਚੀ। ਬੈਂਚ ਨੇ ਸਪੱਸ਼ਟ ਤੌਰ 'ਤੇ ਕਿਹਾ, " ਐੱਨਆਈ ਐਕਟ ਦੀ ਧਾਰਾ 148 ਤਹਿਤ ਮੁਆਵਜ਼ੇ ਦੀ ਰਕਮ ਦਾ 20 ਫ਼ੀਸਦੀ ਭੁਗਤਾਨ ਕਰਨ ਦੇ ਨਿਰਦੇਸ਼ ਦੀ ਪਾਲਣਾ ਨਾ ਕਰਨ ਕਾਰਨ ਜ਼ਮਾਨਤ ਦਾ ਅਧਿਕਾਰ ਅਪੀਲੀ ਅਦਾਲਤ ਦੁਆਰਾ ਖੋਹਿਆ ਨਹੀਂ ਜਾ ਸਕਦਾ, ਜਿੱਥੇ ਅਪੀਲ ਦਾ ਅੰਤਮ ਫ਼ੈਸਲਾ ਲੰਬਿਤ ਹੈ।"ਅਦਾਲਤ ਨੇ ਕਿਹਾ ਕਿ ਲਗਾਈਆਂ ਗਈਆਂ ਸ਼ਰਤਾਂ 'ਸਿਰਫ਼ ਸ਼ਰਤਾਂ' ਹੋਣੀਆਂ ਚਾਹੀਦੀਆਂ ਹਨ ਅਤੇ ਅਪੀਲਕਰਤਾ 'ਤੇ ਅਸਾਧਾਰਨ ਬੋਝ ਨਹੀਂ ਪਾਉਂਦੀਆਂ ਹੋਣੀਆਂ ਚਾਹੀਦੀਆਂ।

ਬੈਂਚ ਨੇ ਸਪੱਸ਼ਟ ਤੌਰ 'ਤੇ ਫੈਸਲਾ ਸੁਣਾਇਆ ਕਿ ਜਮ੍ਹਾ ਰਾਸ਼ੀ ਅਪੀਲ ਦਾ ਫ਼ੈਸਲਾ ਕਰਨ ਲਈ ਇੱਕ ਪੂਰਵ-ਸ਼ਰਤ ਨਹੀਂ ਸੀ। ਬੈਂਚ ਨੇ ਕਿਹਾ, "ਇਹ ਸਪੱਸ਼ਟ ਹੈ ਕਿ ਮੁਆਵਜ਼ੇ ਜਾਂ ਜੁਰਮਾਨੇ ਦੀ ਰਕਮ ਦਾ 20 ਫ਼ੀਸਦੀ ਜਮ੍ਹਾ ਨਾ ਕਰਵਾਉਣ ਨਾਲ ਦੋਸ਼ੀ ਨੂੰ ਅਪੀਲ ਦੇ ਅਧਿਕਾਰ ਸਣੇ ਉਸ ਦੇ ਕਿਸੇ ਵੀ ਅਸਲੀ ਅਧਿਕਾਰ ਤੋਂ ਵਾਂਝਾ ਨਹੀਂ ਕੀਤਾ ਜਾਵੇਗਾ... ਇਸ ਤਰ੍ਹਾਂ ਅਪੀਲ ਦਾ ਫ਼ੈਸਲਾ ਕਰਵਾਉਣ ਲਈ, ਅਪੀਲੀ ਅਦਾਲਤ ਦੁਆਰਾ ਰਾਸ਼ਟਰੀ ਨਿਆਂ ਐਕਟ ਦੀ ਧਾਰਾ 148 ਤਹਿਤ ਆਦੇਸ਼ ਦਿੱਤੀ ਗਈ ਰਕਮ ਜਮ੍ਹਾ ਕਰਨ ਲਈ ਕੋਈ ਪੂਰਵ-ਸ਼ਰਤ ਨਹੀਂ ਹੋ ਸਕਦੀ।"

ਬੈਂਚ ਨੇ ਕਿਹਾ ਕਿ ਜੇਕਰ ਅਪੀਲ ਦਾ ਫ਼ੈਸਲਾ 60 ਦਿਨਾਂ ਦੇ ਅੰਦਰ ਨਹੀਂ ਕੀਤਾ ਜਾਂਦਾ ਹੈ ਤਾਂ 30 ਦਿਨਾਂ ਦੇ ਸੰਭਾਵਿਤ ਵਾਧੇ ਦੇ ਨਾਲ ਮੁਆਵਜ਼ੇ ਦੀ ਰਕਮ ਜਮ੍ਹਾ ਕਰਨ ਲਈ ਦੋਸ਼ੀ ਨੂੰ ਹਦਾਇਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ।ਅਦਾਲਤ ਨੇ ਸਪੱਸ਼ਟ ਕੀਤਾ ਕਿ ਧਾਰਾ 148 ਰਾਸ਼ਟਰੀ ਨਿਆਂ ਐਕਟ ਤਹਿਤ ਰਕਮ ਦਾ 20 ਫ਼ੀਸਦੀ ਜਮ੍ਹਾ ਸਜ਼ਾ ਨੂੰ ਮੁਅੱਤਲ ਕਰਨ ਲਈ ਲੋੜੀਂਦਾ ਹੋ ਸਕਦਾ ਹੈ, ਪਰ ਅਪੀਲ ਦਾਇਰ ਕਰਨ ਜਾਂ ਫੈਸਲਾ ਲੈਣ ਲਈ ਨਹੀਂ।ਪਾਲਣਾ ਨਾ ਕਰਨ ਨਾਲ ਮੁਅੱਤਲੀ ਰੱਦ ਹੋ ਸਕਦੀ ਹੈ ਪਰ ਅਪੀਲ ਕਰਨ ਦਾ ਅਧਿਕਾਰ ਨਹੀਂ ਖੋਹਿਆ ਜਾ ਸਕਦਾ।

ਜ਼ਮਾਨਤ ਅਤੇ ਅਪੀਲ ਦਾ ਅਧਿਕਾਰ ਠੋਸ ਅਧਿਕਾਰ ਹਨ, ਜਿਨ੍ਹਾਂ ਨੂੰ ਜਮ੍ਹਾਂ ਸ਼ਰਤਾਂ ਦੁਆਰਾ ਨਹੀਂ ਬੰਨ੍ਹਿਆ ਜਾਣਾ ਚਾਹੀਦਾ।

# ਨਸ਼ਾ ਛੁਡਾਊ ਵਿਸ਼ੇ 'ਤੇ ਭਾਸ਼ਣ ਮੁਕਾਬਲਾ



**ਸ਼ਾਹਬਾਦ ਮਾਰਕੰਡਾ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਰੀਆ ਕੰਨਿਆ ਕਾਲਜ 'ਐਂਟੀ ਤੰਬਾਕੂ ਅਤੇ ਐਂਟੀ ਡਰੱਗਜ਼ ਸੈੱਲ' ਦੀ ਕੋਆਰਡੀਨੇਟਰ ਅਤੇ ਪੰਜਾਬੀ ਵਿਭਾਗ ਦੀ ਮੁਖੀ ਡਾ. ਸਿਮਰਜੀਤ ਕੌਰ ਦੀ ਅਗਵਾਈ ਵਿੱਚ ਇਕ ਭਾਸ਼ਣ ਮੁਕਾਬਲ ਕਰਵਾਇਆ ਗਿਆ। ਇਸ ਮੁਕਾਬਲੇ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਤੰਬਾਕੂ ਅਤੇ ਨਸ਼ਾਖੋਰੀ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ।

ਵਿਦਿਆਰਥਣਾਂ ਨੂੰ ਸੰਬੋਧਿਤ ਕਰਦਿਆਂ ਕਾਲਜ ਦੀ ਪਿੰਸੀਪਲ ਡਾ. ਆਰਤੀ ਤਰੇਹਨ ਨੇ ਕਿਹਾ ਕਿ ਤੰਬਾਕੂ ਅਤੇ ਨਸ਼ਾਖੋਰੀ ਸਿਹਤ ਪਰਿਵਾਰ ਤੇ ਸਮਾਜ ਨੂੰ ਪ੍ਰਭਾਵਿਤ ਕਰਦੇ ਹਨ।

ਨੌਜਵਾਨ ਪੀੜੀ ਨੂੰ ਇਨ੍ਹਾਂ ਨੁਕਸਾਨਦੇਹ ਆਦਤਾਂ ਤੋਂ ਦੂਰ ਰਹਿਣਾ ਚਾਹੀਦਾ ਹੈ ਤੇ ਨਸ਼ਾ ਮੁਕਤ ਸਮਾਜ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਜੇਹੇ ਮੁਕਾਬਲਿਆਂ ਵਿੱਚ ਹਿੱਸਾ ਲੈਣਾ ਹੀ ਸਭ ਤੋਂ ਵੱਡੀ ਜਿੱਤ ਹੈ। ਵਿਦਿਆਰਥਣਾਂ ਨੂੰ ਉਤਸ਼ਾਹਿਤ ਕਰਦੇ ਹੋਏ ਸੈੱਲ ਦੀ ਕੋਆਰਡੀਨੇਟਰ ਡਾ. ਸਿਮਰਜੀਤ ਕੌਰ ਨੇ ਕਿਹਾ ਕਿ ਤੁਸੀਂ ਸਾਰੇ ਨੌਦਵਾਨ ਸਮਾਜ ਵਿੱਚ ਜਾਗਰੂਕਤਾ ਫੈਲਾਉਣ ਦਾ ਮਾਧਿਅਮ ਬਣ ਸਕਦੇ ਹੋ। ਉਨ੍ਹਾਂ ਕਿਹਾ ਕਿ ਨਸ਼ਾ ਉਹ ਬੁਰਾਈ ਹੈ ਜਿਸ ਨਾਲ ਵਿਅਕਤੀ ਆਪਣਾ ਆਪ ਅਤੇ ਪਰਿਵਾਰ ਦੇ ਨਾਲ-ਨਾਲ ਸਮਾਜ ਲਈ ਵੀ ਨੁਕਸਾਨ ਦਾਇਕ ਹੈ। ਨਸ਼ਾ ਕਰਨ ਵਾਲਾ ਵਿਅਕਤੀ ਜੀਵਨ ਵਿੱਚ ਕਦੇ ਅੱਗੇ ਨਹੀਂ ਵੱਧ ਸਕਦਾ। ਭਾਗੀਦਾਰਾਂ ਦੇ ਭਾਸ਼ਣਾਂ ਦਾ ਮੁਲਾਂਕਣ ਕਰਦੇ ਹੋਏ ਡਾ. ਮੁਮਤਾਜ ਨੇ ਕਿਹਾ ਕਿ ਵਿਦਿਆਰਥਣਾਂ ਦੀਆਂ ਪੇਸ਼ਕਾਰੀਆਂ ਪ੍ਰਭਾਵਸ਼ਾਲੀ ਅਤੇ ਜਾਗਰੂਕਤਾ ਵਧਾਉਣ ਵਾਲੀਆਂ ਸਨ। ਕਾਲਜ ਦੀਆਂ ਵੱਖ-ਵੱਖ ਫੈਕਲਟੀ ਦੀਆਂ 16 ਵਿਦਿਆਰਥਣਾਂ ਨੇ ਮੁਕਾਬਲਿਆਂ ਵਿੱਚ ਹਿੱਸਾ ਲਿਆ। ਵਿਦਿਆਰਥਣਾਂ ਨੇ ਤੰਬਾਕੂ ਅਤੇ ਨਸ਼ਿਆਂ ਖਿਲਾਫ ਭਾਸ਼ਣ ਦੇ ਕੇ ਸਮਾਜ ਨੂੰ ਸਿਹਤਮੰਦ ਅਤੇ ਨਸ਼ਾ ਮੁਕਤ ਬਣਾਉਣ ਦੇ ਸੰਕਲਪ ਨੂੰ ਦੁਹਰਾਇਆ। ਮੁਕਾਬਲੇ ਵਿੱਚ ਮਨਜੋਤ ਨੇ ਪਹਿਲਾ, ਵੰਸ਼ਿਕਾ ਨੇ ਦੂਜਾ ਤੇ ਅਲੀਸ਼ਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਤਿੰਨਾ ਨੇ ਨਸ਼ੇ ਵਿਰੁੱਧ ਆਪੋ-ਆਪਣੇ ਭਾਸ਼ਣ ਪੇਸ਼ ਕੀਤੇ। ਵਿਦਿਆਰਥਣਾਂ ਵੱਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਫੈਲਾਉਣ ਲਈ ਦਿੱਤੇ ਗਏ ਭਾਸ਼ਣ ਕਾਫ਼ੀ ਪ੍ਰਭਾਵਸ਼ਾਲੀ ਸਾਬਤ ਹੋਏ। ਇਸ ਦੌਰਾਨ ਸਟੇਜ ਦਾ ਸੰਚਾਲਨ ਡਾ. ਸਵਰਿਤੀ ਸ਼ਰਮਾ ਨੇ ਕੀਤਾ।

## ਸੰਪਾਦਕੀ

# ਪੰਜਾਬ ਵਿਚ ਆਉਣ ਵਾਲੇ ਹੜ੍ਹਾਂ ਨਾਲ ਕਿਵੇਂ ਨਜੀਠੀਏ ?

ਬੇਸ਼ੱਕ ਪੰਜਾਬ ਵਿੱਚ ਹੜ੍ਹਾਂ ਦਾ ਪਾਣੀ ਘੱਟ ਗਿਆ ਹੈ। ਇਹ ਹਾਲ ਦੇ ਦਹਾਕਿਆਂ 'ਚ ਸਭ ਤੋਂ ਭੈੜੇ ਹੜ੍ਹਾਂ ਵਿੱਚੋਂ ਇੱਕ ਸੀ, ਜਿਸ ਨੇ ਸਾਰੇ 23 ਜ਼ਿਲ੍ਹਿਆਂ ਨੂੰ ਪ੍ਰਭਾਵਿਤ ਕੀਤਾ ਅਤੇ 2,000 ਤੋਂ ਵੱਧ ਪਿੰਡਾਂ ਦੇ ਲਗਭਗ 20 ਲੱਖ ਲੋਕਾਂ ਨੂੰ ਮਾਰ ਪਈ। ਲੱਖਾਂ ਲੋਕ ਬੇਘਰ ਹੋਏ ਅਤੇ 50 ਤੋਂ ਵੱਧ ਲੋਕ ਹੜ੍ਹਾਂ ਨਾਲ ਸਬੰਧਿਤ ਘਟਨਾਵਾਂ ਵਿੱਚ ਮਾਰੇ ਗਏ। ਜ਼ਾਹਿਰ ਹੈ, ਖੇਤੀਬਾੜੀ ਖੇਤਰ ਦਾ ਸਭ ਤੋਂ ਵੱਧ ਨੁਕਸਾਨ ਹੋਇਆ ਹੈ; 1.7 ਲੱਖ ਹੈਕਟੇਅਰ ਤੋਂ ਵੱਧ ਖੇਤੀਯੋਗ ਜ਼ਮੀਨ ਪਾਣੀ ਵਿੱਚ ਡੁੱਬ ਗਈ। ਫ਼ਸਲਾਂ ਨੂੰ ਨੁਕਸਾਨ ਪਹੁੰਚਿਆ ਹੈ ਅਤੇ ਲੱਖਾਂ ਪਸ਼ੂਆਂ ਤੇ ਮੁਰਗੀਆਂ ਬਗੈਰਾ ਨੂੰ ਚਾਰੇ-ਦਾਣੇ ਅਤੇ ਆਸਰੇ ਤੋਂ ਬਿਨਾਂ ਰਹਿਣਾ ਪਿਆ ਹੈ। ਪਿੰਡਾਂ ਵਿੱਚ ਘਰਾਂ ਅਤੇ ਹੋਰ ਬੁਨਿਆਦੀ ਢਾਂਚੇ ਦਾ ਵੱਡਾ ਨੁਕਸਾਨ ਹੋਇਆ ਹੈ। ਹੜ੍ਹਾਂ ਤੋਂ ਬਾਅਦ ਦੇ ਹਾਲਾਤ ਹੋਰ ਵੀ ਚੁਣੌਤੀਪੂਰਨ ਹਨ। ਸਿਹਤ ਤੰਤਰ ਅਤੇ ਖੇਤੀ ਨੂੰ ਸਭ ਤੋਂ ਪਹਿਲਾਂ ਪੈਰਾਂ ਸਿਰ ਕਰਨਾ ਜ਼ਰੂਰੀ ਹੈ। ਖੜ੍ਹਾ ਪਾਣੀ ਮੱਛਰ ਪੈਦਾ ਕਰਦਾ ਹੈ, ਜਿਸ ਨਾਲ ਮਲੇਰੀਆ, ਡੇਂਗੂ ਤੇ ਚਿਕਨਗੁਨੀਆ ਹੋ ਸਕਦਾ ਹੈ। ਪੀਣ ਵਾਲਾ ਪਾਣੀ ਦੂਸ਼ਿਤ ਰਹਿੰਦਾ ਹੈ ਤਾਂ ਟਾਈਫਾਈਡ, ਦਸਤ ਤੇ ਹੈਪੇਟਾਈਟਸ ਵਰਗੀਆਂ ਬਿਮਾਰੀਆਂ ਵਧ ਸਕਦੀਆਂ ਹਨ। ਸੱਪ ਡਸਣ ਦਾ ਖ਼ਤਰਾ ਵੀ ਵਧ ਗਿਆ ਹੈ। ਜ਼ਮੀਨ ਦਾ ਵੱਡਾ ਹਿੱਸਾ ਗਾਰ ਅਤੇ ਰੇਤ ਹੇਠ ਹੈ, ਇਸ ਲਈ ਅਗਲੇ ਬਿਜਾਈ ਦੇ ਸੀਜ਼ਨ ਤੋਂ ਪਹਿਲਾਂ ਜ਼ਮੀਨ ਨੂੰ ਸੁਧਾਰਨ ਲਈ ਉਪਾਅ ਕਰਨੇ ਪੈਣਗੇ। ਝੋਨੇ ਦੀ ਖੜ੍ਹੀ ਫ਼ਸਲ ਦੀ ਬਰਬਾਦੀ ਅਤੇ ਦੇਰੀ ਨਾਲ ਕਣਕ ਦੀ ਬਿਜਾਈ ਫ਼ਸਲੀ ਚੱਕਰ ਨੂੰ ਵੀ ਪ੍ਰਭਾਵਿਤ ਕਰੇਗੀ। ਜਦੋਂ ਫ਼ਸਲਾਂ ਦਾ ਨੁਕਸਾਨ ਸਾਫ਼ ਦਿਸ ਰਿਹਾ ਹੈ, ਇਸ ਸੂਰਤ ਵਿੱਚ ਕਿਸਾਨਾਂ ਦੀ ਮਦਦ ਲਈ ਫੌਰੀ ਕਦਮ ਚੁੱਕਣ ਦੀ ਲੋੜ ਹੈ। ਸਰਕਾਰ ਨੂੰ ਸਿਹਤ ਤੇ ਸਿੱਖਿਆ ਦੇ ਬੁਨਿਆਦੀ ਢਾਂਚੇ ਨੂੰ ਹੋਏ ਨੁਕਸਾਨ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਹੜ੍ਹ ਦੇ ਪਾਣੀ ਨੇ 1,280 ਡਿਸਪੈਂਸਰੀਆਂ, ਸਿਹਤ ਤੇ ਤੰਦਰੁਸਤੀ ਕੇਂਦਰਾਂ, 100 ਤੋਂ ਵੱਧ ਕਮਿਊਨਿਟੀ ਹੈਲਥ ਸੈਂਟਰਾਂ ਅਤੇ 31 ਸਬ ਡਿਵੀਜ਼ਨਲ ਹਸਪਤਾਲ ਪਾਣੀ 'ਚ ਡੁਬੋ ਦਿੱਤੇ, ਜਿਸ ਨਾਲ ਜ਼ਰੂਰੀ ਸੇਵਾਵਾਂ 'ਚ ਵਿਘਨ ਪਿਆ ਅਤੇ ਕਈ ਸੌ ਕਰੋੜ ਰੁਪਏ ਦੇ ਯੰਤਰਾਂ ਨੂੰ ਨੁਕਸਾਨ ਪਹੁੰਚਿਆ ਹੈ। ਇਹ ਦੋਹਰਾ ਝਟਕਾ ਹੈ। ਸਿਹਤ ਸੰਭਾਲ 'ਚ ਰੁਕਾਵਟ ਉਦੋਂ ਪਈ, ਜਦ ਬਿਮਾਰੀਆਂ ਫੈਲਣ ਤੋਂ ਰੋਕਣ ਲਈ ਇਸ ਦੀ ਸਭ ਤੋਂ ਵੱਧ ਲੋੜ ਸੀ। ਸਿੱਖਿਆ ਢਾਂਚੇ ਦਾ ਵੀ ਵਿਆਪਕ ਨੁਕਸਾਨ ਹੋਇਆ ਹੈ। ਵੱਖ-ਵੱਖ ਜ਼ਿਲ੍ਹਿਆਂ ਵਿਚ ਲਗਭਗ 3,300 ਸਰਕਾਰੀ ਤੇ ਪ੍ਰਾਈਵੇਟ ਸਕੂਲ ਪ੍ਰਭਾਵਿਤ ਹੋਏ ਹਨ। ਹੜ੍ਹਾਂ ਕਾਰਨ ਸਕੂਲ ਬੰਦ ਕਰਨੇ ਪਏ ਅਤੇ ਇਨ੍ਹਾਂ ਵਿੱਚੋਂ ਕਈ ਇਸ ਹੱਦ ਤੱਕ ਨੁਕਸਾਨੇ ਗਏ ਕਿ ਕੁਝ ਹੋਰ ਸਮੇਂ ਲਈ ਕੰਮ ਨਹੀਂ ਕਰ ਸਕਣਗੇ, ਵਿਸ਼ੇਸ਼ ਤੌਰ 'ਤੇ ਗੁਰਦਾਸਪੁਰ, ਫ਼ਿਰੋਜ਼ਪੁਰ ਤੇ ਫ਼ਾਜ਼ਿਲਕਾ ਦੇ ਸਭ ਤੋਂ ਵੱਧ ਪ੍ਰਭਾਵਿਤ ਖੇਤਰਾਂ ਵਿੱਚ। ਕਈ ਥਾਈਂ ਸਕੂਲ ਇਮਾਰਤਾਂ ਦੀ ਬਣਤਰ ਨੁਕਸਾਨੀ ਗਈ ਹੈ। ਇਉਂ ਹਜ਼ਾਰਾਂ ਬੱਚਿਆਂ ਦੀ ਪੜ੍ਹਾਈ ਵਿੱਚ ਵਿਘਨ ਪਿਆ ਹੈ। ਪੰਜਾਬ ਦੀ ਆਫ਼ਤ ਪ੍ਰਬੰਧਨ ਯੋਜਨਾ (ਐੱਸ ਡੀ ਐੱਮ ਪੀ) ਜੋਖ਼ਿਮ ਦੇ ਉੱਚੇ ਪੱਧਰ ਕਾਰਨ ਹੜ੍ਹਾਂ ਨੂੰ ਵੱਡੇ ਖ਼ਤਰੇ ਵਜੋਂ ਮਾਨਤਾ ਦਿੰਦੀ ਹੈ। ਇਸ ਦੇ ਕਾਰਨਾਂ ਦੀ ਵੀ ਚੰਗੀ ਤਰ੍ਹਾਂ ਸ਼ਨਾਖ਼ਤ ਕੀਤੀ ਜਾ ਚੁੱਕੀ ਹੈ। ਲਗਭਗ 80 ਫ਼ੀਸਦੀ ਮੀਂਹ ਤਿੰਨ ਮਹੀਨਿਆਂ ਵਿੱਚ ਪੈਂਦਾ ਹੈ ਜੋ ਮੁੱਖ ਫ਼ਸਲੀ ਸੀਜ਼ਨ ਨਾਲ ਮੇਲ ਖਾਂਦੀ ਹੈ। ਬਰਸਾਤੀ ਮੈਦਾਨਾਂ 'ਤੇ ਕਬਜ਼ੇ ਵਧੇ ਹਨ, ਪਰ ਉੱਥੇ ਰਹਿਣ ਵਾਲਿਆਂ ਦੇ ਸਮਾਜਿਕ ਆਰਥਿਕ ਹਾਲਾਤ ਮਾੜੇ ਹਨ, ਕਿਉਂਕਿ ਸਥਾਨਕ ਅਰਥਚਾਰਾ ਮੁੱਖ ਤੌਰ 'ਤੇ ਮੌਨਸੂਨ ਵਾਲੇ ਝੋਨੇ 'ਤੇ ਨਿਰਭਰ ਹੈ। ਹੜ੍ਹ ਦੀ ਸੰਭਾਵਨਾ ਵਾਲੇ ਖੇਤਰਾਂ ਵਿੱਚ ਬਹੁਤ ਘੱਟ ਜਾਂ ਬਿਲਕੁਲ ਵੀ ਜੰਗਲਾਤ ਨਹੀਂ। ਬਿਆਸ, ਸਤਲੁਜ, ਰਾਵੀ ਅਤੇ ਕੁਝ ਹੱਦ ਤੱਕ ਘੱਗਰ ਦੀ ਹੜ੍ਹ ਲਿਆਉਣ ਵਾਲੇ ਦਰਿਆਵਾਂ ਵਜੋਂ ਸ਼ਨਾਖ਼ਤ ਕੀਤੀ ਗਈ ਹੈ। ਸਾਲਾਂ ਦੌਰਾਨ ਜਲ ਭੰਡਾਰਾਂ ਅਤੇ ਬੰਨ੍ਹਾਂ ਦੇ ਨਿਰਮਾਣ ਦੁਆਰਾ ਬਿਆਸ, ਸਤਲੁਜ ਤੇ ਰਾਵੀ ਵਿੱਚ ਹੜ੍ਹ ਦੀ ਸਮੱਸਿਆ ਨੂੰ ਘਟਾਇਆ ਗਿਆ ਹੈ, ਪਰ ਜਲ ਭੰਡਾਰਾਂ ਤੋਂ ਵਾਧੂ ਪਾਣੀ ਛੱਡਣ ਅਤੇ ਬੰਨ੍ਹਾਂ ਵਿੱਚ ਦਰਾੜਾਂ ਆਉਣ ਕਾਰਨ ਹੜ੍ਹ ਦਾ ਖ਼ਤਰਾ ਬਣਿਆ ਹੋਇਆ ਹੈ। ਆਮ ਹਾਲਾਤ 'ਚ ਪਾਣੀ ਨਾਲ ਜ਼ਮੀਨ ਦੇ ਖੁਰਨ ਦੀ ਸਮੱਸਿਆ ਵੀ ਗੰਭੀਰ ਹੈ। ਲਗਭਗ 60 ਫ਼ੀਸਦੀ ਮਿੱਟੀ ਜੋ ਪਾਣੀ ਨਾਲ ਰੁੜ੍ਹ ਜਾਂਦੀ ਹੈ, ਉਹ ਦਰਿਆਵਾਂ, ਨਾਲਿਆਂ ਅਤੇ ਝੀਲਾਂ ਵਿੱਚ ਬੈਠ ਜਾਂਦੀ ਹੈ, ਜਿਸ ਨਾਲ ਜਲ ਮਾਰਗਾਂ 'ਚ ਹੜ੍ਹ ਆਉਣ ਦਾ ਖ਼ਦਸ਼ਾ ਵਧ ਜਾਂਦਾ ਹੈ, ਤੇ ਨਾਲ ਹੀ ਖਾਦਾਂ ਤੇ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਨਾਲ ਜਲ ਨਿਕਾਸ ਪ੍ਰਣਾਲੀਆਂ ਦੂਸ਼ਿਤ ਹੋ ਜਾਂਦੀਆਂ ਹਨ। ਬੰਨ੍ਹ ਮਜ਼ਬੂਤ ਕਰਨ, ਨਿਕਾਸੀ ਪ੍ਰਬੰਧ ਸੁਧਾਰਨ, ਨਦੀਆਂ ਵਿੱਚੋਂ ਗਾਰ ਕੱਢਣ, ਕਬਜ਼ੇ ਰੋਕਣ, ਪਿੰਡਾਂ ਦੇ ਛੱਪੜ ਸੁਰਜੀਤ ਕਰਨ, ਜਲ ਸੰਭਾਲ ਢਾਂਚਿਆਂ ਦੇ ਨਿਰਮਾਣ ਅਤੇ ਨਹਿਰਾਂ ਤੇ ਦਰਿਆਵਾਂ 'ਚ ਕੂੜਾ ਸੁੱਟਣ ਤੋਂ ਰੋਕਣ ਵਰਗੇ ਹੜ੍ਹਾਂ ਤੋਂ ਬਚਾਅ ਦੇ ਕਈ ਉਪਾਅ ਦੱਸਣ ਤੋਂ ਇਲਾਵਾ, ਐੱਸ ਡੀ ਐੱਮ ਪੀ ਨੇ ਬਹੁਤੇ ਹੜ੍ਹ ਦੇ ਜੋਖ਼ਿਮ ਵਾਲੇ ਖੇਤਰਾਂ ਲਈ ਜ਼ਿਲ੍ਹਿਆਂ ਮੁਤਾਬਿਕ ਕਦਮ ਵੀ ਸੁਝਾਏ ਹਨ। ਹੜ੍ਹਾਂ ਦੌਰਾਨ ਸਿਹਤ ਕੇਂਦਰਾਂ ਅਤੇ ਸਕੂਲਾਂ ਵਰਗੇ ਜ਼ਰੂਰੀ ਬੁਨਿਆਦੀ ਢਾਂਚੇ ਨੂੰ ਹੋਏ ਨੁਕਸਾਨ ਦੇ ਮੱਦੇਨਜ਼ਰ, ਜ਼ਰੂਰੀ ਹੋ ਗਿਆ ਹੈ ਕਿ ਉਸਾਰੀ ਕਰਨ ਅਤੇ ਥਾਂ ਚੁਣਨ ਲੱਗਿਆਂ ਨਵੀਆਂ ਤਕਨੀਕਾਂ ਅਪਣਾ ਕੇ ਉਨ੍ਹਾਂ ਨੂੰ ਸੁਰੱਖਿਅਤ ਬਣਾਇਆ ਜਾਵੇ। ਇਉਂ ਨੁਕਸਾਨ ਘਟਾਇਆ ਜਾ ਸਕਦਾ ਹੈ। ਇਹ ਸਹੂਲਤਾਂ ਕਿਸੇ ਵੀ ਤਰ੍ਹਾਂ ਦੀ ਆਫ਼ਤ ਦੌਰਾਨ ਚਾਲੂ ਰੱਖੀਆਂ ਜਾ ਸਕਦੀਆਂ ਹਨ। ਕੇਰਲਾ, ਜਿਸ ਨੂੰ ਹਰ ਸਾਲ ਹੜ੍ਹ ਵਰਗੀ ਹਾਲਤ ਦਾ ਸਾਹਮਣਾ ਕਰਨਾ ਪੈਂਦਾ ਹੈ, ਨੇ ਆਪਣੇ ਦਿਹਾਤੀ ਸਿਹਤ ਢਾਂਚੇ ਨੂੰ ਆਫ਼ਤਾਂ ਵਿੱਚ ਕਾਇਮ ਰੱਖਣ ਲਈ ਕਦਮ ਚੁੱਕੇ ਹਨ। 2018 ਦੇ ਹੜ੍ਹਾਂ ਵਿੱਚ ਉੱਥੇ 330 ਤੋਂ ਵੱਧ ਸਿਹਤ ਸਹੂਲਤਾਂ ਪੂਰੀ ਤਰ੍ਹਾਂ ਜਾਂ ਅੰਸ਼ਕ ਤੌਰ 'ਤੇ ਨੁਕਸਾਨੀਆਂ ਗਈਆਂ ਸਨ। ਪੂਰੀ ਤਰ੍ਹਾਂ ਨੁਕਸਾਨੀਆਂ ਸਿਹਤ ਸਹੂਲਤਾਂ ਨੂੰ ਦੁਬਾਰਾ ਬਣਾਉਣ ਦੌਰਾਨ ਸੂਬਾਈ ਅਥਾਰਿਟੀ ਨੇ ਹਰੇਕ ਸਥਾਨ ਦਾ ਜੋਖ਼ਿਮ ਦੇ ਪੱਖ ਤੋਂ ਵਿਸਥਾਰ ਵਿੱਚ ਮੁਲਾਂਕਣ ਕੀਤਾ, ਡਿਜ਼ਾਈਨ ਵਿੱਚ ਅਹਿਮ ਤਬਦੀਲੀਆਂ ਕੀਤੀਆਂ ਤੇ ਮਜ਼ਬੂਤ ਨਿਰਮਾਣ ਤਕਨੀਕਾਂ ਤੇ ਸਮੱਗਰੀਆਂ ਦੀ ਵਰਤੋਂ ਕੀਤੀ। ਜਿਹੜੇ ਅੰਸ਼ਕ ਤੌਰ 'ਤੇ ਨੁਕਸਾਨੇ ਗਏ, ਉਨ੍ਹਾਂ ਦੀ ਵੀ ਇਸੇ ਤਰ੍ਹਾਂ ਮੁਰੰਮਤ ਕੀਤੀ ਗਈ। ਸਿਰਫ਼ ਡਿਜ਼ਾਈਨ 'ਚ ਹਲਕੀ ਤਬਦੀਲੀ ਦੀ ਲੋੜ ਹੈ। ਉਦਾਹਰਨ ਵਜੋਂ, ਕੇਰਲਾ 'ਚ ਸਾਰੇ ਪ੍ਰਾਇਮਰੀ ਸਿਹਤ ਕੇਂਦਰ ਪਹਿਲਾਂ ਇੱਕ ਮੰਜ਼ਿਲਾ ਸਨ, ਜੋ ਉਨ੍ਹਾਂ ਨੂੰ ਹੜ੍ਹ ਦੇ ਖ਼ਤਰੇ ਦੇ ਘੇਰੇ ਵਿਚ ਲਿਆਉਂਦਾ ਸੀ। ਨਵੇਂ ਬਣਾਏ ਜਾ ਰਹੇ ਕੇਂਦਰ ਬਹੁ-ਮੰਜ਼ਿਲਾ ਹਨ, ਜਿਨ੍ਹਾਂ ਦੀਆਂ ਉਪਰਲੀਆਂ ਮੰਜ਼ਿਲਾਂ 'ਤੇ ਡਾਇਗਨੌਸਟਿਕ ਯੰਤਰ, ਫਾਰਮੇਸੀ, ਮੈਡੀਕਲ ਰਿਕਾਰਡ ਅਤੇ ਬਿਜਲੀ ਸਪਲਾਈ ਬੈਕਅੱਪ ਰੱਖਿਆ ਜਾਂਦਾ ਹੈ। ਇਉਂ, ਜੇ ਹੜ੍ਹ ਦਾ ਪਾਣੀ ਸਿਹਤ ਕੇਂਦਰ ਵਿੱਚ ਦਾਖ਼ਲ ਵੀ ਹੋ ਜਾਂਦਾ ਹੈ ਤਾਂ ਜ਼ਰੂਰੀ ਯੰਤਰ ਅਤੇ ਰਿਕਾਰਡ ਪਹਿਲੀ ਮੰਜ਼ਿਲ 'ਤੇ ਸੁਰੱਖਿਅਤ ਰਹਿਣਗੇ। ਕੌਮੀ ਆਫ਼ਤ ਪ੍ਰਬੰਧਨ ਅਥਾਰਿਟੀ ਦੇ ਹਸਪਤਾਲ ਸਬੰਧੀ ਹਿਫ਼ਾਜ਼ਤੀ ਦਿਸ਼ਾ-ਨਿਰਦੇਸ਼ਾਂ ਵਿੱਚ ਇਹ ਸ਼ਰਤ ਹੈ ਕਿ ਦੇਸ਼ 'ਚ ਹਰੇਕ ਹਸਪਤਾਲ ਸਿਹਤ ਸੰਭਾਲ ਸਹੂਲਤਾਂ ਲਈ ਘੱਟੋ-ਘੱਟ ਲੋੜੀਂਦੇ ਮਿਆਰ ਸਪੱਸ਼ਟ ਕਰੇ। ਇਸ ਤੋਂ ਇਲਾਵਾ ਸਾਨੂੰ ਹੜ੍ਹਾਂ ਦੇ ਅਸਰ ਘਟਾਉਣ ਲਈ ਗ਼ੈਰ-ਢਾਂਚਾਗਤ ਕਦਮ ਚੁੱਕਣ ਦੀ ਲੋੜ ਹੈ; ਜਿਵੇਂ ਜਾਗਰੂਕਤਾ, ਸੰਵੇਦਨਸ਼ੀਲਤਾ ਤੇ ਸਿਖਲਾਈ ਦੁਆਰਾ ਸਥਾਨਕ ਸੰਸਥਾਵਾਂ ਅਤੇ ਭਾਈਚਾਰਿਆਂ ਦੀ ਸਮਰੱਥਾ ਦਾ ਨਿਰਮਾਣ ਕਰਨਾ। ਇਸ ਪ੍ਰਸੰਗ ਵਿੱਚ, ਸਮੁੰਦਰੀ ਤੂਫ਼ਾਨ ਪ੍ਰਭਾਵਿਤ ਉੜੀਸਾ ਦੀ ਆਫ਼ਤ ਦਾ ਖ਼ਤਰਾ ਘਟਾਉਣ ਸਬੰਧੀ ਪਹਿਲਕਦਮੀ ਦਾ ਅਧਿਐਨ ਕਰਨਾ ਤੇ ਇਸ ਨੂੰ ਅਪਣਾਉਣਾ ਮਹੱਤਵਪੂਰਨ ਹੈ।

# ਨੌਜਵਾਨਾਂ ਵਿੱਚ ਵਧ ਰਹੀਆਂ ਦਿਲ ਦੀਆਂ ਬਿਮਾਰੀਆਂ, ਮਾੜੀ ਜੀਵਨ ਸ਼ੈਲੀ ਭਵਿੱਖ ਲਈ ਹੋਰ ਵੀ ਖ਼ਤਰਨਾਕ : ਪਾਰਕ ਹਸਪਤਾਲ

## ਡਾ. ਐਚ ਐਸ ਬੇਦੀ, ਡਾ. ਪ੍ਰਿਯੰਕਾ ਗੋਇਲ ਅਤੇ ਡਾ. ਸਚਿਨ ਬਾਂਸਲ ਨੇ ਵਿਸ਼ਵ ਦਿਲ ਸਪਤਾਹ ਦੌਰਾਨ ਦਿੱਤੀ ਅਹਿਮ ਜਾਣਕਾਰੀ




**ਪਟਿਆਲਾ, 1 ਅਕਤੂਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਨੌਜਵਾਨ ਭਾਰਤੀਆਂ ਵਿੱਚ ਦਿਲ ਦੀ ਬਿਮਾਰੀ ਦੇ ਵਧ ਰਹੇ ਰੁਝਾਨ 'ਤੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਰਕ ਹਸਪਤਾਲ ਵਿੱਚ ਚੇਅਰਮੈਨ ਕਾਰਡੀਓ ਥੌਰੇਸਿਕ ਅਤੇ ਵੈਸਕੁਲਰ ਸਰਜਰੀ ਡਾ. ਐਚ.ਐਸ. ਬੇਦੀ ਨੇ ਦੱਸਿਆ ਕਿ ਭਾਰਤ ਵਿੱਚ ਲਗਭਗ 30 ਮਿਲੀਅਨ ਲੋਕ ਕੋਰੋਨਰੀ ਆਰਟਰੀ ਬਿਮਾਰੀ ਤੋਂ ਪੀੜਤ ਹਨ, ਜਿਨ੍ਹਾਂ ਵਿੱਚੋਂ 27% ਮੌਤਾਂ ਦਿਲ ਦੀਆਂ ਬਿਮਾਰੀਆਂ ਕਾਰਨ ਹੁੰਦੀਆਂ ਹਨ। ਭਾਰਤ ਜਲਦੀ ਹੀ ਦੁਨੀਆ ਵਿੱਚ ਦਿਲ ਦੀਆਂ ਬਿਮਾਰੀਆਂ ਦੇ ਸਭ ਤੋਂ ਵੱਧ ਮਾਮਲੇ ਵਾਲਾ ਦੇਸ਼ ਬਣਨ ਜਾ ਰਿਹਾ ਹੈ। ਨੌਜਵਾਨ ਆਪਣੀ ਗੈਰ-ਸਿਹਤਮੰਦ ਜੀਵਨ ਸ਼ੈਲੀ ਕਾਰਨ ਕੋਰੋਨਰੀ ਆਰਟਰੀ ਬਿਮਾਰੀ ਤੋਂ ਪੀੜਤ ਹੋ ਰਹੇ ਹਨ। ਉਨ੍ਹਾਂ ਕਿਹਾ ਕਿ 10 ਸਾਲ ਪਹਿਲਾਂ, ਅਸੀਂ ਦਿਲ ਦੀਆਂ ਸਮੱਸਿਆਵਾਂ ਤੋਂ ਪੀੜਤ ਨੌਜਵਾਨ ਮਰੀਜ਼ਾਂ ਨੂੰ ਮੁਸ਼ਕਿਲ ਨਾਲ ਦੇਖਿਆ ਸੀ, ਪਰ ਹੁਣ ਸਾਡੇ ਕੋਲ ਬਹੁਤ ਸਾਰੇ ਕੇਸ 25-35 ਉਮਰ ਵਰਗ ਦੇ ਹਨ।" ਸਲਾਹਕਾਰ ਕਾਰਡੀਓਲੋਜਿਸਟ ਡਾ. ਸਚਿਨ ਬਾਂਸਲ ਨੇ ਦੱਸਿਆ ਕਿ ਇਸ ਸਾਲ ਦਾ ਵਿਸ਼ਵ ਦਿਲ ਦਿਵਸ ਥੀਮ 'ਡੋਂਟ ਮਿਸ ਏ ਬੀਟ' ਲੋਕਾਂ ਨੂੰ ਚੇਤਾਵਨੀ ਸੰਕੇਤਾਂ ਨੂੰ ਨਜ਼ਰਅੰਦਾਜ਼ ਨਾ ਕਰਕੇ, ਨਿਯਮਤ ਜਾਂਚ ਕਰਵਾ ਕੇ ਅਤੇ ਦਿਲ-ਸਿਹਤਮੰਦ ਜੀਵਨ ਸ਼ੈਲੀ ਅਪਣਾ ਕੇ ਆਪਣੇ ਦਿਲ ਦੀ ਸਿਹਤ ਪ੍ਰਤੀ ਸਰਗਰਮ ਅਤੇ ਚੌਕਸ ਰਹਿਣ ਲਈ ਉਤਸ਼ਾਹਿਤ ਕਰਦਾ ਹੈ। ਇਹ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਦਿਲ ਦੀ ਸਿਹਤ ਪ੍ਰਤੀ ਨਿਰੰਤਰ ਦੇਖਭਾਲ ਅਤੇ ਧਿਆਨ ਸਮੇਂ ਤੋਂ ਪਹਿਲਾਂ ਮੌਤ ਨੂੰ ਰੋਕ ਸਕਦਾ ਹੈ ਅਤੇ ਸਮੁੱਚੀ ਸਿਹਤ ਵਿੱਚ ਸੁਧਾਰ ਕਰ ਸਕਦਾ ਹੈ।

ਦੁਨੀਆ ਦੀ ਕੁੱਲ ਦਿਲ ਦੀਆਂ ਬਿਮਾਰੀਆਂ ਦੇ ਬੋਝ ਦਾ 60% ਭਾਰਤ ਵਿੱਚ ਹੈ, ਭਾਵੇਂ ਕਿ ਇੱਥੇ ਵਿਸ਼ਵ ਦੀ ਆਬਾਦੀ ਦਾ 20 ਪ੍ਰਤੀਸ਼ਤ ਤੋਂ ਘੱਟ ਹਿੱਸਾ ਹੈ। ਡਾ. ਪ੍ਰਿਯੰਕਾ ਗੋਇਲ ਨੇ ਕਿਹਾ, ਹੁਣ ਵੱਡੀ ਗਿਣਤੀ ਵਿੱਚ ਨੌਜਵਾਨ ਭਾਰਤੀ ਆਪਣੀ ਮਾੜੀ ਜੀਵਨ ਸ਼ੈਲੀ ਕਾਰਨ ਕੋਰੋਨਰੀ ਆਰਟਰੀ ਬਿਮਾਰੀ ਤੋਂ ਪੀੜਤ ਹਨ, ਅਤੇ ਜੇਕਰ ਇਹ ਜਾਰੀ ਰਿਹਾ ਤਾਂ ਭਵਿੱਖ ਹੋਰ ਵੀ ਖ਼ਤਰਨਾਕ ਦਿਖਾਈ ਦੇ ਰਿਹਾ ਹੈ।

# ਪੇਂਡੂ ਬੇਰੁਜ਼ਗਾਰ ਨੌਜਵਾਨਾਂ ਲਈ ਡੇਅਰੀ ਫਾਰਮਿੰਗ ਦਾ ਸਿਖਲਾਈ ਕੋਰਸ 6 ਅਕਤੂਬਰ ਨੂੰ ਸ਼ੁਰੂ

**ਗੁਰਦਾਸਪੁਰ,1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ ਦੇ ਕੈਬਨਿਟ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਅਤੇ ਡਾਇਰੈਕਟਰ ਡੇਅਰੀ ਵਿਕਾਸ ਵਿਭਾਗ ਕੁਲਦੀਪ ਸਿੰਘ ਜੱਸੋਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਵਰਿਆਮ ਸਿੰਘ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਗੁਰਦਾਸਪੁਰ ਦੀ ਰਹਿਨੁਮਾਈ ਹੇਠ ਡੇਅਰੀ ਫਾਰਮਰਾਂ ਲਈ 2 ਹਫ਼ਤੇ ਦਾ ਡੇਅਰੀ ਸਿਖਲਾਈ ਕੋਰਸ ਮਿਤੀ 06 ਅਕਤੂਬਰ 2025 ਤੋਂ 17 ਅਕਤੂਬਰ 2025 ਤੱਕ ਡੇਅਰੀ ਸਿਖਲਾਈ ਕੇਂਦਰ ਵੇਰਕਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਚਲਾਇਆ ਜਾਣਾ ਹੈ।



ਜ਼ਿਲ੍ਹਾ ਗੁਰਦਾਸਪੁਰ ਨਾਲ ਸਬੰਧਿਤ ਪੇਂਡੂ ਬੇਰੁਜ਼ਗਾਰ ਨੌਜਵਾਨ ਲੜਕੇ ਲੜਕੀਆਂ, ਜੋ ਡੇਅਰੀ ਦਾ ਕਿੱਤਾ ਸ਼ੁਰੂ ਕਰਨਾ ਚਾਹੁੰਦੇ ਹਨ, ਇਸ ਡੇਅਰੀ ਸਿਖਲਾਈ ਕੋਰਸ ਵਾਸਤੇ ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ ਗੁਰਦਾਸਪੁਰ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਬਲਾਕ-ਬੀ, ਚੌਥੀ ਮੰਜ਼ਿਲ, ਕਮਰਾ ਨੰਬਰ 508 ਵਿਖੇ ਮਿਤੀ 03 ਅਕਤੂਬਰ 2025 ਤੱਕ ਅਰਜ਼ੀਆਂ ਦੇ ਸਕਦੇ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਡੇਅਰੀ ਗੁਰਦਾਸਪੁਰ ਵਰਿਆਮ ਸਿੰਘ ਨੇ ਦੱਸਿਆ ਕਿ ਖੇਤੀ ਵਿੱਚ ਵਿਭਿੰਨਤਾ ਲਿਆਉਣ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਡੇਅਰੀ ਦੇ ਕਿੱਤੇ ਨੂੰ ਸਹਾਇਕ ਧੰਦੇ ਵਜੋਂ ਅਪਣਾਉਣ ਲਈ 2 ਹਫ਼ਤੇ ਦੀ ਡੇਅਰੀ ਸਿਖਲਾਈ ਮਿਤੀ 06 ਅਕਤੂਬਰ 2025 ਤੋਂ ਡੇਅਰੀ ਸਿਖਲਾਈ ਤੇ ਵਿਸਥਾਰ ਕੇਂਦਰ, ਵੇਰਕਾ (ਜ਼ਿਲ੍ਹਾ ਅੰਮ੍ਰਿਤਸਰ) ਵਿਖੇ ਕਰਵਾਈ ਜਾਣੀ ਹੈ। ਇਸ ਸਿਖਲਾਈ ਕੋਰਸ ਵਿੱਚ ਜ਼ਿਲ੍ਹਾ ਗੁਰਦਾਸਪੁਰ ਨਾਲ ਸਬੰਧਿਤ ਬੇਰੁਜ਼ਗਾਰ ਨੌਜਵਾਨ ਲੜਕੇ/ਲੜਕੀਆਂ ਜੋ ਘੱਟੋ-ਘੱਟ 5 ਵੀਂ ਪਾਸ ਹੋਣ, ਉਮਰ 18 ਤੋਂ 55 ਸਾਲ ਦਰਮਿਆਨ ਹੋਵੇ ਅਤੇ ਪੇਂਡੂ ਖੇਤਰ ਨਾਲ ਸਬੰਧਿਤ ਹੋਣ, ਇਸ ਸਿਖਲਾਈ ਵਿੱਚ ਭਾਗ ਲੈ ਸਕਦੇ ਹਨ।

ਉਨ੍ਹਾਂ ਅੱਗੇ ਦੱਸਿਆ ਕਿ ਸਿਖਲਾਈ ਉਪਰੰਤ ਵਿਭਾਗ ਵੱਲੋਂ ਸਬੰਧਿਤਾਂ ਨੂੰ ਵੱਖ-ਵੱਖ ਬੈਂਕਾਂ ਤੋਂ ਡੇਅਰੀ ਕਰਜ਼ੇ ਦੀ ਸੁਵਿਧਾ ਰਾਹੀਂ 2 ਤੋਂ 20 ਪਸ਼ੂਆਂ ਦੇ ਡੇਅਰੀ ਯੂਨਿਟ ਸਥਾਪਤ ਕਰਵਾ ਕੇ 25 ਫ਼ੀਸਦੀ ਜਨਰਲ ਅਤੇ 33 ਫ਼ੀਸਦੀ ਅ.ਜਾਤੀ. ਲਈ ਸਬਸਿਡੀ ਮੁਹੱਈਆ ਕਰਵਾਈ ਜਾਵੇਗੀ।

ਉਨ੍ਹਾਂ ਕਿਹਾ ਕਿ ਚਾਹਵਾਨ ਲੜਕੇ/ ਲੜਕੀਆਂ ਇਸ ਸਬੰਧੀ ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ, ਗੁਰਦਾਸਪੁਰ ਨਾਲ ਆਪਣੇ ਅਸਲ ਯੋਗਤਾ ਸਰਟੀਫਿਕੇਟ ਅਤੇ ਪਾਸਪੋਰਟ ਸਾਈਜ਼ ਫ਼ੋਟੋ ਅਤੇ ਆਧਾਰ ਕਾਰਡ ਲੈ ਕੇ ਫਾਰਮ ਭਰਵਾ ਸਕਦੇ ਹਨ।

ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ 8054800880, 7508973471 ਅਤੇ 7888850893 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਵਿਧਾਨ ਸਭਾ ਸੈਸ਼ਨ ਵਿੱਚ ਰੱਖੇ ਆਪਣੇ ਵਿਚਾਰ

**ਫਾਜ਼ਿਲਕਾ,1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਫਾਜ਼ਿਲਕਾ ਹਲਕਾ ਜੋ ਕਿ ਬਾਰਡਰ ਦੇ ਨਾਲ ਵਸਿਆ ਹੋਇਆ ਹੈ ਤੇ ਪਹਿਲਾ ਸਤਲੁਜ ਦਰਿਆ ਦਾ ਪਾਣੀ ਫਿਰੋਜਪੁਰ ਤੋਂ ਪਾਕਿਸਤਾਨ ਨੂੰ ਮਾਰ ਕਰਦਾ ਹੈ ਤੇ ਫਿਰ ਫਾਜ਼ਿਲਕਾ ਦੇ ਪਿੰਡ ਗੁਲਾਬਾ ਭੈਣੀ ਰਾਹੀਂ ਫਾਜ਼ਿਲਕਾ ਪ੍ਰਵੇਸ ਕਰਦਾ ਹੈ, ਜਿਸ ਨਾਲ ਹਲਕਾ ਫਾਜ਼ਿਲਕਾ ਦੇ ਪਿੰਡਾਂ ਨੂੰ ਹੜ੍ਹਾਂ ਦੀ ਮਾਰ ਪੈਂਦੀ ਹੈ ਤੇ ਇਸ ਸਾਲ ਵੀ 56 ਪਿੰਡ ਹੜ੍ਹਾਂ ਦੀ ਮਾਰ ਹੇਠ ਆਏ ਹਨ। ਇਹ ਵਿਚਾਰ ਫਾਜ਼ਿਲਕਾ ਦੇ ਵਿਧਾਇਕ ਸ੍ਰੀ. ਨਰਿੰਦਰਪਾਲ ਸਿੰਘ ਸਵਨਾ ਨੇ ਵਿਧਾਨ ਸਭਾ ਸੈਸ਼ਨ ਵਿੱਚ ਰੱਖੇ।



ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਕਿਹਾ ਕਿ ਹਲਕਾ ਫਾਜ਼ਿਲਕਾ ਦੀ ਇਸ ਸਾਲ 60 ਹਜ਼ਾਰ ਦੀ ਆਬਾਦੀ ਹੜ੍ਹਾਂ ਨਾਲ ਪ੍ਰਭਾਵਿਤ ਹੋਈ ਹੈ। ਉਨ੍ਹਾਂ ਕਿਹਾ ਕਿ 8 ਹਸਪਤਾਲ, 20 ਸਰਕਾਰੀ ਸਕੂਲ, 37 ਸੜਕਾਂ, ਤੇ ਲਗਭਗ 31 ਹਜ਼ਾਰ ਏਕੜ ਫਸਲ ਦਾ ਨੁਕਸਾਨ ਹੋਇਆ ਹੈ। ਇਸ ਤੋਂ ਇਲਾਵਾ ਲੋਕਾਂ ਦੇ ਲਗਭਗ 8 ਹਜ਼ਾਰ ਘਰਾਂ ਦਾ ਨੁਕਸਾਨ ਹੋਇਆ ਹੈ ਜਿਨ੍ਹਾਂ ਵਿਚੋਂ ਕਈ ਘਰ ਡਿੱਗੇ, ਕਿਤੇ ਤਰੇੜ ਆਈ ਕਿਤੇ ਕੰਧ ਡਿੱਗੀ ਤੇ ਕਿਤੇ ਪਖਾਨੇ ਵੀ ਡਿੱਗ ਪਏ। ਉਨ੍ਹਾਂ ਕਿਹਾ ਕਿ ਡੇਢ ਮਹੀਨਾ ਤੋਂ ਤੇਜਾ ਰੁਹੇਲਾ ਤੇ ਚੱਕ ਰੁਹੇਲਾ ਦੇ ਖੇਤਾਂ ਵਿੱਚ ਅੱਜ ਵੀ ਪਾਣੀ ਖੜ੍ਹਾ ਹੈ ਤੇ ਪਾਕਿਸਤਾਨ ਵਾਲਿਓ ਪਾਸਿਓ ਦਰਿਆ ਫਾਜ਼ਿਲਕਾ ਵਾਲੇ ਪਾਸੇ ਟੁੱਟਿਆ ਹੋਇਆ ਹੈ। ਜਿਸ ਨਾਲ ਫਸਲਾਂ ਦਾ ਬਹੁਤ ਨੁਕਸਾਨ ਹੋਇਆ ਹੈ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਖਰਾਬੇ ਦੀ ਭਰਪਾਈ ;ਵਿੱਚ ਲੱਗੀ ਹੈ ਤੇ ਇਸ ਮੁਸ਼ਕਲ ਵਿੱਚ ਸਾਡੇ ਮੰਤਰੀ ਤੇ ਅਫਸਰ ਸਾਹਿਬਾਨਾਂ ਨੇ ਰਲ ਕੇ ਲੋਕਾਂ ਦੀ ਮਦਦ ਕੀਤੀ। ਲੋਕਾਂ ਦੇ ਖਾਣ ਲਈ ਰਾਸ਼ਨ, ਪਸ਼ੂਆਂ ਲਈ ਫੀਡ ਮੋਟਰ ਬੋਟ ਰਾਹੀਂ ਲੈ ਕੇ ਜਾਂਦੇ ਰਹੇ। ਉਨ੍ਹਾਂ ਕਿਹਾ ਕਿ ਇਸ ਹੜ੍ਹ ਦੀ ਸਥਿਤੀ ਦੌਰਾਨ ਫਾਜ਼ਿਲਕਾ ਦੇ 20ਪਿੰਡਾਂ ਦਾ ਤਾ ਬਿਲਕੁਲ ਹੀ ਸੰਪਰਕ ਟੁੱਟ ਗਿਆ ਸੀ। ਉਨ੍ਹਾਂ ਮੰਤਰੀ ਸਾਹਿਬਾਨਾਂ ਦਾ ਇਸ ਮੁਸਕਲ ਦੀ ਘੜੀ ਵਿੱਚ ਲੋਕਾਂ ਵਿੱਚ ਵਿਚਰ ਕੇ ਰਾਸ਼ਨ ਸਮੱਗਰੀ ਪਹੁੰਚਾਉਣ ਤੇ ਹਾਲ ਜਾਣਨ ਲਈ ਧੰਨਵਾਦ ਵੀ ਕੀਤਾ। ਉਨ੍ਹਾਂ ਕਿਹਾ ਕਿ ਸਰਹੱਦ ਤੇ ਕੰਢਿਆਲੀ ਤਾਰ ਤੇ ਜੋ ਰੇਤ ਆਈ ਹੈ ਉਸ ਨੂੰ ਚੱਕਣ ਲਈ ਕੇਂਦਰ ਸਰਕਾਰ ਨੂੰ ਲਿਖਿਆ ਜਾਵੇ।

ਉਨ੍ਹਾਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਬੰਨ੍ਹਾਂ ਤੇ ਸੜਕਾਂ ਦੀ ਰਿਪੇਅਰ ਤੇ ਨਵੀਆਂ ਸੜਕਾਂ ਬਣਾਉਣ ਦਾ ਹੁਕਮ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਤਲੁਜ ਕਰਿਕ ਦੀ ਡੂੰਘਾਈ ਕਰਵਾਈ ਜਾਵੇ ਤੇ ਬੰਨ੍ਹ ਮਜ਼ਬੂਤ ਕੀਤੀ ਜਾਵੇ ਤੇ ਲੋਕਾਂ ਦੀਆਂ ਜ਼ਮੀਨਾਂ ਵਿੱਚ ਵੀ ਜੋ ਖੱਡੇ ਪੈ ਗਏ ਹਨ ਉਨ੍ਹਾਂ ਦੀ ਮਦਦ ਕੀਤੀ ਜਾਵੇ। ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਇਸ ਵਾਰ ਕੱਚੀਆਂ ਜ਼ਮੀਨਾਂ ਦੀ ਵੀ ਗਿਰਦਾਵਰੀ ਕਰਕੇ ਉਨ੍ਹਾਂ ਨੂੰ ਮੁਆਵਜ਼ਾ ਦਿੱਤਾ ਜਾਵੇਗਾ ਜੋ ਕਿ ਬਹੁਤ ਵੱਡਾ ਤੇ ਸਲਾਹੁਣਯੋਗ ਕਾਰਜ ਹੈ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੀ ਇਸ ਮੁਸਕਲ ਵਿੱਚ ਸਾਡਾ ਸਾਥ ਦੇਣ ਨਾ ਕਿ ਮਜਾਕ ਬਣਾਉਣ। ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਦਾ ਜੋ ਵੀ ਹੜ੍ਹਾਂ ਦਾ ਮੁਆਵਜ਼ਾ ਬਣਦਾ ਹੈ ਉਹ ਸਾਰਾ ਦੇਵੇ।

# ਅਨਮੋਲ ਮੁਸਕਾਨ ਕਾਂਤੀ ਪਤਨੀ ਦੀਪ ਸਿੰਘ ਚੈਰੀਟੇਬਲ ਟਰਸਟ ਵੱਲੋਂ ਪਿੰਡ ਘੜੂੰਆਂ ਦੀ ਮਨਜੀਤ ਕੌਰ ਨੂੰ ਕਮਰਿਆਂ ਦੀ ਉਸਾਰੀ ਲਈ 50 ਹਜ਼ਾਰ ਰੁਪਏ ਦਾ ਚੈੱਕ ਭੇਂਟ

**ਘੜੂੰਆਂ,1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਨਮੋਲ ਮੁਸਕਾਨ ਕਾਂਤੀ ਪਤਨੀ ਦੀਪ ਸਿੰਘ ਚੈਰੀਟੇਬਲ ਟਰਸਟ ਵੱਲੋਂ ਸਮਾਜ ਸੇਵਾ ਅਤੇ ਮਨੁੱਖਤਾ ਦੀ ਭਲਾਈ ਲਈ ਲਗਾਤਾਰ ਉਪਰਾਲੇ ਜਾਰੀ ਹਨ। ਬੀਤੇ ਦਿਨੀਂ ਜ਼ਿਲ੍ਹਾ ਮੋਹਾਲੀ ਦੇ ਪਿੰਡ ਘੜੂੰਆਂ ਵਿਖੇ ਮਨਜੀਤ ਕੌਰ ਅਤੇ ਗੁਰਪ੍ਰੀਤ ਸਿੰਘ ਦਾ ਘਰ ਭਾਰੀ ਬਾਰਸ਼ਾਂ ਨਾਲ ਭਾਰੀ ਨੁਕਸਾਨ ਹੋਇਆ ਸੀ।

ਇਸ ਲੜੀ ਨੂੰ ਅੱਗੇ ਵਧਾਉਂਦੇ ਹੋਏ, ਅਨਮੋਲ ਮੁਸਕਾਨ ਕਾਂਤੀ ਪਤਨੀ ਦੀਪ ਸਿੰਘ ਚੈਰੀਟੇਬਲ ਟਰਸਟ ਦੀ ਚੇਅਰਪਰਸਨ ਸ੍ਰੀਮਤੀ ਅਮਰਜੀਤ ਕੌਰ ਨੇ ਪਿੰਡ ਘੜੂੰਆਂ ਪਹੁੰਚ ਕੇ ਸ਼੍ਰੀਮਤੀ ਮਨਜੀਤ ਕੌਰ ਨੂੰ 2 ਕਮਰਿਆਂ ਦੀ ਉਸਾਰੀ ਲਈ ?50,000 ਦਾ ਚੈੱਕ ਭੇਂਟ ਕੀਤਾ।



ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਟਰਸਟ ਦਾ ਮੁੱਖ ਉਦੇਸ਼ ਦੁਖੀ ਅਤੇ ਬੇਸਹਾਰਾ ਪਰਿਵਾਰਾਂ ਨੂੰ ਜੀਵਨ ਬਿਤਾਉਣ ਲਈ ਸਹਿਯੋਗ ਦੇਣਾ ਹੈ। ਅਜਿਹੇ ਯਤਨ ਸਮਾਜ ਵਿੱਚ ਮਨੁੱਖਤਾ ਦੀ ਭਲਾਈ ਲਈ ਲਗਾਤਾਰ ਉਪਰਾਲੇ ਜਾਰੀ ਹਨ।

ਬੀਤੇ ਦਿਨੀਂ ਜ਼ਿਲ੍ਹਾ ਮੋਹਾਲੀ ਦੇ ਪਿੰਡ ਘੜੂੰਆਂ ਵਿਖੇ ਮਨਜੀਤ ਕੌਰ ਅਤੇ ਗੁਰਪ੍ਰੀਤ ਸਿੰਘ ਦਾ ਘਰ ਭਾਰੀ ਬਾਰਸ਼ਾਂ ਨਾਲ ਭਾਰੀਨਿਸ਼ਕਾਮ ਸੇਵਾ ਅਤੇ ਭਾਈਚਾਰੇ ਦੀ ਭਾਵਨਾ ਨੂੰ ਮਜ਼ਬੂਤ ਕਰਦੇ ਹਨ।

# ਐਸ ਸੀ ਭਾਈਚਾਰਿਆਂ ਤੇ ਅਤਿਆਚਾਰ ਰੋਕਥਾਮ ਐਕਟ ਸਬੰਧੀ ਜ਼ਿਲ੍ਹਾ ਪੱਧਰੀ ਵਿਜੀਲੈਂਸ ਅਤੇ ਨਿਗਰਾਨ ਕਮੇਟੀ ਦੀ ਬੈਠਕ

**ਫਾਜ਼ਿਲਕਾ,1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਨੁਸੂਚਿਤ ਜਾਤੀਆਂ ਤੇ ਅਤਿਆਚਾਰ ਰੋਕਥਾਮ ਐਕਟ 1989 ਅਧੀਨ ਬਣੀ ਜ਼ਿਲ੍ਹਾ ਪੱਧਰੀ ਵਿਜੀਲੈਂਸ ਅਤੇ ਨਿਗਰਾਨ ਕਮੇਟੀ ਦੀ ਬੈਠਕ ਵਧੀਕ ਡਿਪਟੀ ਕਮਿਸ਼ਨਰ (ਵਿ) ਸ੍ਰੀ ਸੁਭਾਸ਼ ਚੰਦਰ ਦੀ ਪ੍ਰਧਾਨਗੀ ਹੇਠ ਹੋਈ।



ਬੈਠਕ ਵਿਚ ਉਨ੍ਹਾਂ ਨੇ ਹਦਾਇਤ ਕੀਤੀ ਕਿ ਅਨੁਸੂਚਿਤ ਜਾਤੀਆਂ ਤੇ ਜੇਕਰ ਕੋਈ ਅਤਿਆਚਾਰ ਦੀ ਸ਼ਿਕਾਇਤ ਪ੍ਰਾਪਤ ਹੋਵੇ ਤਾਂ ਪੁਲਿਸ ਤੇਜੀ ਨਾਲ ਜਾਂਚ ਕਰਕੇ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਕਰੇ। ਉਨ੍ਹਾਂ ਨੇ ਕਿਹਾ ਕਿ ਅਜਿਹੇ ਕੇਸਾਂ ਵਿਚ ਪੀੜਤ ਨੂੰ ਇਨਸਾਫ ਦੇਣ ਦੇ ਨਾਲ ਨਾਲ ਮੁਆਵਜਾ ਵੀ ਦਿੱਤਾ ਜਾਂਦਾ ਹੈ। ਉਨ੍ਹਾਂ ਨੇ ਪੁਲਿਸ ਵਿਭਾਗ ਨੂੰ ਹਦਾਇਤ ਕੀਤੀ ਕਿ ਪੜਤਾਲ ਅਧੀਨ ਮੁਕੱਦਮਿਆਂ ਦੀ ਜਾਂਚ ਮੁਕੰਮਲ ਕਰਕੇ ਜਲਦ ਤੋਂ ਜਲਦ ਅਗਲੀ ਕਾਰਵਾਈ ਕੀਤੀ ਜਾਵੇ ਤਾਂ ਜੋ ਪੀੜਤਾਂ ਨੂੰ ਮੁਆਵਜਾ ਦਿੱਤਾ ਜਾ ਸਕੇ।

ਤਹਿਸੀਲ ਸਮਾਜਿਕ ਨਿਆਂ ਤੇ ਅਧਿਕਾਰਤਾ ਅਫ਼ਸਰ ਅਸ਼ੋਕ ਕੁਮਾਰ ਨੇ ਕਿਹਾ ਕਿ ਇਸ ਕਾਨੂੰਨ ਅਨੁਸਾਰ ਜੇਕਰ ਹੋਰ ਭਾਈਚਾਰੇ ਦਾ ਵਿਅਕਤੀ ਐਸਸੀ ਭਾਈਚਾਰੇ ਦੇ ਕਿਸੇ ਵਿਅਕਤੀ ਖਿਲਾਫ ਅਪਰਾਧ ਕਰਦਾ ਹੈ ਤਾਂ ਦੋਸ਼ੀ ਖਿਲਾਫ ਸਖ਼ਤ ਕਾਰਵਾਈ ਦੇ ਨਾਲ ਨਾਲ ਪੀੜਤ ਨੂੰ ਮੁਆਵਜਾ ਵੀ ਦਿੱਤਾ ਜਾਂਦਾ ਹੈ।ਬੈਠਕ ਵਿਚ ਉਪ ਜ਼ਿਲ੍ਹਾ ਅਟਾਰਨੀ ਸ਼ਿਖਾ ਢੱਲ, ਲਵਦੀਪ ਸਿੰਘ ਗਿੱਲ ਡੀ.ਐਸ.ਪੀ.,ਸਿਖਿਆ ਵਿਭਾਗ ਤੋਂ ਗੁਰਮੀਤ ਸਿੰਘ, ਖੇਤੀਬਾੜੀ ਵਿਭਾਗ ਤੋਂ ਅਮਨਦੀਪ ਆਦਿ ਵੀ ਹਾਜਰ ਸਨ।

# ਹਾਈ ਮਾਸਟ ਲਾਈਟਾਂ ਨਾਲ ਜਗਮਗਾਈ



**ਹੁਸ਼ਿਆਰਪੁਰ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹੁਸ਼ਿਆਰਪੁਰ ਦੀ ਇਤਿਹਾਸਕ ਦੁਸਹਿਰਾ ਗਰਾਊਂਡ ਨੂੰ ਹੋਰ ਆਕਰਸ਼ਕ ਅਤੇ ਆਧੁਨਿਕ ਦਿੱਖ ਦੇਣ ਵੱਲ ਇਕ ਹੋਰ ਕਦਮ ਵਧਾਉਂਦੇ ਹੋਏ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਇਥੇ 101 ਫੁੱਟ ਉੱਚੀ ਹਾਈ ਮਾਸਟ ਲਾਈਟ ਦਾ ਉਦਘਾਟਨ ਕੀਤਾ। ਇਸ ਨਾਲ ਗਰਾਊਂਡ ਵਿਚ ਹਾਈ ਮਾਸਟ ਲਾਈਟਾਂ ਦੀ ਗਿਣਤੀ ਵੱਧ ਕੇ ਤਿੰਨ ਹੋ ਗਈ ਹੈ।

ਇਸ ਮੌਕੇ ਵਿਧਾਇਕ ਜਿੰਪਾ ਨੇ ਕਿਹਾ ਕਿ ਪਹਿਲਾਂ ਚੋਅ ਦੇ ਇਸ ਇਲਾਕੇ ਵਿਚ ਘੁੱਪ ਹਨੇਰਾ ਰਹਿੰਦਾ ਸੀ ਅਤੇ ਲੋਕ ਰਾਤ ਨੂੰ ਇੱਥੋਂ ਲੰਘਣ ਲੱਗਿਆਂ ਵੀ ਡਰਦੇ ਸਨ। ਪ੍ਰੰਤੂ ਹੁਣ ਹਾਈ ਮਸਟ ਲਾਈਟਾਂ ਲੱਗਣ ਕਾਰਨ ਦੁਸਹਿਰਾ ਗਰਾਊਂਡ ਅਤੇ ਆਸਪਾਸ ਦਾ ਕਰੀਬ ਇਕ ਕਿਲੋਮੀਟਰ ਦਾ ਇਲਾਕਾ ਰਾਤ ਨੂੰ ਦਿਨ ਦਾ ਭੁਲੇਖਾ ਪਾਉਂਦਾ ਹੈ।

ਇਸ ਮੌਕੇ ਸਥਾਨਕ ਨਾਗਰਿਕਾਂ ਨੇ ਖ਼ੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਦੁਸਹਿਰਾ ਗਰਾਊਂਡ ਦੀ ਬਦਲੀ ਨੁਹਾਰ ਸ਼ਹਿਰ ਵਾਸੀਆਂ ਲਈ ਮਾਣ ਵਾਲੀ ਗੱਲ ਹੈ। ਪਹਿਲਾਂ ਇਥੇ ਹਨੇਰਾ ਅਤੇ ਹੋਰ ਰੁਕਾਵਟਾਂ ਸਮਾਗਮਾਂ ਦੇ ਆਯੋਜਨ ਵਿਚ ਵਿਘਨ ਪਾਉਂਦੀਆਂ ਸਨ, ਪਰੰਤੂ ਹੁਣ ਬਿਹਤਰ ਰੋਸ਼ਨੀ ਅਤੇ ਹੋਰ ਸਹੂਲਤਾਂ ਨੇ ਮਾਹੌਲ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ।

ਵਿਧਾਇਕ ਜਿੰਪਾ ਨੇ ਕਿਹਾ ਕਿ ਹੁਸ਼ਿਆਰਪੁਰ ਦਾ ਦੁਸਹਿਰਾ ਮੇਲਾ ਉੱਤਰੀ ਭਾਰਤ ਦੇ ਸਭ ਤੋਂ ਵੱਡੇ ਮੈਦਾਨ ਵਿਚ ਲਗਾਇਆ ਜਾਂਦਾ ਹੈ, ਜਿਸ ਵਿਚ ਹਰ ਸਾਲ ਡੇਢ ਲੱਖ ਤੋਂ ਵੱਧ ਲੋਕ ਹਿੱਸਾ ਲੈਂਦੇ ਹਨ। ਉਨ੍ਹਾਂ ਕਿਹਾ ਕਿ ਇਸ ਵਿਸ਼ਾਲ ਆਯੋਜਨ ਨੂੰ ਦੇਖਦੇ ਹੋਏ ਲਗਾਤਾਰ ਸਹੂਲਤਾਂ ਦਾ ਵਿਸਥਾਰ ਕੀਤਾ ਜਾ ਰਿਹਾ ਹੈ।

ਮੁੱਖ ਮੰਤਰੀ ਪੰਜਾਬ ਵੱਲੋਂ ਦਰਸ਼ਕਾਂ ਦੇ ਬੈਠਣ ਲਈ ਪੱਕੀਆਂ ਪੌੜੀਆਂ ਬਣਾਉਣ ਦਾ ਐਲਾਨ ਕੀਤਾ ਗਿਆ ਸੀ, ਜਿਸ ਦਾ ਕੰਮ ਪੂਰਾ ਹੋਣ 'ਤੇ ਲੋਕਾਂ ਕੋਲ ਬੈਠਣ ਦੀ ਕਾਫ਼ੀ ਸਹੂਲਤ ਹੋਵੇਗੀ। ਇਸ ਤੋਂ ਇਲਾਵਾ ਦੁਸਹਿਰਾ ਮੈਦਾਨ ਦੇ ਨਾਲ ਲੱਗਦੇ ਰਸਤੇ ਨੂੰ ਸੁੰਦਰ ਬਣਾਇਆ ਜਾਵੇਗਾ ਅਤੇ 'ਰਾਮ ਮਾਰਗ' ਵਿਚ ਬਦਲ ਦਿੱਤਾ ਜਾਵੇਗਾ।

ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਮਾਰਕੀਟ ਕਮੇਟੀ ਦੇ ਚੇਅਰਮੈਨ ਜਸਪਾਲ ਸਿੰਘ ਚੇਚੀ, ਸ਼੍ਰੀ ਰਾਮ ਲੀਲਾ ਕਮੇਟੀ ਦੇ ਸ਼ਿਵ ਸੂਦ, ਗੋਪੀਚੰਦ ਕਪੂਰ, ਕੌਂਸਲਰ ਪ੍ਰਦੀਪ ਬਿੱਟੂ, ਅਸ਼ਵਨੀ ਛੋਟਾ, ਭਾਰਤ ਭੂਸ਼ਣ ਵਰਮਾ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਪੰਜਾਬ ਸਕੂਲ ਖੇਡਾਂ 'ਚ ਪੁਲਿਸ ਪਬਲਿਕ ਸਕੂਲ ਨੇ ਕੀਤਾ ਸ਼ਾਨਦਾਰ ਪ੍ਰਦਰਸ਼ਨ

**ਬਠਿੰਡਾ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

69ਵੀਆਂ ਸਕੂਲ ਪੱਧਰੀ ਖੇਡਾਂ ਦੇ ਤਹਿਤ ਸਥਾਨਕ ਪੁਲਿਸ ਪਬਲਿਕ ਸਕੂਲ ਦੇ ਖਿਡਾਰੀਆਂ ਨੇ ਪ੍ਰਸੰਸਾ ਯੋਗ ਪ੍ਰਦਰਸ਼ਨ ਕੀਤਾ। ਇੰਨ੍ਹਾਂ ਖੇਡਾਂ ਵਿੱਚ ਵਿਦਿਆਰਥੀਆਂ ਨੇ ਕਈ ਮੈਡਲ ਹਾਸਲ ਕੀਤੇ। ਖਿਡਾਰੀਆਂ ਨੇ ਕ੍ਰਿਕਟ ਵਿੱਚ ਜ਼ਿਲ੍ਹਾ ਪੱਧਰ ਤੇ ਅੰਡਰ-19 (ਲੜਕਿਆਂ) ਨੇ 5 ਸੋਨੇ ਦੇ ਤਮਗੇ, ਅੰਡਰ-17 'ਚ 3 ਸੋਨੇ ਦੇ ਤਮਗੇ ਅਤੇ ਅੰਡਰ-14 'ਚ 4 ਚਾਂਦੀ ਦੇ ਤਮਗੇ ਜਿੱਤੇ। ਇਹ ਜਾਣਕਾਰੀ ਪੁਲਿਸ ਪਬਲਿਕ ਸਕੂਲ ਦੇ ਪ੍ਰਿੰਸੀਪਲ ਮੈਡਮ ਮੋਨਿਕਾ ਸਿੰਘ ਨੇ ਸਾਂਝੀ ਕੀਤੀ।



ਉਨ੍ਹਾਂ ਅੱਗੇ ਦੱਸਿਆ ਕਿ ਐਥਲੈਟਿਕਸ 'ਚ ਲੜਕਿਆਂ ਦੁਆਰਾ 400 ਮੀਟਰ ਅਤੇ 200 ਮੀਟਰ ਦੌੜ ਵਿੱਚ ਸੋਨੇ ਦੇ ਤਮਗੇ ਪ੍ਰਾਪਤ ਕੀਤੇ। ਕਿੱਕ ਬਾਕਸਿੰਗ ਵਿੱਚ 2 ਸੋਨੇ ਦੇ ਤਮਗੇ,ਕੁਰਾਸ ਤੇ ਕਰਾਟੇ ਚ ਇੱਕ ਸੋਨੇ ਦਾ ਤਮਗਾ ਅਤੇ ਦੋ ਚਾਂਦੀ ਦੇ ਤਮਗੇ ਪ੍ਰਾਪਤ ਕੀਤੇ। ਡਿਸਕ ਥਰੋ ਵਿੱਚ ਇੱਕ ਚਾਂਦੀ ਦਾ ਤਮਗਾ ਅਤੇ ਬਾਸਕਿਟ ਬਾਲ ਦੀ ਅੰਡਰ-17 'ਚ ਇੱਕ ਚਾਂਦੀ ਦਾ ਤਮਗਾ ਪ੍ਰਾਪਤ ਕੀਤਾ।

ਸਕੂਲ ਦੇ ਪ੍ਰਿੰਸੀਪਲ ਮੈਡਮ ਮੋਨਿਕਾ ਸਿੰਘ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਕੁੱਲ 14 ਸੋਨੇ ਦੇ, 9 ਚਾਂਦੀ ਦੇ ਅਤੇ ਇੱਕ ਕਾਂਸੀ ਦਾ ਤਮਗਾ ਪ੍ਰਾਪਤ ਕੀਤਾ।

ਪ੍ਰਿੰਸੀਪਲ ਨੇ ਸਾਰੇ ਖਿਡਾਰੀਆਂ, ਉਨ੍ਹਾਂ ਦੇ ਮਾਪਿਆਂ ਅਤੇ ਸਾਰੇ ਕੋਚਾਂ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਪ੍ਰਾਪਤੀਆ ਦੀਆਂ ਵਧਾਈਆਂ ਦਿੱਤੀਆਂ। ਇਸ ਤੋਂ ਇਲਾਵਾ ਖੇਡਾਂ ਵਿੱਚ ਅੱਗੇ ਵਧਣ ਦੀ ਪ੍ਰੇਰਨਾ ਦਿੰਦਿਆਂ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵੀ ਸਾਡੇ ਜੀਵਨ ਦਾ ਮਹੱਤਵਪੂਰਨ ਅੰਗ ਹਨ।

# ਫਿਕੋ ਵੱਲੋਂ ਪੰਜਾਬ ਦੇ ਉਦਯੋਗ ਮੰਤਰੀ ਨੂੰ ਮੁੱਖ ਮੰਗਾਂ ਪੇਸ਼

**ਲੁਧਿਆਣਾ, 1 ਅਕਤੂਬਰ**
**-ਕੁਲਦੀਪ ਦੂੱਗਰੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਫੈਡਰੇਸ਼ਨ ਆਫ ਇੰਡਸਟਰੀਅਲ ਐਂਡ ਕਮਰਸ਼ੀਅਲ ਆਰਗੇਨਾਈਜ਼ੇਸ਼ਨ (ਫਿਕੋ) ਦੇ ਪ੍ਰਧਾਨ ਸ. ਗੁਰਮੀਤ ਸਿੰਘ ਕੁਲਾਰ ਦੀ ਅਗਵਾਈ ਹੇਠ ਇੱਕ ਵਫ਼ਦ ਨੇ ਪੰਜਾਬ ਦੇ ਉਦਯੋਗ ਅਤੇ ਵਣਜ ਮੰਤਰੀ ਸ਼੍ਰੀ ਸੰਜੀਵ ਅਰੋੜਾ ਨਾਲ ਮੁਲਾਕਾਤ ਕਰਕੇ ਉਦਯੋਗ ਨਾਲ ਸਬੰਧਤ ਮਹੱਤਵਪੂਰਨ ਮੰਗਾਂ ਰੱਖੀਆਂ। ਮੁੱਖ ਮਸਲੇ ਇਹ ਸਨ:



ਕਰਜ਼ਿਆਂ 'ਤੇ ਸਟੈਂਪ ਡਿਊਟੀ ਖਤਮ: ਨਵੇਂ ਲੋਨ, ਗਿਰਵੀਨਾਮਾ ਅਤੇ ਹਾਈਪੋਥੀਕੇਸ਼ਨ 'ਤੇ 0.25% ਸਟੈਂਪ ਡਿਊਟੀ ਅਤੇ ਚਾਰਜ ਮੁਆਫ਼ ਕਰਨ ਦੀ ਮੰਗ। ਫੋਕਲ ਪੁਆਇੰਟ ਜ਼ਮੀਨ ਡੀਨੋਟੀਫਾਈ: ਪੀਐਸਆਈਈਸੀ ਵੱਲੋਂ ਨਾ ਖਰੀਦੀਆਂ ਗਈਆਂ ਨਿਸ਼ਾਨਿਤ ਜ਼ਮੀਨਾਂ ਨੂੰ ਤੁਰੰਤ ਡੀਨੋਟੀਫਾਈ ਕਰਨ ਦੀ ਲੋੜ। ਮਿਸ਼ਰਤ ਭੂਮੀ ਵਰਤੋਂ ਵਾਲੇ ਖੇਤਰਾਂ ਦਾ ਸਥਾਈ ਹੱਲ: ਉਦਯੋਗਾਂ ਦੇ ਪੁਨਰਵਾਸ ਲਈ ਮੁਫ਼ਤ ਜ਼ਮੀਨੀ ਬੈਂਕ, ਬਿਜਲੀ ਕੁਨੈਕਸ਼ਨ ਸ਼ਿਫਟਿੰਗ ਅਤੇ ਸਬਸਿਡੀ ਵਾਲਾ ਪੈਕੇਜ। ਗਿੱਲ ਰੋਡ ਉਦਯੋਗਾਂ ਲਈ ਸਹਿਮਤੀ ਬਹਾਲ: ਪ੍ਰਦੂਸ਼ਣ ਕੰਟਰੋਲ ਬੋਰਡ ਤੋਂ ਮਨਜ਼ੂਰੀ ਜਾਰੀ ਕਰਨ ਦੀ ਮੰਗ। ਬਿਜਲੀ ਜੁਰਮਾਨੇ ਰੱਦ: ਮੀਟਰਡ ਕੁਨੈਕਸ਼ਨ ਵਾਲੇ ਛੋਟੇ/ਦਰਮਿਆਨੇ ਉਦਯੋਗਾਂ 'ਤੇ ਅਣਅਧਿਕਾਰਤ ਵਰਤੋਂ ਦੇ ਨੋਟਿਸ ਵਾਪਸ ਲਏ ਜਾਣ। ਪੇਸ਼ੇਵਰ ਟੈਕਸ ਰੱਦ: ਆਮਦਨ ਟੈਕਸਦਾਤਾਵਾਂ 'ਤੇ 200 ਰੁਪਏ ਪ੍ਰਤੀ ਮਹੀਨਾ ਦੇ ਵਾਧੂ ਬੋਝ ਨੂੰ ਖਤਮ ਕਰਨ ਦੀ ਬੇਨਤੀ। ਉਸੇ ਜੀਐਸਟੀ ਨਾਲ ਨਵਾਂ ਨਿਵੇਸ਼: ਮੌਜੂਦਾ ਜੀਐਸਟੀ ਨੰਬਰ ਨਾਲ ਨਵੀਆਂ ਇਕਾਈਆਂ ਨੂੰ ਵੀ ਵਿੱਤੀ ਪ੍ਰੋਤਸਾਹਨ ਦੇਣ ਦੀ ਮੰਗ।

ਫਿਕੋ ਨੇ ਸਰਕਾਰ ਨੂੰ ਬੇਨਤੀ ਕੀਤੀ ਕਿ ਇਹ ਕਦਮ ਪੰਜਾਬ ਵਿੱਚ ਕਾਰੋਬਾਰ ਕਰਨ ਦੀ ਸੌਖ ਵਧਾਉਣ ਅਤੇ ਉਦਯੋਗਿਕ ਵਿਕਾਸ ਨੂੰ ਪ੍ਰੋਤਸਾਹਿਤ ਕਰਨ ਲਈ ਤੁਰੰਤ ਲਏ ਜਾਣ।

# ਸਿਹਤ ਲਈ ਫ਼ਾਇਦੇਮੰਦ ਹੈ ਜੂਸ

ਚਮੜੀ ਦੀ ਚਮਕ ਬਰਕਰਾਰ ਰੱਖਣਾ ਚਾਹੁੰਦੇ ਹੋ ਤਾਂ ਜੂਸ ਪੀਣਾ ਬੇਹੱਦ ਫ਼ਾਇਦੇਮੰਦ ਹੈ ਪਰ ਇਸ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਤੁਹਾਡੀ ਚਮੜੀ ਲਈ ਕਿਹੜਾ ਜੂਸ ਲਾਹੇਵੰਦ ਰਹੇਗਾ।

## ਗਾਜਰ ਦਾ ਜੂਸ

ਗਾਜਰ ਵਿਚ ਵਿਟਾਮਿਨ-ਏ ਜ਼ਿਆਦਾ ਮਾਤਰਾ ਵਿਚ ਹੁੰਦਾ ਹੈ। ਇਹ ਖ਼ੁਸ਼ਕ ਅਤੇ ਝੁਰੜੀਆਂ ਵਾਲੀ ਚਮੜੀ ਲਈ ਫ਼ਾਇਦੇਮੰਦ ਹੁੰਦਾ ਹੈ। ਦਰਅਸਲ ਅਜਿਹੀ ਚਮੜੀ ਨੂੰ ਵਿਟਾਮਿਨ-ਏ ਦੀ ਜ਼ਿਆਦਾ ਜ਼ਰੂਰਤ ਹੁੰਦੀ ਹੈ। ਗਾਜਰ ਦਾ ਜੂਸ ਉਮਰ ਵਧਣ ਨਾਲ ਪੈਦਾ ਹੋਣ ਵਾਲੀ ਪਿਗਮੈਂਟੇਸ਼ਨ ਨੂੰ ਰੋਕਣ ਵਿਚ ਵੀ ਬੇਹੱਦ ਕਾਰਗਰ ਸਾਬਿਤ ਹੁੰਦਾ ਹੈ।

## ਟਮਾਟਰ ਦਾ ਜੂਸ

ਆਇਲੀ ਜਾਂ ਤੇਲੀਆ ਚਮੜੀ ਵਾਲਿਆਂ ਲਈ ਟਮਾਟਰ ਦਾ ਜੂਸ ਜ਼ਿਆਦਾ ਲਾਭਦਾਇਕ ਹੁੰਦਾ ਹੈ। ਇਹੀ ਨਹੀਂ, ਅਲਟਰਾ ਵਾਇਲਟ ਕਿਰਨਾਂ ਤੋਂ ਚਮੜੀ ਨੂੰ ਬਚਾਉਣ ਵਿਚ ਵੀ ਇਹ ਜੂਸ ਮਦਦ ਕਰਦਾ ਹੈ। ਟਮਾਟਰ ਦੇ ਜੂਸ ਵਿਚ ਮੌਜੂਦ ਲਾਈਕੋਪੀਨ ਐਂਟੀਔਕਸੀਡੈਂਟ ਦਾ ਕੰਮ ਕਰਦਾ ਹੈ।

## ਲੈਮਨ ਜੂਸ

ਲੈਮਨ ਜਾਂ ਨਿੰਬੂ ਵਿਚ ਲਿਵਰ ਨੂੰ ਡੀਟਾਕਸੀਫਾਈ ਕਰਨ ਦੀ ਸਮਰੱਥਾ ਹੁੰਦੀ ਹੈ, ਜਿਸ ਨਾਲ ਚਿਹਰੇ ਦੀ ਦਿੱਖ ਆਕਰਸ਼ਣ ਬਣਦੀ ਹੈ। ਲੈਮਨ ਜੂਸ ਨੂੰ ਸ਼ਹਿਦ ਵਿਚ ਮਿਲਾ ਕੇ ਚਿਹਰੇ ਉਤੇ ਲਗਾਉਣ ਨਾਲ ਰੰਗ ਸਾਫ਼ ਹੁੰਦਾ ਹੈ।

## ਖੀਰਾ ਤੇ ਐਲੋਵਿਰਾ

ਚਿਹਰੇ ਦੇ ਦਾਗ਼-ਧੱਬਿਆਂ ਨੂੰ ਹਟਾਉਣ ਲਈ ਕੁਕੰਬਰ ਜਾਂ ਖੀਰੇ ਦਾ ਜੂਸ ਸਭ ਤੋਂ ਜ਼ਿਆਦਾ ਫ਼ਾਇਦੇਮੰਦ ਹੈ। ਇਹ ਖ਼ੁਸ਼ਕ ਚਮੜੀ ਨੂੰ ਠੰਢਾ ਰੱਖਦਾ ਹੈ। ਇਹ ਜੂਸ ਅੱਖਾਂ ਹੇਠਲੇ ਕਾਲੇ ਘੇਰਿਆਂ ਨੂੰ ਵੀ ਘੱਟ ਕਰਦਾ ਹੈ।



8 ਸਤੰਬਰ 'ਵਰਲਡ ਫਸਟ-ਏਡ ਡੇਅ' 'ਤੇ

# ਆਓ ਬਚਾਈਏ ਫੱਟੜਾਂ ਦੀ ਜਾਨ



ਨਰੇਸ਼ ਪਠਾਣੀਆ
98557-00157

ਹੱਸਦੀ-ਖੇਡਦੀ ਜ਼ਿੰਦਗੀ 'ਚ ਹਾਦਸਾ ਕਦੋਂ ਵਾਪਰ ਜਾਵੇ, ਇਹ ਕਿਹਾ ਨਹੀਂ ਜਾ ਸਕਦਾ। ਸੜਕਾਂ 'ਤੇ ਮੋਟਰ ਗੱਡੀਆਂ ਦੀ ਦਿਨੋਂ-ਦਿਨ ਵੱਧ ਰਹੀ ਆਵਾਜਾਈ ਤੇ ਤੇਜ਼ ਹੁੰਦੀ ਜਾ ਰਹੀ ਰਫ਼ਤਾਰ ਨੇ ਸਾਡੇ ਜੀਵਨ ਦੀ ਰਫ਼ਤਾਰ ਨੂੰ ਛੋਟਾ ਕਰ ਦਿੱਤਾ ਹੈ। ਇਹ ਸੜਕੀ ਹਾਦਸੇ ਪਲਾਂ ਵਿਚ ਹੀ ਹੱਸਦੀ-ਖੇਡਦੀ ਜ਼ਿੰਦਗੀ ਨੂੰ ਖ਼ਤਮ ਕਰ ਜਾਂਦੇ ਹਨ ਅਤੇ ਇਨ੍ਹਾਂ ਹਾਦਸਿਆਂ 'ਚੋਂ ਜ਼ਿੰਦਾ ਬਚੇ ਫੱਟੜ ਵਿਅਕਤੀ ਉਮਰ ਭਰ ਅਪਾਹਜਤਾ ਭਰੀ ਜ਼ਿੰਦਗੀ ਜਿਊਂਦੇ ਹੋਏ ਪਰਿਵਾਰ ਤੇ ਸਮਾਜ ਉੱਪਰ ਬੋਝ ਬਣ ਜਾਂਦੇ ਹਨ।

## ਗੱਡੀ 'ਚ ਜ਼ਰੂਰ ਹੋਵੇ ਫਸਟ-ਏਡ ਬਾਕਸ

ਅੱਜ ਜ਼ਿਆਦਾਤਰ ਲੋਕੀ ਕਾਨੂੰਨੀ ਝੰਜਟਾਂ ਤੋਂ ਡਰਦੇ ਹਮਦਰਦੀ ਹੁੰਦਿਆਂ ਵੀ ਸੜਕਾਂ 'ਤੇ ਪਏ ਜ਼ਖ਼ਮੀਆਂ ਨੂੰ ਹੱਥ ਨਹੀਂ ਪਾਉਂਦੇ ਪਰ ਸੁਪਰੀਮ ਕੋਰਟ ਦੇ ਆਦੇਸ਼ਾਂ ਅਨੁਸਾਰ ਹਾਦਸਿਆਂ ਦੇ ਸ਼ਿਕਾਰ ਹੋਏ ਲੋਕਾਂ ਦੀ ਮਦਦ ਕਰਨ ਵਾਲਿਆਂ ਨੂੰ ਕਾਨੂੰਨੀ ਝੰਜਟ ਵਿਚ ਨਹੀਂ ਪਾਇਆ ਜਾ ਸਕਦਾ ਬਲਕਿ ਕਿਸੇ ਜ਼ਖ਼ਮੀਂ ਜਾਂ ਫੱਟੜ ਦੀ ਮਦਦ ਕਰਨ ਵਾਲੇ ਨੂੰ ਸਨਮਾਨਿਤ ਕੀਤੇ ਜਾਣ ਵਾਲਾ ਕੰਮ ਕਰਾਰ ਦਿੱਤਾ ਗਿਆ ਹੈ। ਲੋੜ ਹੈ ਕਿ ਇਹ ਗੱਲ ਲੋਕਾਂ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਚਾਰਨ ਦੀ, ਤਾਂ ਜੋ ਲੋਕ ਦੂਸਰਿਆਂ ਦੀ ਮਦਦ ਲਈ ਸਵੈ-ਇੱਛਾ ਨਾਲ ਅੱਗੇ ਆਉਣ। ਮੋਟਰ ਵਹੀਕਲ ਐਕਟ ਮੁਤਾਬਕ ਵਾਹਨਾਂ ਵਿਚ ਫਸਟ-ਏਡ ਬਕਸੇ ਰੱਖਣੇ ਲਾਜ਼ਮੀ ਹਨ ਪਰ ਦੁੱਖ ਦੀ ਗੱਲ ਇਹ ਹੈ ਕਿ ਅੱਜ ਬਹੁਤੇ ਵਾਹਨਾਂ ਵਿਚ ਲੋੜ ਪੈਣ 'ਤੇ ਫਸਟ-ਏਡ ਬਕਸੇ ਹੀ ਨਹੀਂ ਮਿਲਦੇ।

## ਸਭ ਤੋਂ ਪਹਿਲਾਂ ਸਾਹ ਕਿਰਿਆ ਚੈੱਕ ਕਰੋ

ਸੜਕ ਹਾਦਸਿਆਂ ਦੌਰਾਨ ਜੋ ਵੀ ਨੇੜੇ ਦੇ ਲੋਕ ਹਨ ਜਾਂ ਐਕਸੀਡੈਂਟ ਤੋਂ ਬਚੇ ਹਨ, ਫੱਟੜਾਂ ਦੀ ਜਾਨ ਬਚਾਉਣਾ ਬਹੁਤਾ ਇਨ੍ਹਾਂ 'ਤੇ ਨਿਰਭਰ ਕਰਦਾ ਹੈ। ਸਾਡੀ ਥੋੜ੍ਹੀ ਜਿਹੀ ਸਿਆਣਪ ਫੱਟੜ ਨੂੰ ਨਵੀਂ ਜ਼ਿੰਦਗੀ ਬਖ਼ਸ਼ ਸਕਦੀ ਹੈ। ਐਕਸੀਡੈਂਟ ਜੇ ਸੜਕ ਵਿਚਕਾਰ ਹੋਇਆ ਹੈ ਤਾਂ ਪਹਿਲਾ ਕੰਮ ਫੱਟੜਾਂ/ਸੱਟੜਾਂ ਨੂੰ ਸੁਰੱਖਿਅਤ ਢੰਗ ਨਾਲ ਚੁੱਕ ਕੇ ਇਕ ਪਾਸੇ ਕਰ ਦਿਉ ਤਾਂ ਜੋ ਕਿਸੇ ਤੇਜ਼ ਆ ਰਹੇ ਵਾਹਨ ਨਾਲ ਤੁਹਾਡੀ ਜਾਂ ਮਰੀਜ਼ ਦੀ ਜਾਨ ਨੂੰ ਕੋਈ ਖ਼ਤਰਾ ਨਾ ਹੋਵੇ। ਪੀੜਤ ਵਿਅਕਤੀ ਦੇ ਦਿਲ ਦੀ ਧੜਕਣ ਤੇ ਸਾਹ ਕਿਰਿਆ ਚੈੱਕ ਕਰੋ। ਏਅਰਵੇਜ਼ ਭਾਵ ਸਾਹ ਲੈਣ ਵਾਲੇ ਰਸਤਿਆਂ ਨੱਕ ਤੇ ਮੂੰਹ ਨੂੰ ਚੈੱਕ ਕਰੋ। ਏਅਰਵੇਜ਼ ਵਿਚ ਕਿਸੇ ਕਿਸਮ ਦੀ ਰੁਕਾਵਟ ਹੋਵੇ ਤਾਂ ਦੂਰ ਕਰੋ। ਦਿਲ ਦੀ ਧੜਕਣ ਤੇ ਸਾਹ ਬੰਦ ਹੋਵੇ ਤਾਂ ਬਨਾਉਟੀ ਸਾਹ ਦੇਣ ਦੇ ਢੰਗ ਤਰੀਕੇ ਅਤੇ ਸੀਪੀਆਰ ਤਰੀਕਾ ਫਸਟ-ਏਡ ਟ੍ਰੇਨਿੰਗ ਦੌਰਾਨ ਸਿਖਾਏ ਜਾਂਦੇ ਹਨ। ਫਸਟ-ਏਡ ਦੇ ਇਹ ਟ੍ਰੇਨਿੰਗ ਪ੍ਰੋਗਰਾਮ ਜ਼ਿਲ੍ਹਿਆਂ ਵਿਚ ਕੰਮ ਕਰਦੀਆਂ ਰੈੱਡ ਕਰਾਸ ਸੰਸਥਾਵਾਂ ਦੀ ਸਹਿਯੋਗੀ ਸੰਸਥਾ ਸੇਂਟ ਜਾਹਨ ਐਂਬੂਲੈਂਸ ਵੱਲੋਂ ਚਲਾਏ ਜਾਂਦੇ ਹਨ।

## ਫੱਟੜ ਨੂੰ ਧਿਆਨ ਨਾਲ ਚੁੱਕੋ

ਫੱਟੜ ਦੇ ਆਲੇ ਦੁਆਲੇ ਬਹੁਤੀ ਭੀੜ ਇਕੱਠੀ ਨਾ ਹੋਣ ਦਿਉ, ਕਿਉਂਕਿ ਮਰੀਜ਼ ਨੂੰ ਤਾਜ਼ੀ ਹਵਾ ਦੀ ਲੋੜ ਹੁੰਦੀ ਹੈ। ਭੀੜ ਤੋਂ ਵੀ ਕਿਸੇ ਕਿਸਮ ਦੀ ਮਦਦ ਲਈ ਜਾ ਸਕਦੀ ਹੈ। ਫੱਟੜਾਂ ਨੂੰ ਇਕਦਮ ਚੁੱਕਣ ਦੀ ਕਾਹਲ ਨਾ ਕਰੋ। ਕਈ ਵਾਰ ਲੋਕਾਂ ਦੀ ਭਾਵਨਾ ਹੁੰਦੀ ਹੈ ਕਿ ਪੀੜਤ ਨੂੰ ਛੇਤੀ ਹੀ ਖੜ੍ਹਾ ਕੀਤਾ ਜਾਵੇ ਜਾਂ ਬਿਠਾ ਕੇ ਕਿਸੇ ਵਹੀਕਲ ਵਿਚ ਪਾਇਆ ਜਾਵੇ। ਕਾਹਲ ਵਿਚ ਉਸ ਦੀ ਖਿੱਚ ਧੂਹ ਕੀਤੀ ਜਾਂਦੀ ਹੈ ਜਾਂ ਫਿਰ ਚੁੱਕਣ ਆਦਿ ਵੇਲੇ ਸਹੀ ਢੰਗ ਦਾ ਪਤਾ ਨਹੀਂ ਹੁੰਦਾ। ਹਾਦਸੇ ਵੇਲੇ ਪੀੜਤ ਵਿਅਕਤੀ ਦੀ ਰੀੜ੍ਹ ਦੀ ਹੱਡੀ, ਖ਼ਾਸ ਕਰਕੇ ਧੌਣ ਵਿਚ ਸੱਟ ਲੱਗੀ ਹੋਵੇ ਤਾਂ ਫੱਟੜ ਨੂੰ ਬਹੁਤ ਤਰੀਕੇ ਨਾਲ ਸੰਭਾਲ ਕੇ ਚੁੱਕਣਾ ਚਾਹੀਦਾ ਹੈ ਕਿਉਂਕਿ ਰੀੜ੍ਹ ਦੀ ਹੱਡੀ ਵਿਚਕਾਰ ਸਪਾਈਨਲ ਕੌਰਡ ਹੁੰਦੀ ਹੈ ਇਸ ਦੀ ਸੱਟ ਨਾਲ ਵਿਅਕਤੀ ਦਾ ਕੋਈ ਵੀ ਸਰੀਰਕ ਹਿੱਸਾ ਸਦਾ ਲਈ ਅਪਾਹਜ ਹੋ ਸਕਦਾ ਹੈ। ਹੱਡੀਆਂ ਦੇ ਢਾਂਚੇ ਜਾਂ ਲੱਤਾਂ-ਬਾਹਾਂ, ਪੱਸਲੀਆਂ ਆਦਿ ਸੱਟ ਲੱਗ ਕੇ ਟੁੱਟ ਸਕਦੀਆਂ ਹਨ। ਇਸ ਹਾਲਤ ਵਿਚ ਪੀੜਤ ਵਿਅਕਤੀ ਨੂੰ ਚੁੱਕਣ ਤੋਂ ਪਹਿਲਾਂ ਇਹ ਜ਼ਰੂਰ ਵੇਖ ਲਓ ਕਿ ਕੋਈ ਹੱਡੀ ਤਾਂ ਨਹੀਂ ਟੁੱਟੀ। ਅੰਗ ਦੇ ਆਕਾਰ ਦਾ ਟੇਡਾਪਣ, ਦਰਦ, ਸੋਜ਼ ਆਦਿ ਨਾਲ ਹੱਡੀ ਟੁੱਟਣ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਅਜਿਹੀਆਂ ਹਾਲਤਾਂ ਵਾਲੇ ਵਿਅਕਤੀਆਂ ਦੀ ਸ਼ਿਫਟਿੰਗ ਆਮ ਤੌਰ 'ਤੇ ਫੱਟੇ ਜਾਂ ਸਟਰੈਚਰ 'ਤੇ ਹੀ ਹੋਣੀ ਚਾਹੀਦੀ ਹੈ। ਫਰੈਕਚਰ ਕੇਸਾਂ ਵਿਚ ਟੁੱਟੀਆਂ ਹੱਡੀਆਂ ਨੂੰ ਸਹਾਰਾ ਦੇਣ ਵਾਸਤੇ ਫੱਟੀਆਂ ਭਾਵ ਸਪਲਿੰਟਸ ਦੀ ਵਰਤੋਂ ਕਰਨੀ ਜ਼ਰੂਰੀ ਹੁੰਦੀ ਹੈ। ਮੌਕੇ 'ਤੇ ਇਹ ਕੰਮ ਕਿਸੇ ਦਰਖ਼ਤ ਦੀ ਟਾਹਣੀ, ਫੱਟੀ, ਸੋਟੀ, ਤਹਿ ਕੀਤੇ ਅਖ਼ਬਾਰ/ਮੈਗਜ਼ੀਨ, ਗੱਤੇ ਆਦਿ ਤੋਂ ਚਲਾਇਆ ਜਾ ਸਕਦਾ ਹੈ। ਫਰੈਕਚਰ ਕੇਸਾਂ ਵਿਚ ਵਿਅਕਤੀ ਨੂੰ ਸਹੀ ਤਰੀਕੇ ਨਾਲ ਚੁੱਕ ਕੇ ਉਸ ਨੂੰ ਸਦਾ ਲਈ ਅਪਾਹਜ਼ ਹੋਣ ਤੋਂ ਬਚਾਇਆ ਜਾ ਸਕਦਾ ਹੈ। ਐਂਬੂਲੈਂਸ ਬੁਲਾਓ ਤੇ ਪੀੜਤ ਨੂੰ ਨਜ਼ਦੀਕੀ ਹਸਪਤਾਲ ਪਹੁੰਚਾਉ। ਹਾਦਸਾ ਪੀੜਤ ਦੇ ਮੋਬਾਇਲ ਫੋਨ ਜਾਂ ਜ਼ੇਬ ਵਿਚਲੇ ਕਾਗਜ਼ਾਂ ਤੋਂ ਉਸ ਦੀ ਪਛਾਣ ਕਰੋ। ਉਸਦੇ ਪਰਿਵਾਰਕ ਮੈਂਬਰਾਂ ਨੂੰ ਵੀ ਸੂਚਿਤ ਕਰੋ।

ਕਿਸੇ ਵੀ ਹਾਦਸੇ ਵੇਲੇ ਹੌਸਲਾ ਕਾਇਮ ਰੱਖੋ ਤੇ ਘਬਰਾਓ ਨਾ। ਸਹਾਇਤਾ ਮਿਲਣ ਤਕ ਰੋਗੀ ਜਾਂ ਉਸ ਦੇ ਰਿਸ਼ਤੇਦਾਰਾਂ ਨੂੰ ਵੀ ਮਾਨਸਿਕ ਹੌਸਲਾ ਤੇ ਤਸੱਲੀ ਦੇਣ ਦੀ ਕੋਸ਼ਿਸ਼ ਕਰੋ। ਇਸ ਨਾਲ ਫ਼ਿਕਰ ਤੇ ਬੇਚੈਨੀ ਘਟਦੀ ਹੈ। ਭੁੱਲ-ਭੁਲੇਖੇ ਵੀ ਕਦੀ ਕਿਸੇ ਜ਼ਖ਼ਮੀ, ਦੌਰੇ ਵਾਲੇ ਵਿਅਕਤੀ ਤੇ ਬੇਹੋਸ਼ੀ ਦੀ ਹਾਲਤ ਵਾਲੇ ਦੇ ਮੂੰਹ ਵਿਚ ਪਾਣੀ ਨਾ ਪਾਉ। ਇਹ ਪਾਣੀ ਫ਼ੇਫੜਿਆਂ ਵਿਚ ਜਾ ਕੇ ਸਾਹ ਦੀ ਰੁਕਾਵਟ ਪੈਦਾ ਕਰ ਸਕਦਾ ਹੈ। ਛੇਤੀ ਤੋਂ ਛੇਤੀ ਫੱਟੜਾਂ ਨੂੰ ਹਸਪਤਾਲ ਪਹੁੰਚਾਉਣ ਦੇ ਪ੍ਰਬੰਧ ਕਰੋ ਅਤੇ ਜ਼ਿਲ੍ਹੇ ਦੇ ਜ਼ਿੰਮੇਵਾਰ ਅਧਿਕਾਰੀਆਂ ਨੂੰ ਸੂਚਿਤ ਕਰੋ ਤਾਂ ਜੋ ਪੁਲਿਸ ਤੇ ਡਾਕਟਰੀ ਮਦਦ ਹਾਦਸੇ ਵਾਲੀ ਥਾਂ ਪਹੁੰਚ ਸਕੇ।

### ਹਰ ਸਾਲ ਇਕ ਲੱਖ ਮੌਤਾਂ

ਰੋਡ ਸੇਫਟੀ ਫੈਕਟਸ਼ੀਟ ਅਨੁਸਾਰ ਭਾਰਤ ਵਿਚ ਸੜਕ ਹਾਦਸਿਆਂ ਕਾਰਨ ਹਰ ਚਾਰ ਮਿੰਟਾਂ ਮਗਰੋਂ ਇਕ ਵਿਅਕਤੀ ਦੀ ਜਾਨ ਜਾ ਰਹੀ ਹੈ। ਅੰਕੜੇ ਦੱਸਦੇ ਹਨ ਕਿ ਭਾਰਤ ਵਿਚ ਵੀ ਹਰ ਸਾਲ ਸੜਕ ਹਾਦਸਿਆਂ ਵਿਚ ਇਕ ਲੱਖ ਤੋਂ ਵੱਧ ਮੌਤਾਂ ਹੋ ਜਾਂਦੀਆਂ ਹਨ। ਇਨ੍ਹਾਂ ਹਾਦਸਿਆਂ ਦਾ ਇਕ ਦੁੱਖਦਾਈ ਪਹਿਲੂ ਇਹ ਵੀ ਹੈ ਕਿ ਇਨ੍ਹਾਂ ਹਾਦਸਿਆਂ ਦੇ ਸ਼ਿਕਾਰ ਵਿਅਕਤੀਆਂ ਵਿੱਚੋਂ 50 ਫ਼ੀਸਦੀ ਮੌਤਾਂ ਸਮੇਂ ਸਿਰ ਮੁਢਲੀ ਸਹਾਇਤਾ ਜਾਂ ਡਾਕਟਰੀ ਸਹਾਇਤਾ ਨਾ ਮਿਲਣ ਕਰਕੇ ਹੁੰਦੀਆਂ ਹਨ। ਹਾਦਸਿਆਂ ਦੇ ਸ਼ਿਕਾਰ ਹੋਏ ਫੱਟੜਾਂ ਨੂੰ ਜੇ ਸਮੇਂ ਸਿਰ ਮੁਢਲੀ ਸਹਾਇਤਾ ਮਿਲ ਸਕੇ ਤਾਂ ਜਿੱਥੇ ਉਨ੍ਹਾਂ ਦੇ ਦੁੱਖ-ਦਰਦ ਨੂੰ ਘੱਟ ਕੀਤਾ ਜਾ ਸਕਦਾ ਹੈ, ਉੱਥੇ ਕਿਸੇ ਵਡਮੁੱਲੀ ਜਾਨ ਨੂੰ ਵੀ ਬਚਾਇਆ ਜਾ ਸਕਦਾ ਹੈ।



### ਵਗਦੇ ਖ਼ੂਨ ਨੂੰ ਤੁਰੰਤ ਰੋਕਣਾ ਜ਼ਰੂਰੀ

ਵੇਖੋ ਕਿ ਪੀੜਤ ਵਿਅਕਤੀ ਹੋਸ਼ ਵਿਚ ਹੈ ਜਾਂ ਨਹੀਂ ਅਤੇ ਕਿਤੋਂ ਖ਼ੂਨ ਤਾਂ ਨਹੀਂ ਵਗ ਰਿਹਾ। ਹਾਦਸੇ ਮਗਰੋਂ ਮੌਤ ਦਾ ਵੱਡਾ ਕਾਰਨ ਸਰੀਰ ਵਿੱਚੋਂ ਬਹੁਤ ਜ਼ਿਆਦਾ ਮਾਤਰਾ ਵਿਚ ਖ਼ੂਨ ਵਹਿ ਜਾਣਾ ਵੀ ਹੁੰਦਾ ਹੈ। ਸੱਟਾਂ ਵਿੱਚੋਂ ਖ਼ੂਨ ਵਗ ਰਿਹਾ ਹੋਵੇ ਤਾਂ ਅੰਗ ਨੂੰ ਥੋੜ੍ਹਾ ਉੱਚਾ ਕਰ ਕੇ ਰੱਖੋ ਅਤੇ ਵਗਦੇ ਖ਼ੂਨ ਨੂੰ ਰੋਕਣ ਦੇ ਉਪਰਾਲੇ ਕਰੋ। ਖ਼ੂਨ ਵਗਣ ਵਾਲੀ ਜਗ੍ਹਾ 'ਤੇ ਸਾਫ਼ ਰੁਮਾਲ/ਕੱਪੜੇ ਜਾਂ ਪੱਟੀਆਂ ਆਦਿ ਨਾਲ ਦਬਾਅ ਬਣਾ ਕੇ ਰੱਖੋ। ਕਈ ਵਾਰ ਬਾਹਰੋਂ ਖ਼ੂਨ ਨਹੀਂ ਵਗ ਰਿਹਾ ਹੁੰਦਾ ਪਰ ਅੰਦਰੂਨੀ ਸੱਟਾਂ ਕਾਰਨ ਸਰੀਰ ਦੇ ਅੰਦਰ ਖ਼ੂਨ ਵਗ ਸਕਦਾ ਹੈ ਅਤੇ ਕੁੱਝ ਸਮੇਂ ਬਾਅਦ ਵਿਅਕਤੀ ਦੀ ਜਾਨ ਜਾ ਸਕਦੀ ਹੈ। ਅਜਿਹੀ ਹਾਲਤ ਵਿਚ ਜਾਂ ਬੇਹੋਸ਼ ਵਿਅਕਤੀ ਨੂੰ ਲੈ ਕੇ ਜਾਣ ਵੇਲੇ ਟੇਢਾ ਕਰ ਕੇ ਭਾਵ ਵੱਖੀ ਪਰਨੇ, ਜਿਸ ਨੂੰ 'ਰਿਕਵਰੀ ਪੁਜ਼ੀਸ਼ਨ' ਆਖਦੇ ਹਨ, ਵਾਲੀ ਹਾਲਤ 'ਚ ਪਾ ਕੇ ਹਸਪਤਾਲ ਲਿਜਾਇਆ ਜਾਵੇ ਤਾਂ ਜੋ ਅੰਦਰੋਂ ਨਿਕਲਣ ਵਾਲਾ ਖ਼ੂਨ ਜਾਂ ਉਲਟੀ ਫ਼ੇਫੜਿਆਂ ਵਿਚ ਨਾ ਚਲੀ ਜਾਵੇ ਜੋ ਜਾਨਲੇਵਾ ਹੋ ਸਕਦੀ ਹੈ।

### ਜ਼ਿੰਦਗੀ ਬਚਾਅ ਸਕਦੀ ਹੈ ਸਹੀ ਜਾਣਕਾਰੀ

ਸਰਕਾਰਾਂ ਜਿੱਥੇ ਸੜਕੀ ਹਾਦਸਿਆਂ ਨੂੰ ਘੱਟ ਕਰਨ ਲਈ ਸੁਰੱਖਿਆ ਨੀਤੀਆਂ ਅਮਲ 'ਚ ਲਿਆਉਂਦੀਆਂ ਹਨ ਉੱਥੇ ਫਸਟ-ਏਡ ਤੇ ਸੜਕ ਸੁਰੱਖਿਆ ਦੇ ਗਿਆਨ ਨੂੰ ਵੀ ਹਰੇਕ ਲਈ ਲਾਜ਼ਮੀ ਕਰਾਰ ਦਿੱਤਾ ਜਾਣਾ ਚਾਹੀਦਾ ਹੈ ਤਾਂ ਜੋ ਗਿਆਨ ਦੇ ਜ਼ਰੀਏ ਕੀਮਤੀ ਤੇ ਵਡਮੁੱਲੀਆਂ ਜਾਨਾਂ ਬਚਾ ਸਕਣ। ਆਓ, ਵਿਸ਼ਵ ਫਸਟ-ਏਡ ਦਿਵਸ ਮੌਕੇ ਇਹ ਪ੍ਰਣ ਲਈਏ ਕਿ ਅਸੀਂ ਫਸਟ-ਏਡ ਦੀ ਮਹੱਤਤਾ ਨੂੰ ਸਮਝੀਏ ਤੇ ਇਸ ਗਿਆਨ ਰਾਹੀਂ ਆਪਣੇ ਆਪ ਨੂੰ ਤਿਆਰ ਕਰ ਕੇ ਮਨੁੱਖਤਾ ਦੀ ਭਲਾਈ ਲਈ ਅੱਗੇ ਆਈਏ ਤਾਂ ਜੋ ਸਾਡੀ ਸਮੇਂ ਸਿਰ ਕੀਤੀ ਸਹੀ ਮਦਦ ਨਾਲ ਕਿਸੇ ਦੀ ਬੁਝ ਰਹੀ ਜੀਵਨ ਜੋਤ ਨੂੰ ਰੁਸ਼ਨਾਇਆ ਜਾ ਸਕੇ।



# ਫਰੱਕਟੋਜ਼ ਦਿਮਾਗ਼ ਲਈ ਖ਼ਤਰੇ ਦੀ ਘੰਟੀ



ਡਾ. ਹਰਿੰਦਰਪਾਲ ਸਿੰਘ

ਦਵਾਈਆਂ ਬਣਾਉਣ ਵਾਲੀਆਂ ਪ੍ਰਮੁੱਖ ਕੰਪਨੀਆਂ ਇਸ ਵਿਚਾਰ ਨਾਲ ਸਹਿਮਤ ਹੁੰਦੀਆਂ ਜਾਪ ਰਹੀਆਂ ਹਨ ਕਿ ਹਾਈ ਫਰੱਕਟੋਜ਼ ਵਾਲੇ ਭੋਜਨ ਦਾ ਇਸਤੇਮਾਲ ਸਰੀਰ ਨੂੰ ਪੀੜਤ ਕਰਨ ਦੇ ਬਰਾਬਰ ਹੈ। ਅਮਰੀਕਨ ਮੈਡੀਕਲ ਐਸੋਸੀਏਸ਼ਨ ਦੇ ਰਸਾਲੇ ਵਿਚ ਛਪੀ ਇਕ ਰਿਪੋਰਟ ਮੁਤਾਬਕ ਹਾਈ ਫਰੱਕਟੋਜ਼ ਯੁਕਤ ਭੋਜਨ ਤੁਹਾਨੂੰ ਹੋਰ ਜ਼ਿਆਦਾ ਖਾਣ ਲਈ ਉਕਸਾਉਂਦਾ ਹੈ ਪਰ ਸਾਨੂੰ ਇਸ ਬਾਰੇ ਪਤਾ ਨਹੀਂ ਲੱਗਦਾ। ਭਾਰਤ ਨੂੰ ਜੇ ਸ਼ੂਗਰ ਦੀ ਰਾਜਧਾਨੀ ਕਿਹਾ ਜਾਂਦਾ ਹੈ ਤਾਂ ਅਮਰੀਕਾ ਨੂੰ ਮੋਟਾਪੇ ਦਾ ਘਰ। ਇਸ ਦਾ ਮੁੱਖ ਕਾਰਨ ਗ਼ਲਤ ਜੀਵਨਸ਼ੈਲੀ ਅਤੇ ਗ਼ਲਤ ਤਰੀਕੇ ਦਾ ਖਾਣ-ਪੀਣ ਹੈ।

## ਕੀ ਹੈ ਫਰੱਕਟੋਜ਼?

ਫਰੱਕਟੋਜ਼ ਇਕ ਤਰ੍ਹਾਂ ਦੀ ਸ਼ੂਗਰ ਹੀ ਹੈ ਜੋ ਆਮ ਵਰਤੋਂ ਵਿਚ ਆਉਣ ਵਾਲੀ ਚੀਨੀ ਨਾਲੋਂ ਬਹੁਤ ਸਸਤੀ ਪੈਂਦੀ ਹੈ। ਇਸ ਨੂੰ ਮੁੱਖ ਤੌਰ 'ਤੇ ਮੱਕੀ ਤੋਂ ਤਿਆਰ ਕੀਤਾ ਜਾਂਦਾ ਹੈ। ਮੱਕੀ ਕਾਫ਼ੀ ਸਸਤੀ ਪੈਂਦੀ ਹੈ। ਮੱਕੀ ਤੋਂ ਤਿਆਰ ਕੀਤੇ ਗਏ ਸ਼ੂਗਰ ਨੂੰ 'ਹਾਈ ਫਰੱਕਟੋਜ਼' ਜਾਂ 'ਕੌਰਨ ਸੀਰਪ' ਕਿਹਾ ਜਾਂਦਾ ਹੈ। ਅਮਰੀਕਾ ਤੇ ਯੂਰਪੀ ਦੇਸ਼ਾਂ ਵਿਚ ਭੋਜਨ ਪਦਾਰਥਾਂ ਵਿਚ ਵੱਡੇ ਪੱਧਰ 'ਤੇ ਇਸ ਦਾ ਇਸਤੇਮਾਲ ਕੀਤਾ ਜਾਂਦਾ ਹੈ। ਇਸ ਦਾ ਇਸਤੇਮਾਲ ਖਾਣ ਵਾਲੀਆਂ ਵਸਤਾਂ, ਜਿਵੇਂ ਕੈਂਡੀ, ਚਾਕਲੇਟ, ਦਵਾਈਆਂ, ਐਨਰਜੀ ਡਰਿੰਕ, ਡੱਬਾਬੰਦ ਭੋਜਨ, ਬੇਕਰੀ, ਕੇਕ, ਪੇਸਟਰੀ, ਮੀਟ, ਸੌਸ, ਜੈਮ, ਜੈਲੀ, ਜੂਸ ਆਦਿ ਵਿਚ ਕੀਤਾ ਜਾਂਦਾ ਹੈ। ਸਿਰਫ਼ ਸ਼ੂਗਰ ਦਾ ਖ਼ਰਚ ਘੱਟ ਕਰਨ ਲਈ ਹੀ ਇਸ ਨੂੰ ਉਸ ਦੇ ਬਦਲ ਵਜੋਂ ਵਰਤਿਆ ਜਾਂਦਾ ਹੈ ਪਰ ਆਧੁਨਿਕ ਖੋਜਾਂ ਨੇ ਸਾਬਿਤ ਕਰ ਦਿੱਤਾ ਹੈ ਕਿ ਇਹ ਨਾਰਮਲ ਸ਼ੂਗਰ ਨਾਲੋਂ ਵੀ ਜ਼ਿਆਦਾ ਖ਼ਤਰਨਾਕ ਤੇ ਮਾਰੂ ਹੈ।

## ਭੁੱਖ ਨੂੰ ਉਕਸਾਉਂਦਾ ਹੈ ਫਰੱਕਟੋਜ਼

ਇਹ ਸੀਰਪ ਸਾਡੀ ਭੁੱਖ ਨੂੰ ਕੰਟਰੋਲ ਕਰਨ ਵਾਲੇ ਹਾਰਮੋਨ ਨਾਲ ਘਪਲਾ ਕਰਦਾ ਹੈ। ਇਹ ਸਿਰਪ ਇਨ੍ਹਾਂ ਹਾਰਮੋਨ ਦੇ ਰਿਸਾਓ ਨੂੰ ਵਧਾ ਦਿੰਦਾ ਹੈ। ਜਿਸ ਦੇ ਨਤੀਜੇ ਵਜੋਂ ਇਹ ਜ਼ਿਆਦਾ ਦੇਰ ਆਪਣਾ ਕੰਮ ਨਹੀਂ ਕਰ ਪਾਉਂਦੇ ਤੇ ਸਾਡਾ ਸਰੀਰ ਸਮਝਦਾ ਹੈ ਕਿ ਇਸ ਵਿਚ ਐਨਰਜੀ ਦੀ ਘਾਟ ਹੋ ਗਈ ਹੈ ਇਸ ਲਈ ਸਾਨੂੰ ਹੋਰ ਖਾਣਾ ਚਾਹੀਦਾ ਹੈ। ਜ਼ਿਆਦਾ ਖਾਣ ਨਾਲ ਮੋਟਾਪਾ ਹੀ ਵਧਦਾ ਹੈ। ਇਕ ਨਵੀਨ ਖੋਜ ਅਨੁਸਾਰ ਇਹ ਸੀਰਪ ਦਿਮਾਗ਼ ਤੋਂ ਪੇਟ ਅਤੇ ਪੇਟ ਤੋਂ ਦਿਮਾਗ਼ ਤਕ ਜਾਣ ਵਾਲੇ ਈਟਿੰਗ ਸਿਗਨਲ ਨੂੰ ਤਬਾਹ ਕਰਦੇ ਹਨ। ਜਿਸ ਕਾਰਨ ਅਸੀਂ ਸਰੀਰ ਦੀ ਜ਼ਰੂਰਤ ਅਨੁਸਾਰ ਨਹੀਂ ਖਾ ਸਕਦੇ। ਆਮ ਗੁਲੂਕੋਜ਼ ਦਿਮਾਗ਼ ਨੂੰ ਜਾਣ ਵਾਲੇ ਖ਼ੂਨ ਦੇ ਵਹਾਅ ਨੂੰ ਘੱਟ ਕਰਦਾ ਹੈ ਜਿਸ ਦੇ ਫਲਸਰੂਪ ਦਿਮਾਗ਼ ਸਰੀਰ ਨੂੰ ਸਿਗਨਲ ਭੇਜਦਾ ਹੈ ਜਿਸ ਕਾਰਨ ਅਸੀਂ ਖ਼ੁਸ਼ ਅਤੇ ਸੰਤੁਸ਼ਟ ਅਨੁਭਵ ਕਰਦੇ ਹਾਂ। ਇਸ ਦੇ ਉਲਟ ਫੈਕਟਰੀ ਵਿਚ ਤਿਆਰ ਕੀਤਾ ਗਿਆ ਫਰੱਕਟੋਜ਼ ਦਿਮਾਗ਼ ਵੱਲ ਖ਼ੂਨ ਦੇ ਵਹਾਅ ਨੂੰ ਵਧਾ ਦਿੰਦਾ ਹੈ। ਅਸੀਂ ਜ਼ਰੂਰਤ ਨਾ ਹੋਣ ਦੇ ਬਾਵਜੂਦ ਭੁੱਖ ਮਹਿਸੂਸ ਕਰਦੇ ਹਾਂ।

## ਲੰਬੇ ਸਮੇਂ ਤਕ ਨਾ ਵਰਤੋਂ ਕੌਰਨ ਆਇਲ

ਮੱਕੀ ਤੋਂ ਤੇਲ ਵੀ ਤਿਆਰ ਕੀਤਾ ਜਾਂਦਾ ਹੈ। ਜਿਸ ਨੂੰ ਕੌਰਨ ਆਇਲ ਆਖਦੇ ਹਨ। ਇਸ ਦਾ ਇਸਤੇਮਾਲ ਖਾਣਾ ਬਣਾਉਣ ਲਈ ਕੀਤਾ ਜਾਂਦਾ ਹੈ ਪਰ ਲੰਮੇ ਸਮੇਂ ਤਕ ਇਸ ਦਾ ਇਸਤੇਮਾਲ ਵੀ ਨੁਕਸਾਨਦੇਹ ਹੁੰਦਾ ਹੈ। ਜ਼ਿਆਦਾ ਸਮੇਂ ਤਕ ਇਸਤੇਮਾਲ ਕਰਨ ਨਾਲ ਇਹ ਉਨ੍ਹਾਂ ਐਨਜ਼ਾਈਮਜ਼ ਨੂੰ ਰੋਕ ਦਿੰਦਾ ਹੈ ਜੋ ਸਰੀਰ ਨੇ ਕੈਂਸਰ ਨਾਲ ਲੜਨ ਲਈ ਪੈਦਾ ਕੀਤੇ ਹੁੰਦੇ ਹਨ।

### ਮੱਕੀ ਨੁਕਸਾਨਦੇਹ ਨਹੀਂ ਹੈ...

ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਕੌਰਨ ਸਿਰਪ ਮੱਕੀ ਤੋਂ ਬਣਿਆ ਹੋਣ ਕਾਰਨ ਸ਼ਾਇਦ ਮੱਕੀ ਵੀ ਨੁਕਸਾਨਦੇਹ ਹੈ। ਮੱਕੀ ਸਿਹਤ ਲਈ ਅਤਿਅੰਤ ਗੁਣਕਾਰੀ ਹੈ। ਮੱਕੀ ਵਿਚ ਮੁੱਖ ਤੌਰ 'ਤੇ ਰੇਸ਼ੇ, ਵਿਟਾਮਿਨ, ਫੋਲਿਕ ਐਸਿਡ, ਨਿਆਸਿਨ, ਵਿਟਾਮਿਨ-ਸੀ, ਫਾਸਫੋਰਸ, ਮੈਗਨੀਸ਼ੀਅਮ, ਮੈਂਗਨੀਜ਼, ਜ਼ਿੰਕ, ਕਾਪਰ, ਆਇਰਨ, ਸੈਲੀਨੀਅਮ ਆਦਿ ਪਾਏ ਜਾਂਦੇ ਹਨ। ਮੱਕੀ ਸਾਡੀ ਚਮੜੀ 'ਤੇ ਨਰਵਸ ਸਿਸਟਮ ਲਈ ਮਹੱਤਵਪੂਰਨ ਹੈ। ਇਹ ਸਾਡੇ ਪਾਚਨ-ਤੰਤਰ ਨੂੰ ਠੀਕ ਰੱਖਣ ਤੋਂ ਇਲਾਵਾ ਕੋਲੈਸਟਰੋਲ ਨੂੰ ਵੀ ਘੱਟ ਕਰਦੀ ਹੈ। ਪੂਰੇ ਵਿਸ਼ਵ ਵਿਚ ਪ੍ਰਸਿੱਧ ਹੈ ਪਰ ਕੌਰਨ ਸਿਰਪ ਵਿਚ ਸਿਰਫ਼ ਮੱਕੀ ਵਿਚਲੀ ਸ਼ੂਗਰ ਦਾ ਹੀ ਇਸਤੇਮਾਲ ਕੀਤਾ ਜਾਂਦਾ ਹੈ।

ਇਸ ਤੋਂ ਇਲਾਵਾ ਕੌਰਨ ਸਿਰਪ ਦੇ ਇਸਤੇਮਾਲ ਨਾਲ ਹੋਰ ਕਈ ਬਿਮਾਰੀਆਂ ਲੱਗ ਜਾਂਦੀਆਂ ਹਨ, ਜਿਵੇਂ ਕਿ ਇਹ ਸਰੀਰ ਵਿਚ ਯੂਰਿਕ ਐਸਿਡ ਦੀ ਮਾਤਰਾ ਨੂੰ ਵਧਾਉਂਦਾ ਹੈ, ਜੋ ਗਠੀਏ ਤੇ ਗੁਰਦੇ ਦੀ ਪੱਥਰੀ ਦਾ ਕਾਰਨ ਬਣਦਾ ਹੈ। ਇਹ ਸਰੀਰ ਦੀ ਰੋਗਾਂ ਨਾਲ ਲੜਨ ਦੀ ਸ਼ਕਤੀ ਨੂੰ ਘਟਾਉਂਦਾ ਹੈ। ਬੈਕਟੀਰੀਆ ਅਤੇ ਵਾਇਰਸ ਨਾਲ ਲੜਨ ਵਾਲੇ ਖ਼ੂਨ ਦੇ ਸਫ਼ੈਦ ਕਣਾਂ ਨੂੰ ਤਾਂ ਇਹ ਲਗਪਗ ਖ਼ਤਮ ਹੀ ਕਰ ਦਿੰਦਾ ਹੈ। ਇਹ ਸਿਰਪ ਸਰੀਰ ਵਿਚ ਟਰਾਈਗਲਿਸਰਾਈਡ ਤੇ ਮਾੜੇ ਕੋਲੈਸਟਰੋਲ (ਐੱਲਡੀਐੱਲ) ਨੂੰ ਵਧਾਉਂਦਾ ਹੈ। ਇਹ ਸਰੀਰ ਵਿਚ ਐੱਸਓਡੀ ਦੇ ਪੱਧਰ ਨੂੰ ਘੱਟ ਕਰਦਾ ਹੈ ਜੋ ਕਿ ਕੈਲਸ਼ੀਅਮ, ਮੈਗਨੀਸ਼ੀਅਮ, ਆਇਰਨ, ਜ਼ਿੰਕ ਦੀ ਘਾਟ ਦਾ ਕਾਰਨ ਬਣਦਾ ਹੈ। ਇਹ ਸਾਡੇ ਲਿਵਰ ਨੂੰ ਨੁਕਸਾਨ ਪਹੁੰਚਾਉਂਦਾ ਹੈ। ਇਹ ਸ਼ੂਗਰ ਦੀ ਬਿਮਾਰੀ ਦਾ ਕਾਰਨ ਬਣਦਾ ਹੈ। ਗਰਭਵਤੀ ਔਰਤਾਂ ਦੁਆਰਾ ਇਸ ਦਾ ਇਸਤੇਮਾਲ ਕਰਨ ਤੇ ਗਰਭ 'ਚ ਪਲ਼ ਰਹੇ ਬੱਚੇ ਨੂੰ ਸ਼ੂਗਰ ਹੋਣ ਦਾ ਖ਼ਤਰਾ ਵੱਧ ਜਾਂਦਾ ਹੈ। ਇਹ ਸਰੀਰ ਦੇ ਪੱਠਿਆਂ ਦੁਆਰਾ ਤਾਕਤ ਲਈ ਇਸਤੇਮਾਲ ਕੀਤੇ ਜਾਂਦੇ ਏਟੀਪੀ ਅਣੂ ਦੇ ਜਮਾਅ ਨੂੰ ਘੱਟ ਕਰਦਾ ਹੈ। ਕੌਰਨ ਸੀਰਪ ਦੰਦਾਂ ਉੱਪਰਲੀ ਪਰਤ ਨੂੰ ਖ਼ਤਮ ਕਰਦਾ ਹੈ। ਇਹ ਦਿਲ ਦੇ ਦੌਰੇ ਦੇ ਖ਼ਤਰੇ ਨੂੰ ਵਧਾਉਂਦਾ ਹੈ ਤੇ ਹੋਰ ਦਿਲ ਦੇ ਰੋਗਾਂ ਦਾ ਕਾਰਨ ਬਣਦਾ ਹੈ। ਇਹ ਖ਼ੁਰਾਕੀ ਅਤੇ ਪੌਸ਼ਟਿਕ ਤੱਤਾਂ ਤੋਂ ਰਹਿਤ ਹੁੰਦਾ ਹੈ ਤੇ ਅਨੀਮੀਆ ਆਦਿ ਰੋਗਾਂ ਦਾ ਕਾਰਨ ਬਣਦਾ ਹੈ। ਇਸ ਤੋਂ ਇਲਾਵਾ ਇਹ ਸਰੀਰ ਵਿਚ ਥਕਾਨ ਪੈਦਾ ਕਰਦਾ ਹੈ।

98148-13674



# ਕਮਰ ਦਰਦ ਦੂਰ ਕਰਨ ਦੇ ਘਰੇਲੂ ਨੁਸਖ਼ੇ

ਜੇਕਰ ਵਿਗਿਆਨੀਆਂ ਦੀ ਮੰਨੀਏ ਤਾਂ ਲਗਪਗ ਹਰ ਦੂਸਰਾ ਆਦਮੀ ਜਾਂ ਔਰਤ ਕਮਰ ਦਰਦ ਤੋਂ ਪਰੇਸ਼ਾਨ ਹੈ। ਇਸ ਦਾ ਮੁੱਖ ਕਾਰਨ ਇਹ ਕਿ ਇਕ ਹੀ ਜਗ੍ਹਾ 'ਤੇ ਜ਼ਿਆਦਾ ਦੇਰ ਤਕ ਬੈਠ ਕੇ ਕੰਮ ਕਰਨ ਨਾਲ ਮਾਸਪੇਸ਼ੀਆਂ 'ਤੇ ਜ਼ੋਰ ਪੈਣਾ ਹੈ।

## ਇਲਾਜ

- ਹਰੀਆਂ ਸਬਜ਼ੀਆਂ ਖਾਣ ਨਾਲ ਸਰੀਰ ਵਿਚ ਇਮਊਨਿਟੀ 'ਚ ਵਾਧਾ ਹੁੰਦਾ ਹੈ। ਇਸ ਲਈ ਕਮਰ ਦਰਦ ਤੋਂ ਛੁਟਕਾਰਾ ਪਾਉਣ ਲਈ ਹਰੀਆਂ ਸਬਜ਼ੀਆਂ, ਖ਼ਾਸਕਰ ਫਲੀਦਾਰ ਸਬਜ਼ੀਆਂ ਜ਼ਰੂਰ ਖਾਣੀਆਂ ਚਾਹੀਦੀਆਂ ਹਨ।
- ਸਵੇਰੇ-ਸਵੇਰੇ ਦੋ ਖਜ਼ੂਰਾਂ ਦਾ ਰੋਜ਼ਾਨਾ ਸੇਵਨ ਕਮਰ ਦਰਦ ਵਿਚ ਰਾਮਬਾਣ ਜਿਹਾ ਅਸਰ ਕਰਦਾ ਹੈ।
- ਥੋੜ੍ਹੇ ਜਿਹੇ ਦੇਸੀ ਘਿਓ ਵਿਚ ਅਦਰਕ ਦਾ ਰਸ ਮਿਲਾ ਕੇ ਉਸ ਦਾ ਸੇਵਨ ਕੀਤਾ ਜਾਵੇ ਤਾਂ ਉਸ ਦਾ ਅਸਰ ਕਮਰ ਦਰਦ ਉਤੇ ਤੁਰੰਤ ਹੁੰਦਾ ਹੈ।
- ਮੇਥੀ ਦੀ ਵਰਤੋਂ ਆਪਣੀ ਖ਼ੁਰਾਕ ਵਿਚ ਵਧਾਉਣ ਨਾਲ ਕਮਰ ਦਰਦ ਤੋਂ ਆਰਾਮ ਪਾਇਆ ਜਾ ਸਕਦਾ ਹੈ।
- ਦੁੱਧ ਅਤੇ ਕੈਸਟਰ ਆਇਲ (ਅਰਿੰਡੀ ਦਾ ਤੇਲ) ਵੀ ਕਮਰ ਦਰਦ ਦਾ ਵਧੀਆ ਇਲਾਜ ਹੈ। ਇਸ ਤਰ੍ਹਾਂ ਦੇ ਦਰਦ ਨੂੰ ਅਣਗੌਲਿਆ ਨਹੀਂ ਕਰਨਾ ਚਾਹੀਦਾ।



# ਸੁੰਦਰਤਾ ਤੋਂ ਉਪਜਿਆ ਡਰ ਕੈਲੀਗਾਈਨੇਫੋਬੀਆ

ਡਾ. ਹਰਸ਼ਿੰਦਰ ਕੌਰ

ਜਦ ਤੋਂ ਧਰਤੀ ਉੱਤੇ ਜੀਵਨ ਸ਼ੁਰੂ ਹੋਇਆ ਹੈ, ਉਦੋਂ ਤੋਂ ਹੀ ਡਰ ਦਾ ਵੀ ਜਨਮ ਹੋ ਗਿਆ ਸੀ। ਇਨਸਾਨ, ਸਮੁੰਦਰੀ ਜੀਵ, ਜਾਨਵਰ, ਪੰਛੀ, ਕੀਟ-ਪਤੰਗੇ, ਕੋਈ ਵੀ ਅਜਿਹਾ ਨਹੀਂ ਜਿਸ ਨੂੰ ਕਿਸੇ ਤੋਂ ਡਰ ਨਾ ਹੋਵੇ। ਕਿਸੇ ਨੂੰ ਵੱਧ, ਕਿਸੇ ਨੂੰ ਘੱਟ, ਕਿਸੇ ਨੂੰ ਪਾਣੀ ਤੋਂ, ਕੋਈ ਉਚਾਈ ਤੋਂ, ਕੋਈ ਮੌਤ ਤੋਂ, ਕੋਈ ਸੱਪ ਤੋਂ ਤੇ ਕਿਸੇ ਨੂੰ ਕਿਰਲੀ ਜਾਂ ਕਾਕਰੋਚ ਤੋਂ ਡਰ ਲਗਦਾ ਹੈ। ਕਿਸੇ ਨੂੰ ਇਕ ਚੀਜ਼ ਬਹੁਤ ਪਸੰਦ ਹੋ ਸਕਦੀ ਤੇ ਦੂਜਾ ਉਸੇ ਚੀਜ਼ ਤੋਂ ਭੈਅਭੀਤ ਹੋ ਸਕਦਾ ਹੈ। ਆਮ ਤੌਰ 'ਤੇ ਸੁੰਦਰਤਾ ਦੀ ਸਭ ਤਾਰੀਫ਼ ਕਰਦੇ ਹਨ ਪਰ ਇਕ ਅਜਿਹੀ ਕਿਸਮ ਦਾ ਡਰ ਵੀ ਹੈ ਜੋ ਸੁੰਦਰਤਾ ਤੋਂ ਉਤਪੰਨ ਹੁੰਦਾ ਹੈ। ਕੈਲੀਗਾਈਨੇਫੋਬੀਆ ਅਜਿਹੀ ਹੀ ਇਕ ਬਿਮਾਰੀ ਹੈ। ਕੁਝ ਪੁਰਸ਼ਾਂ ਨੂੰ ਇਹ ਬਿਮਾਰੀ ਹੁੰਦੀ ਹੈ ਜਿਸ ਵਿਚ ਸੋਹਣੀ ਕੁੜੀ ਨੂੰ ਵੇਖਦੇ ਸਾਰ ਉਨ੍ਹਾਂ ਅੰਦਰ ਸਹਿਮ ਤੇ ਡਰ ਉਪਜ ਪੈਂਦਾ ਹੈ। ਕਈ ਵਾਰ ਇਹ ਡਰ ਏਨਾਂ ਅਸੀਮ ਹੁੰਦਾ ਹੈ ਕਿ ਘਬਰਾਹਟ ਨਾਲ ਹੱਥ-ਪੈਰ ਤਕ ਕੰਬਣ ਲੱਗ ਪੈਂਦੇ ਹਨ ਤੇ ਪਸੀਨੇ ਨਾਲ ਮੱਥਾ ਭਰ ਜਾਂਦਾ ਹੈ। ਕੁਝ ਬੰਦਿਆਂ ਨੂੰ ਏਨਾਂ ਜ਼ਿਆਦਾ ਡਰ ਲਗਦਾ ਹੈ ਕਿ ਉਨ੍ਹਾਂ ਦੀ ਰਾਤਾਂ ਦੀ ਨੀਂਦਰ ਤਕ ਉੱਡ-ਪੁੱਡ ਜਾਂਦੀ ਹੈ।

## ਲੱਛਣ

ਘਬਰਾਹਟ ਦੇ ਦੌਰੇ (ਪੈਨਿਕ ਅਟੈਕ), ਸਾਹ ਰੁਕਣਾ, ਤੇਜ਼ ਸਾਹ ਲੈਣ ਲੱਗ ਪੈਣਾ, ਲੰਬੇ-ਲੰਬੇ ਸਾਹ ਖਿੱਚ ਕੇ ਇਕਦਮ ਸਾਹ ਰੋਕ ਲੈਣਾ, ਹੌਂਕਣੀ ਸ਼ੁਰੂ ਹੋ ਜਾਣੀ, ਧੜਕਣ ਦੀ ਗੜਬੜੀ, ਪਿਸ਼ਾਬ ਨਿਕਲ ਜਾਣਾ, ਉਲਟੀ ਆਉਣੀ ਜਾਂ ਜੀਅ ਕੱਚਾ ਹੋਣਾ, ਮੂੰਹ ਸੁੱਕਣਾ, ਥਥਲਾਉਣ ਲੱਗ ਜਾਣਾ, ਗੱਲ ਕਰਦਿਆਂ ਅੜਨ ਲੱਗ ਪੈਣਾ, ਪਸੀਨਾ ਜ਼ਿਆਦਾ ਆਉਣਾ, ਕਾਂਬਾ ਛਿੜਨਾ ਆਦਿ।

## ਕਾਰਨ

ਸਰੀਰਕ ਸਬੰਧਾਂ 'ਚ ਅਣਸੁਖਾਵੇਪਨ ਦਾ ਅਹਿਸਾਸ, ਕਿਸੇ ਸੋਹਣੀ ਕੁੜੀ ਵੱਲੋਂ ਲੋਕਾਂ ਦਰਮਿਆਨ ਦੱਬ ਕੇ ਬੇਇੱਜ਼ਤ ਕੀਤੇ ਜਾਣਾ, ਸੋਹਣੀ ਔਰਤ ਵੱਲੋਂ ਮਾਰ ਕੁਟਾਈ ਦਾ ਸ਼ਿਕਾਰ ਹੋਣਾ, ਪਿਆਰ ਦਾ ਹੁੰਗਾਰਾ ਨਾ ਮਿਲਣਾ, ਸੋਹਣੀ ਔਰਤ ਵੱਲੋਂ ਮਜ਼ਾਕ ਦਾ ਪਾਤਰ ਬਣਨਾ। ਅਜਿਹੀਆਂ ਅਣਸੁਖਾਵੀਆਂ ਘਟਨਾਵਾਂ ਕਿਸੇ-ਕਿਸੇ ਨੂੰ ਸਿਰਫ਼ ਦੂਰੋਂ ਦਿਸਦੀ ਸੋਹਣੀ ਔਰਤ ਵੇਖਦੇ ਹੀ ਢਹਿੰਦੀ ਕਲਾ, ਸ਼ਰਮਿੰਦਗੀ, ਨਿਤਾਣਾਪਨ, ਹੀਣ ਭਾਵਨਾ, ਆਤਮ ਵਿਸ਼ਵਾਸ਼ ਦੀ ਘਾਟ, ਅਸੁਰੱਖਿਅਤ ਮਹਿਸੂਸ ਹੋਣਾ, ਭੀੜ ਤੋਂ ਘਬਰਾਉਣਾ, ਟੋਕਾ-ਟੋਕਾਈ ਤੋਂ ਝਟਪਟ ਛਿੱਥੇ ਪੈ ਜਾਣਾ ਆਦਿ ਵਰਗੇ ਪਾਸੇ ਵੱਲ ਤੋਰ ਦਿੰਦੀ ਹੈ। ਕੁਝ ਕੁ ਦਾ ਇਹ ਡਰ ਏਨਾਂ ਡੂੰਘਾ ਬਹਿ ਜਾਂਦਾ ਹੈ ਕਿ ਅਚੇਤ ਮਨ ਵਿਚਲੇ ਕਿਆਸ ਨਾਲ ਵੀ ਬੰਦੇ ਨੂੰ ਘਬਰਾਹਟ ਹੋਣ ਲੱਗ ਪੈਂਦੀ ਹੈ ਤੇ ਸੁਪਨੇ ਵਿਚ ਵੀ ਤ੍ਰਭਕ ਕੇ ਉੱਠਣ ਲੱਗ ਪੈਂਦਾ ਹੈ।

## ਇਲਾਜ

- ਸਭ ਤੋਂ ਜ਼ਰੂਰੀ ਹੈ ਬਿਮਾਰੀ ਦਾ ਕਾਰਨ ਲੱਭਣਾ। ਮਨੋਵਿਗਿਆਨਿਕ ਡਾਕਟਰ ਦੀ ਸਲਾਹ ਲੈਮੀ ਬੇਹੱਦ ਜ਼ਰੂਰੀ ਹੈ। ਹਿਪਨੋਟਿਜ਼ਮ ਇਸ ਡਰ ਨੂੰ ਦੂਰ ਕਰਨ 'ਚ ਕਾਰਗਰ ਸਿੱਧ ਹੋ ਸਕਦਾ ਹੈ। ਨਿਊਰੋ ਲਿੰਗੁਇਸਟਿਕ ਪ੍ਰੋਗਰਾਮ, ਹੱਥੀਂ ਮਿਹਨਤ ਵਾਲਾ ਕੰਮ ਕਰਨਾ ਜਿਸ ਨਾਲ ਥਕਾਵਟ ਹੋ ਜਾਂਦੀ ਹੋਵੇ।
- **ਐਕਸਪੋਜ਼ਰ ਥੈਰੇਪੀ** - ਇਸ ਵਿਚ ਬੰਦੇ ਨੂੰ ਹਫ਼ਤੇ 'ਚ ਇਕ ਵਾਰ ਔਰਤਾਂ ਨੂੰ ਲੰਘਦੇ-ਟੱਪਦੇ ਨੂੰ ਦੂਰੋਂ ਬਹਿ ਕੇ ਡਾਕਟਰੀ ਦੇਖ-ਰੇਖ ਹੇਠ ਵੇਖਣ ਦੀ ਪ੍ਰੈਕਟਿਸ ਕਰਵਾਈ ਜਾਂਦੀ ਹੈ। ਇਸ ਨਾਲ ਹੌਲੀ-ਹੌਲੀ ਘਬਰਾਹਟ ਦੂਰ ਹੋਣੀ ਸ਼ੁਰੂ ਹੋ ਜਾਂਦੀ ਹੈ।
- **ਡੀਸੈਂਸਟੇਟਾਈਜ਼ੇਸ਼ਨ** - ਨਾਰਮਲ ਤਰੀਕੇ ਨਾਲ ਹਸਪਤਾਲ ਦੀਆਂ ਨਰਸਾਂ ਨਾਲ ਗੱਲਬਾਤ ਕਰਨ ਨਾਲ ਹੌਲੀ-ਹੌਲੀ ਫ਼ਰਕ ਪੈਣ ਲੱਗ ਪੈਂਦਾ ਹੈ।
- **ਬੀਹੇਵੀਅਰ ਥੈਰੇਪੀ** - ਮਨੋਵਿਗਿਆਨੀ ਡਾਕਟਰ ਤੋਂ ਹਫ਼ਤੇ ਵਿਚ ਦੋ ਵਾਰ ਸਾਈਕੋਥੈਰੇਪੀ ਲੈਣੀ ਅਤੇ ਆਪਣੇ ਆਪ ਨੂੰ ਸਹਿਜ ਰੱਖਣ ਦੀ ਪ੍ਰੈਕਟਿਸ ਕਰਨੀ ਪੈਂਦੀ ਹੈ।
- **ਪਿਆਰ-ਦੁਲਾਰ** - ਘਰ ਅੰਦਰੋਂ ਮਿਲੇ ਪਿਆਰ-ਦੁਲਾਰ ਨਾਲ ਬੰਦਾ ਛੇਤੀ ਨਾਰਮਲ ਹੋ ਜਾਂਦਾ ਹੈ।



## ਡਰ ਕਿਵੇਂ ਅਸਰ ਕਰਦਾ ਹੈ?

ਕਿਸੇ ਚੀਜ਼ ਤੋਂ ਡਰ ਲਗਣਾ, ਜਿਵੇਂ ਹਨ੍ਹੇਰਾ, ਕਾਕਰੋਚ, ਜੋਕਰ, ਮੱਕੜੀ, ਆਦਿ ਦੇ ਡਰ ਤੋਂ ਵੱਖ ਤਰ੍ਹਾਂ ਦੀਆਂ ਤਰੰਗਾਂ ਪੈਦਾ ਕਰਦਾ ਹੈ। ਕਿਸੇ ਤੋਂ ਵੱਧ ਤੇ ਕਿਸੇ ਤੋਂ ਘੱਟ ਲੱਗਦੇ ਡਰ ਦੇ ਹਿਸਾਬ ਨਾਲ ਮੂੰਹ ਉੱਤੇ ਡਰ ਦੇ ਹਾਵ-ਭਾਵ, ਚੀਕ ਮਾਰਨੀ ਜਾਂ ਘਬਰਾਹਟ ਨਾਲ ਹੱਥ-ਪੈਰ ਕੰਬਣ ਤੋਂ ਲੈ ਕੇ ਸਿਰਫ਼ ਦਿਲ ਦੀ ਧੜਕਨ ਤੇਜ਼ ਹੋਣੀ ਤਕ ਸੀਮਤ ਹੋ ਸਕਦਾ ਹੈ। ਸਕੈਨਿੰਗ ਕਰਨ ਉੱਤੇ ਇਸ ਨੁਕਤੇ ਬਾਰੇ ਪਤਾ ਲੱਗਿਆ ਹੈ ਕਿ ਦਿਮਾਗ਼ ਅੰਦਰ ਕਾਫ਼ੀ ਹਲਚਲ ਸ਼ੁਰੂ ਹੋ ਜਾਂਦੀ ਹੈ ਤੇ ਸਭ ਤੋਂ ਵੱਧ ਹਲਚਲ 'ਅਮਿਗਡਲਾ' ਹਿੱਸੇ ਵਿਚ ਹੁੰਦੀ ਹੈ। ਅਮਿਗਡਲਾ ਦੇ ਸੱਜੇ ਪਾਸੇ ਡਰ ਨਾਲ ਹਿਲਜੁਲ ਹੁੰਦੀ ਹੈ ਤੇ ਖੱਬੇ ਪਾਸੇ ਵਿਚ ਖ਼ੂਬਸੂਰਤ ਲੱਗਣ ਵਾਲੀ ਚੀਜ਼ ਨਾਲ ਵੱਧ ਹਰਕਤ ਹੁੰਦੀ ਹੈ। ਜਿੰਨੀ ਸੱਜੇ ਹਿੱਸੇ ਵਿਚ ਹਲਚਲ ਵੱਧ ਹੋਵੇ, ਓਨਾਂ ਹੀ ਬੰਦਾ ਵੱਧ ਡਰਦਾ ਹੈ। ਦਿਮਾਗ਼ ਵਿਚਲੇ ਸਿੰਗੁਲੇਟ ਕਾਰਟੈਕਸ ਦਾ ਅਗਲਾ ਸਿਰਾ ਤੇ ਇਨਸੂਲਾ ਹਿੱਸਿਆਂ ਸਦਕਾ ਡਰਾਵਣੀ ਤਸਵੀਰ ਦਿਸਣ ਨਾਲ ਡਰ ਲੱਗਦਾ ਹੈ।

ਖੋਜਾਂ ਰਾਹੀਂ ਪਤਾ ਲੱਗਿਆ ਹੈ ਕਿ ਪ੍ਰੀ ਫਰੰਟਲ ਕਾਰਟੈਕਸ ਦੇ ਪਾਸੇ ਤੋਂ ਉਠਦੀਆਂ ਤਰੰਗਾਂ ਬੰਦੇ ਨੂੰ ਉਸੇ ਚੀਜ਼ ਦਾ ਅਹਿਸਾਸ ਕਰਵਾਉਂਦੀਆਂ ਹਨ, ਜਿਸ ਤੋਂ ਬੰਦਾ ਡਰਦਾ ਹੈ। ਮਿਸਾਲ ਵਜੋਂ ਰੱਸੀ ਨੂੰ ਸੱਪ ਸਮਝ ਲੈਣਾ, ਕਿਸੇ ਵੀ ਪਰਛਾਵੇਂ ਨੂੰ ਖ਼ੂਬਸੂਰਤ ਔਰਤ ਮੰਨ ਕੇ ਤਹ੍ਰਿਣ ਲੱਗ ਪੈਣਾ, ਦੂਰੋਂ ਹੀ ਕਿਰਲੀ ਜਾਂ ਮੱਕੜੀ ਨੂੰ ਵੇਖ ਕੇ ਆਪਣੇ ਉੱਪਰ ਰੀਂਗਦੇ ਹੋਣ ਦੇ ਅਹਿਸਾਸ ਨਾਲ ਕੰਬ ਜਾਣਾ, ਲਾਲ ਰੰਗ ਨੂੰ ਲਹੂ ਮੰਨ ਕੇ ਬੇਹੋਸ਼ ਹੋ ਜਾਣਾ ਆਦਿ।

## ਰੋਗ ਨਾਲ ਜੁੜੇ ਹੋਰ ਡਰ

ਸੋਹਣੀਆਂ ਔਰਤਾਂ ਦੇ ਡਰ ਤੋਂ ਇਲਾਵਾ ਕਈ ਹੋਰ ਤਰ੍ਹਾਂ ਦੇ ਡਰ ਵੀ ਕੁਝ ਮਰੀਜ਼ਾਂ ਨੂੰ ਜ਼ਕੜ ਲੈਂਦੇ ਹਨ। ਜਿਵੇਂ-ਨਹਾਉਣ ਤੋਂ ਡਰਨਾ, ਖ਼ੁਰਕ ਤੋਂ ਘਬਰਾਹਟ, ਉਚਾਈ ਤੋਂ ਡਰ ਲੱਗਣਾ, ਤੇਜ਼ ਹਵਾ ਤੋਂ ਡਰਨਾ, ਉਲਟੀ ਕਰਨ ਤੋਂ ਡਰ, ਦਰਦ ਤੋਂ ਡਰ (ਸਰਿੰਜ ਵੇਖਦੇ ਸਾਰ ਬੇਹੋਸ਼ ਹੋ ਜਾਣਾ), ਕੁੱਤੇ ਜਾਂ ਬਿੱਲੀਆਂ ਤੋਂ ਡਰ, ਭੁੱਲ ਜਾਣ ਦਾ ਡਰ, ਘੁੰਮਦੇ ਪੱਖੇ ਦੇ ਡਿੱਗਣ ਦਾ ਡਰ, ਸ਼ਹਿਦ ਦੀਆਂ ਮੱਖੀਆਂ ਤੋਂ ਡਰਨਾ, ਅੱਗ ਵੇਖ ਕੇ ਘਬਰਾਹਟ ਹੋਣੀ, ਉੱਚੇ ਤੇਜ਼ ਘੁੰਮਦੇ ਝੂਟਿਆਂ ਤੋਂ ਡਰ, ਤੇਜ਼ ਸੰਗੀਤ ਤੋਂ ਘਬਰਾਹਟ ਹੋਣੀ, ਪੌੜੀਆਂ ਚੜ੍ਹਨ-ਉਤਰਨ ਤੋਂ ਘਬਰਾਉਣਾ, ਕੈਂਸਰ ਹੋਣ ਦਾ ਡਰ ਪਾਲ ਲੈਣਾ ਤੇ ਵਾਰ-ਵਾਰ ਟੈਸਟ ਕਰਵਾਉਂਦੇ ਰਹਿਣਾ ਆਦਿ।

ਇਹੋ ਜਿਹੇ ਅਨੇਕਾਂ ਤਰ੍ਹਾਂ ਦੇ ਡਰਾਂ ਵਿੱਚੋਂ ਕਿਸੇ ਵੀ ਤਰ੍ਹਾਂ ਦੇ ਡਰ ਮਰੀਜ਼ ਨੂੰ ਇੱਕੋ ਵੇਲੇ ਨਾਲੋਂ-ਨਾਲ ਹੋ ਸਕਦੇ ਹਨ। ਇਨ੍ਹਾਂ ਮਰੀਜ਼ਾਂ ਦਾ ਇਲਾਜ ਕਰਨਾ ਬਹੁਤ ਜ਼ਰੂਰੀ ਹੈ। ਜੇ ਇਲਾਜ ਨਾ ਕੀਤਾ ਜਾਵੇ ਤਾਂ ਕਈ ਵਾਰ ਇਹ ਪੱਕੇ ਮਾਨਸਿਕ ਰੋਗੀ ਬਣ ਜਾਂਦੇ ਹਨ ਤੇ ਖ਼ੁਦਕੁਸ਼ੀ ਤਕ ਕਰ ਜਾਂਦੇ ਹਨ ਜਾਂ ਹੱਦੋਂ ਵੱਧ ਛੇੜਖਾਨੀ ਕਰਨ 'ਤੇ ਕਤਲ ਤਕ ਕਰ ਸਕਦੇ ਹਨ।

0175-2216783

# ਗੁ. ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਵਿਸ਼ੇਸ਼ ਹੋਇਆ ਗੁਰਮਤਿ ਸਮਾਗਮ

## ਪੰਚਮੀ ਮੌਕੇ ਗੁ. ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਵੱਡੀ ਗਿਣਤੀ 'ਚ ਸੰਗਤ ਹੋਈ ਨਤਮਸਤਕ



**ਪਟਿਆਲਾ, 1 ਅਕਤੂਬਰ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਾਤਸ਼ਾਹੀ ਨੌਵੀਂ ਪਟਿਆਲਾ ਵਿਖੇ ਪੰਚਮੀ ਦਾ ਦਿਹਾੜਾ ਬੜੇ ਹੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਵੱਡੀ ਗਿਣਤੀ 'ਚ ਸੰਗਤ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਈ। ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵੱਲੋਂ ਪੰਚਮੀ ਮੌਕੇ ਦੀਵਾਨ ਹਾਲ ਵਿਖੇ ਵਿਸ਼ੇਸ਼ ਦੀਵਾਨ ਸਜਾਏ ਗਏ। ਦੀਵਾਨਾ ਅੰਦਰ ਪੰਥ ਪ੍ਰਸਿੱਧ ਪ੍ਰਚਾਰਕ ਅਤੇ ਢਾਡੀ ਸਾਹਿਬਾਨ ਵੱਲੋਂ ਗੁਰ ਇਤਿਹਾਸ ਨਾਲ ਜੋੜਿਆ ਗਿਆ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਨਤਮਸਤਕ ਹੋ ਕੇ ਜਿੱਥੇ ਗੁਰੂ ਚਰਨਾਂ 'ਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਤਾਂ ਉੱਥੇ ਹੀ ਸੰਗਤ ਨਾਲ ਗੁਰਮਤਿ ਵਿਚਾਰਾਂ ਦੀ ਵੀ ਸਾਂਝ ਪਾਈ। ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਪੰਚਮੀ ਵਾਲੇ ਦਿਨ ਗੁ. ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਇਸ਼ਨਾਨ ਦਾ ਬਹੁਤ ਵੱਡਾ ਮਹਾਤਮ ਹੈ। ਅੱਜ ਇਸ ਮੌਕੇ ਵੱਡੀ ਗਿਣਤੀ 'ਚ ਸੰਗਤ ਨਤਮਸਤਕ ਹੋ ਰਹੀ ਹੈ ਅਸੀਂ ਗੁਰਦੁਆਰਾ ਸਾਹਿਬ ਵੱਲੋਂ ਸਭ ਨੂੰ ਜੀ ਆਇਆਂ ਨੂੰ ਕਹਿੰਦੇ ਹਾਂ। ਇਸ ਮੌਕੇ ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕਰਦਿਆਂ ਅੰਮ੍ਰਿਤਧਾਰੀ ਹੋ ਕੇ ਪੰਥ ਕੌਮ 'ਤੇ ਆ ਰਹੀਆਂ ਮੁਸ਼ਕਲਾਂ ਨੂੰ ਇੱਕ ਜੁੱਟ ਹੋ ਕੇ ਸਰ ਕਰਨ ਦੀ ਗੱਲ ਕਹੀ। ਇਸ ਮੌਕੇ ਸ. ਭਾਗ ਸਿੰਘ ਮੈਨੇਜਰ ਗੁ. ਦੂਖ ਨਿਵਾਰਨ ਸਾਹਿਬ ਵੱਲੋਂ ਵੀ ਸੰਗਤ ਨੂੰ ਜੀ ਆਇਆਂ ਨੂੰ ਕਿਹਾ ਗਿਆ। ਇਸ ਵਿਸ਼ੇਸ਼ ਮੌਕੇ 'ਤੇ ਮੀਤ ਮੈਨੇਜਰ ਸ. ਜਸਵਿੰਦਰ ਸਿੰਘ, ਸ ਮਨਦੀਪ ਸਿੰਘ ਮੀਤ ਮੈਨੇਜਰ, ਸ. ਸਰਬਜੀਤ ਸਿੰਘ ਰਿਕਾਰਡ ਕੀਪਰ, ਸ. ਹਜ਼ੂਰ ਸਿੰਘ ਰਿਕਾਰਡ ਕੀਪਰ , ਸ. ਮਨਜੀਤ ਸਿੰਘ ਰਿਕਾਰਡ ਕੀਪਰ, ਗਿਆਨੀ ਪਰਵਿੰਦਰ ਸਿੰਘ ਬਰਾੜਾ, ਭਾਈ ਪਰਵਿੰਦਰ ਸਿੰਘ ਰਿਉਂਦ ਪ੍ਰਚਾਰਕ, ਗੁਰਪਿਆਰ ਸਿੰਘ ਜੌਹਰ ਢਾਡੀ, ਬੀਬੀ ਮੁਖਤਿਆਰ ਕੌਰ ਢਾਡੀ,ਲਖਵਿੰਦਰ ਸਿੰਘ ਪਾਰਸ ਢਾਡੀ, ਲਖਵਿੰਦਰ ਸਿੰਘ ਸਮੇਤ ਬਹੁਤ ਸਾਰੇ ਪੰਥ ਪ੍ਰਸਿੱਖ ਢਾਡੀ ਜਥੇ ਅਤੇ ਪੰਥਕ ਸ਼ਖਸੀਅਤਾਂ ਹਾਜਰ ਸਨ ।

# ਦੇਵੀਗੜ੍ਹ ਚ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਵੱਲੋਂ ਝੋਨੇ ਦੀ ਖਰੀਦ ਕਰਵਾਈ ਸ਼ੁਰੂ



**ਸਨੌਰ,1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀਆਰਟੀਸੀ ਚੇਅਰਮੈਨ ਰਣਜੋਧ ਸਿੰਘ ਹਡਾਣਾ , ਹਲਕਾ ਇੰਚਾਰਜ ਸਨੌਰ ਵੱਲੋਂ ਅਨਾਜ ਮੰਡੀ ਦੇਵੀਗੜ੍ਹ ਵਿਖੇ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਈ ਗਈ ।ਇਸ ਮੌਕੇ ਉਹਨਾਂ ਕਿਹਾ ਕਿ ਝੋਨੇ ਦੀ ਖਰੀਦ ਮੌਕੇ ਕਿਸਾਨਾਂ ਨੂੰ ਮੰਡੀਆਂ ਚ ਕਿਸੇ ਪ੍ਰਕਾਰ ਦੀ ਵੀ ਕੋਈ ਦਿੱਕਤ ਨਹੀਂ ਆਣ ਦਿੱਤੀ ਜਾਵੇਗੀ। ਜੇਕਰ ਕੋਈ ਦਿੱਕਤ ਆਉਂਦੀ ਵੀ ਹੈ ਤਾਂ ਉਸ ਦਾ ਤੁਰੰਤ ਹੀ ਹੱਲ ਕੀਤਾ ਜਾਵੇਗਾ। ਕਿਸਾਨਾਂ ਦੀ ਫਸਲ ਦਾ ਦਾਣਾ ਦਾਣਾ ਖਰੀਦਣ ਲਈ ਪੰਜਾਬ ਸਰਕਾਰ ਬਚਨਬਧ ਹੈ ਹਲਕਾ ਇੰਚਾਰਜ ਸਨੌਰ ਰਣਜੋਧ ਸਿੰਘ ਹਡਾਣਾ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ

। ਗਿਆ ਇਸ ਸਮੇਂ ਆੜਤੀ ਐਸੋਸੀਏਸ਼ਨ ਦੇਵੀਗੜ੍ਹ ਦੇ ਪ੍ਰਧਾਨ ਵੇਦ ਪ੍ਰਕਾਸ਼ ਗਰਗ, ਰਾਜਵਿੰਦਰ ਸਿੰਘ ਹਡਾਣਾ, ਸੈਲਰ ਐਸੋਸੀਏਸ਼ਨ ਦੇ ਪ੍ਰਧਾਨ ਭੁਪਿੰਦਰ ਸਿੰਘ ਮੀਰਾਪੁਰ, ਮੰਡੀ ਦੂਧਨ ਸਾਧਾਂ ਪ੍ਰਧਾਨ ਭੁਪਿੰਦਰ ਸਿੰਘ ਜੱਜ, ਪ੍ਰਦੀਪ ਜੋਸ਼ਨ ਪ੍ਰਧਾਨ ਨਗਰ ਕੌਂਸਲ ਸਨੌਰ ਨਾਲ ਹੋਰ ਆਗੂ ਵੀ ਮੌਜੂਦ ਰਹੇ।

# ਪੰਚਮੀ ਤੇ ਸ਼ਨੀਵਾਰ ਨੂੰ ਪੰਜਵੇਂ ਨਰਾਤੇ ਮੌਕੇ ਸ੍ਰੀ ਕਾਲੀ ਦੇਵੀ ਮੰਦਿਰ @ਚ ਦਰਸ਼ਨ ਕਰਨ ਲਈ ਸਵੇਰ ਤੋਂ ਰਾਤ ਤੱਕ ਸ਼ਰਧਾਲੂਆਂ ਦੀਆਂ ਲੱਗੀਆਂ ਲੰਮੀਆਂ ਕਤਾਰਾਂ



**ਪਟਿਆਲਾ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਇਤਿਹਾਸਕ ਤੇ ਪੁਰਾਤਨ ਸ੍ਰੀ ਕਾਲੀ ਦੇਵੀ ਮੰਦਿਰ ਵਿਖੇ ਚੱਲ ਰਹੇ ਅੱਸੂ ਦੇ ਸ਼ਾਰਦੀਆ ਨਵਰਾਤਰਿਆਂ ਦੌਰਾਨ ਅੱਜ ਪੰਚਮੀਂ ਤੇ ਸ਼ਨੀਵਾਰ ਵਾਲੇ ਦਿਨ ਪੰਜਵੇਂ ਨਰਾਤੇ ਮੌਕੇ ਸ਼ਰਧਾਲੂਆਂ ਨੇ ਮਾਤਾ ਰਾਣੀ ਦੇ ਦਰਸ਼ਨ ਸਵੇਰ ਤੋਂ ਦੇਰ ਰਾਤ ਤੱਕ ਲੰਮੀਆਂ ਕਤਾਰਾਂ ਲਗਾ ਕੇ ਕੀਤੇ।ਇਸ ਦੌਰਾਨ ਸ਼ਰਧਾਲੂਆਂ ਦੀ ਵੱਡੀ ਆਮਦ ਨੂੰ ਦੇਖਦਿਆਂ ਮੰਦਿਰ ਦੀ ਐਡਵਾਇਜਰੀ ਮੈਨੇਜਿੰਗ ਕਮੇਟੀ ਦੇ ਮੈ ?ਬਰਾਂ ਸੀ.ਏ ਅਜੇ ਅਲੀਪੁਰੀਆ, ਡਾ. ਰਾਜਨ ਗੁਪਤਾ ਤੇ ਸੰਜੇ ਸਿੰਗਲਾ ਵੱਲੋਂ ਸੇਵਾ ਦੀ ਖ਼ੁਦ ਪਾਵਨ ਮੰਦਿਰ ਵਿਖੇ ਨਤਸਤਕ ਹੋਣ ਲਈ ਪੁੱਜ ਰਹੇ ਸ਼ਰਧਾਲੂਆਂ ਦੀਆਂ ਕਤਾਰਾਂ ਸ਼ੇਰਾਂ ਵਾਲਾ ਗੇਟ ਤੋਂ ਪਿੱਛੇ ਬਾਜ਼ਾਰ ਤੱਕ ਲੱਗੀਆਂ ਹੋਈਆਂ ਸਨ, ਇਨ੍ਹਾਂ ਸਾਰੇ ਸ਼ਰਧਾਲੂਆਂ ਦੀ ਲਾਈਨਾਂ ਵਿੱਚ ਗਰਮੀ ਨੂੰ ਦੇਖਦਿਆਂ ਸਮਾਜ ਸੇਵੀ ਤੇ ਧਾਰਮਿਕ ਸੰਸਥਾਵਾਂ ਦੇ ਸੇਵਾਦਾਰ ਵਲੰਟੀਅਰਾਂ ਵੱਲੋਂ ਸੇਵਾ ਭਾਵਨਾਂ ਨਾਲ ਪਾਣੀ ਪਿਲਾਇਆ ਜਾ ਰਿਹਾ ਹੈ।ਲਾਈਨਾਂ ਵਿੱਚ ਲੱਗੇ ਸ਼ਰਧਾਲੂਆਂ ਨੂੰ ਵਾਰੀ ਆਉਣ ਉਤੇ ਅੱਗੇ ਤੋਰਨ ਲਈ ਸੇਵਾਦਾਰ ਪੂਰੇ ਨਿਮਰ ਭਾਵ ਨਾਲ ਸੇਵਾ ਕਰ ਰਹੇ ਹਨ।

ਸਲਾਹਕਾਰੀ ਮੈਨੇਜਿੰਗ ਕਮੇਟੀ ਦੇ ਮੈਂਬਰ ਸੀ.ਏ. ਅਜੇ ਅਲੀਪੁਰੀਆ, ਸੰਜੇ ਸਿੰਗਲਾ ਤੇ ਡਾ. ਰਾਜਨ ਗੁਪਤਾ ਨੇ ਦੱਸਿਆ ਕਿ ਮੰਦਿਰ @ਚ ਸ਼ਰਧਾਲੂ ਮਾਤਾ ਰਾਣੀ ਦੇ ਦਰਸ਼ਨ ਕਰਨ ਲਈ ਲਾਇਨਾਂ ਵਿੱਚ ਲੱਗਕੇ ਭਵਨ ਤੱਕ ਪੁੱਜ ਰਹੇ ਹਨ, ਅਤੇ ਸੰਗਤ ਨੂੰ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾ ਰਹੀ। ਉਨ੍ਹਾਂ ਕਿਹਾ ਕਿ ਸ਼ਰਧਾਲੂਆਂ ਨੂੰ ਕਿਉਂਕਿ ਲੰਮਾ ਸਮਾਂ ਉਡੀਕ ਕਰਨੀ ਪੈਂਦੀ ਹੈ, ਇਸ ਲਈ ਪਾਣੀ ਤੇ ਲੰਗਰ ਦੀ ਪੂਰੀ ਵਿਵਸਥਾ ਮੰਦਿਰ ਵਿਖੇ ਕੀਤੀ ਗਈ ਹੈ। ਉਨ੍ਹਾਂ ਸ਼ਰਧਾਲੂਆਂ ਨੂੰ ਨਵਰਾਤਰਿਆਂ ਦੀ ਵਧਾਈ ਦਿੰਦਿਆਂ ਕਿਹਾ ਕਿ ਮੰਦਿਰ ਪ੍ਰਬੰਧਾਂ ਵਿੱਚ ਲਗਾਤਾਰ ਸੁਧਾਰ ਕੀਤੇ ਜਾ ਰਹੇ ਹਨ, ਤਾਂ ਕਿ ਸ਼ਰਧਾਲੂ ਪੂਰੀ ਸ਼ਰਧਾ ਭਾਵਨਾਂ ਦੇ ਨਾਲ ਸ੍ਰੀ ਕਾਲੀ ਦੇਵੀ ਦੇ ਦਰਸ਼ਨ ਕਰਕੇ ਆਪਣੀਆਂ ਮੰਨਤਾਂ ਮੰਗ ਸਕਣ ਤੇ ਸੁੱਖਾਂ ਤਾਰ ਸਕਣ। ਇਸ ਮੌਕੇ ਮੰਦਿਰ ਦੇ ਸੁਪਰਵਾਈਜ਼ਰ ਨਵਨੀਤ ਟੰਡਨ ਵੀ ਮੌਜੂਦ ਸਨ।

# ਬੰਦੀ ਸਿੰਘਾਂ ਨੂੰ ਰਿਹਾਅ ਕਰੇ ਕੇਂਦਰ ਸਰਕਾਰ : ਪੀਰਮੁਹੰਮਦ



**ਚਮਕੌਰ ਸਾਹਿਬ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਮੁੱਖ ਬੁਲਾਰੇ ਕਰਨੈਲ ਸਿੰਘ ਪੀਰਮੁਹੰਮਦ ਨੇ ਕੇਂਦਰ ਸਰਕਾਰ ਨੂੰ ਜ਼ੋਰਦਾਰ ਅਪੀਲ ਕੀਤੀ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਦਿਵਸ ਮੌਕੇ ਮਨੁੱਖਤਾਵਾਦੀ ਪਹੁੰਚ ਅਪਣਾਉਂਦਿਆਂ ਦਹਾਕਿਆਂ ਤੋਂ ਜੇਲ੍ਹਾਂ ਵਿੱਚ ਬੰਦ ਸਿੱਖ ਕੈਦੀਆਂ (ਬੰਦੀ ਸਿੰਘਾਂ) ਨੂੰ ਤੁਰੰਤ ਰਿਹਾਅ ਕੀਤਾ ਜਾਵੇ।

ਪੀਰਮੁਹੰਮਦ ਨੇ ਕਿਹਾ ਹੈ ਕਿ ਜੇਕਰ ਕੇਂਦਰ ਸਰਕਾਰ ਸੱਚੇ ਦਿਲੋਂ 'ਹਿੰਦ ਦੀ ਚਾਦਰ' ਗੁਰੂ ਤੇਗ ਬਹਾਦਰ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਨਾ ਚਾਹੁੰਦੀ ਹੈ ਤਾਂ ਉਸ ਨੂੰ ਗੁਰੂ ਸਾਹਿਬ ਦੇ ਦਰਸਾਏ ਮਾਰਗ 'ਤੇ ਚੱਲਣਾ ਪਵੇਗਾ। ਗੁਰੂ ਸਾਹਿਬ ਨੇ ਜ਼ੁਲਮ ਖ਼ਿਲਾਫ਼ ਅਤੇ ਮਨੁੱਖੀ ਹੱਕਾਂ ਲਈ ਸ਼ਹਾਦਤ ਦਿੱਤੀ ਸੀ। ਅੱਜ ਉਸੇ ਦੇਸ਼ ਵਿੱਚ ਬੰਦੀ ਸਿੰਘ ਦਹਾਕਿਆਂ ਤੋਂ ਨਿਆਂ ਨੂੰ ਉਡੀਕ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਇਤਿਹਾਸਕ ਸ਼ਤਾਬਦੀ 'ਤੇ ਉਨ੍ਹਾਂ ਨੂੰ ਰਿਹਾਅ ਕਰਨ ਤੋਂ ਵੱਡੀ ਸ਼ਰਧਾਂਜਲੀ ਹੋਰ ਕੋਈ ਨਹੀਂ ਹੋ ਸਕਦੀ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਜਲਦੀ ਹੀ ਭਾਰਤ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਇੱਕ ਖੁੱਲ੍ਹੀ ਚਿੱਠੀ ਭੇਜੀ ਜਾ ਰਹੀ ਹੈ। ਇਸ ਚਿੱਠੀ 'ਤੇ ਦੇਸ਼ ਦੇ ਉੱਘੇ ਮਨੁੱਖੀ ਅਧਿਕਾਰ ਕਾਰਕੁਨਾਂ, ਲੇਖਕਾਂ ਅਤੇ ਸੇਵਾ-ਮੁਕਤ ਜੱਜਾਂ ਦੇ ਦਸਤਖ਼ਤ ਵੀ ਲਏ ਜਾਣਗੇ ਤਾਂ ਜੋ ਸਰਕਾਰ ਤੱਕ ਕੌਮ ਦੀ ਸਾਂਝੀ ਆਵਾਜ਼ ਪਹੁੰਚ ਸਕੇ।

# ਕਿਸਾਨਾਂ ਦੀ ਸਹਿਯੋਗ ਨਾਲ ਪਰਾਲੀ ਪ੍ਰਬੰਧਨ ਬਣੇਗਾ ਵਾਤਾਵਰਣ ਬਚਾਅ ਦਾ ਮਿਸਾਲ : ਮਾਰਕੀਟ ਕਮੇਟੀ ਅਮਰਗੜ੍ਹ



**ਅਮਰਗੜ੍ਹ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਰਕੀਟ ਕਮੇਟੀ ਅਮਰਗੜ੍ਹ ਚੇਅਰਮੈਨ ਹਰਪ੍ਰੀਤ ਸਿੰਘ ਹੈਪੀ ਨੰਗਲ ਵੱਲੋਂ ਆਯੋਜਿਤ ਵਿਸ਼ਾਲ ਮੀਟਿੰਗ ਵਿੱਚ ਕਿਸਾਨਾਂ, ਪੰਚਾਂ ਅਤੇ ਸਰਪੰਚਾਂ ਨੂੰ ਝੋਨੇ ਦੀ ਖਰੀਦ ਅਤੇ ਪਰਾਲੀ ਦੇ ਯੋਗ ਪ੍ਰਬੰਧਨ ਲਈ ਜਾਗਰੂਕ ਕੀਤਾ ਗਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਕਿਸਾਨ ਕੇਵਲ ਮੰਡੀਆਂ ਵਿੱਚ ਕੇਵਲ ਸੁੱਕਾ ਝੋਨਾ ਹੀ ਲਿਆਉਣਾ ਹੈ ਅਤੇ ਖੇਤਾਂ ਵਿੱਚ ਹੀ ਪਰਾਲੀ/ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਈ ਜਾਵੇ।

ਮਾਰਕੀਟ ਕਮੇਟੀ ਅਮਰਗੜ੍ਹ ਚੇਅਰਮੈਨ ਹਰਪ੍ਰੀਤ ਸਿੰਘ ਹੈਪੀ ਨੰਗਲ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਰੋਜ਼ਾਨਾ ਝੋਨੇ ਦੀ ਖਰੀਦ ਪ੍ਰਕਿਰਿਆ ਦਾ ਜਾਇਜ਼ਾ ਲਿਆ ਜਾ ਰਿਹਾ ਹੈ।

ਸਰਕਾਰ ਕਿਸਾਨਾਂ ਨੂੰ ਭਰੋਸਾ ਦਿਵਾ ਚੁੱਕੀ ਹੈ ਕਿ ਫਸਲ ਦਾ ਇੱਕ-ਇੱਕ ਦਾਣਾ ਖਰੀਦਿਆ ਜਾਵੇਗਾ ਅਤੇ ਮੰਡੀਆਂ ਵਿੱਚ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਚੇਅਰਮੈਨ ਨੇ ਕਿਸਾਨਾਂ, ਆੜ੍ਹਤੀਆਂ ਅਤੇ ਹੋਰ ਪਿੰਡਾਂ ਨਾਲ ਸਬੰਧਤ ਨੁਮਾਇੰਦਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਕਿਸਾਨਾਂ ਨੂੰ ਪ੍ਰੇਰਿਤ ਕਰਨ ਕਿ ਵਾਧੂ ਨਮੀ ਵਾਲਾ ਝੋਨਾ ਮੰਡੀਆਂ ਵਿੱਚ ਨਾ ਲਿਆਇਆ ਜਾਵੇ।

ਚੇਅਰਮੈਨ ਹੈਪੀ ਨੰਗਲ ਨੇ ਸਪੱਸ਼ਟ ਕੀਤਾ ਕਿ ਕੰਬਾਇਨਾਂ ਨਾਲ ਕਟਾਈ ਸਿਰਫ਼ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਹੀ ਕੀਤੀ ਜਾਵੇ। ਰਾਤ ਸਮੇਂ ਕਟਾਈ ਨਾਲ ਨਮੀ ਵਧਦੀ ਹੈ, ਜਿਸ ਕਰਕੇ ਝੋਨੇ ਦੀ ਵਿਕਰੀ ਪ੍ਰਭਾਵਿਤ ਹੁੰਦੀ ਹੈ। ਇਸ ਲਈ ਸਾਰੇ ਕਿਸਾਨ ਸਮਾਂ ਦੀ ਪਾਲਣਾ ਕਰਨ ਨੂੰ ਯਕੀਨੀ ਬਣਾਉਣ।

ਜ਼ਿਲ੍ਹਾ ਮੀਡੀਆ ਇੰਚਾਰਜ ਕਮ ਜ਼ਿਲ੍ਹਾ ਯੋਜਨਾ ਬੋਰਡ ਦੇ ਮੈਂਬਰ ਹਰਪ੍ਰੀਤ ਸਿੰਘ ਰੂਪਰਾਏ ਨੇ ਮੀਟਿੰਗ ਦੌਰਾਨ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬੀ ਕਿਸਾਨ ਆਪਣੀ ਮਹਿਨਤ ਨਾਲ ਪੂਰੇ ਦੇਸ਼ ਦਾ ਢਿੱਡ ਭਰਦੇ ਹਨ। ਉਹ ਮੌਸਮੀ ਮਾਰ ਤੇ ਨੁਕਸਾਨ ਵੀ ਸਹਿੰਦੇ ਹਨ ਪਰ ਹਿੰਮਤ ਨਹੀਂ ਹਾਰਦੇ।ਰੂਪਰਾਏ ਨੇ ਕਿਹਾ ਕਿ ਅੱਗ ਸਿਰਫ਼ ਪਰਾਲੀ ਨਹੀਂ ਸਾੜਦੀ, ਸਗੋਂ ਮਾਂ ਧਰਤੀ ਦੀ ਉਪਜਾਊ ਸ਼ਕਤੀ, ਸਾਡੀ ਸਿਹਤ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨੂੰ ਵੀ ਖ਼ਤਰੇ ਵਿੱਚ ਪਾਂਦੀ ਹੈ। ਪਰਾਲੀ ਸਾੜਨ ਨਾਲ ਹਵਾ ਜ਼ਹਿਰੀਲੀ ਹੁੰਦੀ ਹੈ, ਬੱਚਿਆਂ ਅਤੇ ਬਜ਼ੁਰਗਾਂ ਦੀ ਸਿਹਤ 'ਤੇ ਬੁਰਾ ਅਸਰ ਪੈਂਦਾ ਹੈ ਅਤੇ ਪਾਣੀ ਦੇ ਸਰੋਤ ਵੀ ਪ੍ਰਦੂਸ਼ਿਤ ਹੁੰਦੇ ਹਨ।

# ਜਿਗਲੀ ਗੋਲਡਨ ਸਿਟੀ ਵਿੱਚ ਪ੍ਰਵੇਸ਼ ਕਰਦਾ ਹੈ, ਅੰਮ੍ਰਿਤਸਰ ਵਿੱਚ ਪਹਿਲਾ ਸੰਪੂਰਨ ਪਾਲਤੂ ਜਾਨਵਰਾਂ ਦੀ ਦੇਖਭਾਲ ਕੇਂਦਰ ਖੋਲ੍ਹਿਆ

**ਅੰਮ੍ਰਿਤਸਰ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਪਣੇ ਦੇਸ਼ ਵਿਆਪੀ ਵਿਸਥਾਰ ਨੂੰ ਜਾਰੀ ਰੱਖਦੇ ਹੋਏ, ਭਾਰਤ ਦੇ ਪਹਿਲੇ ਤਕਨੀਕੀ-ਸਮਰੱਥ ਓਮਨੀਚੈਨਲ ਪਾਲਤੂ ਜਾਨਵਰਾਂ ਦੀ ਦੇਖਭਾਲ ਬ੍ਰਾਂਡ, ਜਿਗਲੀ (ਕਾਸਮੋ ਫਸਟ ਲਿਮਟਿਡ) ਨੇ ਅੰਮ੍ਰਿਤਸਰ ਵਿੱਚ ਆਪਣਾ ਪਹਿਲਾ ਨਵਾਂ ਪਾਲਤੂ ਜਾਨਵਰਾਂ ਦੀ ਦੇਖਭਾਲ ਕੇਂਦਰ ਲਾਂਚ ਕੀਤਾ ਹੈ, ਜਿਸ ਵਿੱਚ ਪੂਰੀ ਤਰ੍ਹਾਂ ਪਾਲਤੂ ਜਾਨਵਰਾਂ ਦੀ ਦੇਖਭਾਲ ਸਹੂਲਤਾਂ ਹਨ। ਇਹ ਨਵਾਂ ਵਾਧਾ ਦੇਸ਼ ਭਰ ਵਿੱਚ ਜਿਗਲੀ ਦੀਆਂ ਪਾਲਤੂ ਜਾਨਵਰਾਂ ਦੀ ਦੇਖਭਾਲ ਸੇਵਾਵਾਂ ਦੀ ਵੱਧ ਰਹੀ ਮੰਗ ਦੇ ਜਵਾਬ ਵਿੱਚ ਕੀਤਾ ਗਿਆ ਸੀ, ਜੋ ਹੁਣ ਗੋਲਡਨ ਸਿਟੀ ਵਿੱਚ ਪਾਲਤੂ ਜਾਨਵਰਾਂ ਦੇ ਮਾਪਿਆਂ ਲਈ ਇੱਕ ਵਿਆਪਕ ਇੱਕ-ਸਟਾਪ ਹੱਲ ਵਜੋਂ ਉਪਲਬਧ ਹਨ।

ਇਸ ਨਵੇਂ ਪਾਲਤੂ ਜਾਨਵਰਾਂ ਦੀ ਦੇਖਭਾਲ ਕੇਂਦਰ ਦੇ ਉਦਘਾਟਨ @ਤੇ ਬੋਲਦੇ ਹੋਏ, ਕੋਸਮੋ ਫਸਟ ਦੇ ਗਰੁੱਪ ਸੀਈਓ ਸ਼੍ਰੀ ਪੰਕਜ ਪੋਦਾਰ ਨੇ ਕਿਹਾ, ÷ਅੰਮ੍ਰਿਤਸਰ ਵਿੱਚ ਸਾਡਾ ਪ੍ਰਵੇਸ਼ ਦੇਸ਼ ਭਰ ਵਿੱਚ ਗੁਣਵੱਤਾ ਵਾਲੇ ਪਾਲਤੂ ਜਾਨਵਰਾਂ ਦੀ ਦੇਖਭਾਲ ਨੂੰ ਪਹੁੰਚਯੋਗ ਬਣਾਉਣ ਦੇ ਸਾਡੇ ਮਿਸ਼ਨ ਵਿੱਚ ਇੱਕ ਹੋਰ ਮਹੱਤਵਪੂਰਨ ਮੀਲ ਪੱਥਰ ਹੈ। ਪਾਲਤੂ ਜਾਨਵਰਾਂ ਦੀ ਮਜ਼ਬੂਤ ਮੰਗ ਨੂੰ ਦੇਖਦੇ ਹੋਏ, ਸਾਡੇ ਲਈ ਆਪਣੇ ਕਾਰਜਾਂ ਦਾ ਪੰਜਾਬ ਤੱਕ ਵਿਸਤਾਰ ਕਰਨਾ ਬਹੁਤ ਜ਼ਰੂਰੀ ਸੀ, ਜਿੱਥੇ ਸਪੈਸ਼ਲਾਈਜ਼ਡ ਪੇਟ ਕੇਅਰ ਲਿਮਟਿਡ ਸਥਿਤ ਹੈ। ਸਾਡੇ ਨਵੀਨਤਾਕਾਰੀ ਸੁਤੰਤਰ ਅਧਿਐਨਾਂ ਅਤੇ ਹਮਦਰਦੀ ਭਰੇ, ਪੇਸ਼ੇਵਰ ਦੇਖਭਾਲ ਦੇ ਨਾਲ, ਅਸੀਂ ਹੁਣੇ ਇੱਕ ਕੇਂਦਰ ਖੋਲ੍ਹਿਆ ਹੈ।

ਅਸੀਂ ਪੰਜਾਬ ਵਿੱਚ ਪਾਲਤੂ ਜਾਨਵਰਾਂ ਦੀ ਤੰਦਰੁਸਤੀ ਲਈ ਨਵੇਂ ਮਾਪਦੰਡ ਸਥਾਪਤ ਕਰ ਰਹੇ ਹਾਂ।

ਜਿਗਲੀ ਦਾ ਪਾਲਤੂ ਜਾਨਵਰਾਂ ਦੀ ਦੇਖਭਾਲ ਕੇਂਦਰ ਪਾਲਤੂ ਜਾਨਵਰਾਂ ਦੀ ਸਲਾਹ, ਸਰਜਰੀ, ਡਾਇਗਨੌਸਟਿਕਸ, ਐਕਸ-ਰੇ ਅਤੇ ਵਿਸ਼ੇਸ਼ ਵੈਟਰਨਰੀ ਦੇਖਭਾਲ ਸਮੇਤ ਸੇਵਾਵਾਂ ਦੀ ਇੱਕ ਪੂਰੀ ਸ਼੍ਰੇਣੀ ਦੀ ਪੇਸ਼ਕਸ਼ ਕਰੇਗਾ। ਜਿਗਲੀ ਦੇ ਨਿੱਜੀ ਲੇਬਲ ਐਪਲਾਡ ਉਤਪਾਦ ਵੀ ਕੇਂਦਰ ਵਿੱਚ ਉਪਲਬਧ ਹੋਣਗੇ। ਪਾਲਤੂ ਜਾਨਵਰਾਂ ਦੀ ਦੇਖਭਾਲ ਅਤੇ ਸਪਾ ਇਲਾਜ ਵੀ ਕੇਂਦਰ ਵਿੱਚ ਉਪਲਬਧ ਹਨ। ਕੁੱਲ ਮਿਲਾ ਕੇ, ਕੇਂਦਰ ਆਰਾਮ, ਪੋਸ਼ਣ ਅਤੇ ਖੇਡ ਸਮੇਤ ਪਾਲਤੂ ਜਾਨਵਰਾਂ ਦੀਆਂ ਜ਼ਰੂਰਤਾਂ ਲਈ ਇੱਕ ਭਰੋਸੇਯੋਗ ਮੰਜ਼ਿਲ ਬਣ ਜਾਵੇਗਾ। ਭਾਰਤ ਵਿੱਚ ਪਾਲਤੂ ਜਾਨਵਰਾਂ ਦੀ ਦੇਖਭਾਲ ਉਦਯੋਗ ਤੇਜ਼ੀ ਨਾਲ ਵਧ ਰਿਹਾ ਹੈ ਅਤੇ 2032 ਤੱਕ ?2.1 ਟ੍ਰਿਲੀਅਨ (US$BE.@C ਬਿਲੀਅਨ) ਤੱਕ ਪਹੁੰਚਣ ਦਾ ਅਨੁਮਾਨ ਹੈ, ਜਿਸ ਵਿੱਚ 20% ਵਾਧਾ ਹੋਵੇਗਾ।

# ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜ਼ਿਲ੍ਹੇ ਦੀ ਹਦੂਦ ਅੰਦਰ 2 ਅਕਤੂਬਰ ਨੂੰ ਡਰਾਈ ਡੇਅ ਘੋਸ਼ਿਤ

**ਮਲੇਰਕੋਟਲਾ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮੈਜਿਸਟਰੇਟ-ਕਮ-ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਵੱਲੋਂ ਪੰਜਾਬ ਆਬਕਾਰੀ ਐਕਟ 1914 ਦੀ ਧਾਰਾ 54 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਮਾਲੇਰਕੋਟਲਾ ਅੰਦਰ 02 ਅਕਤੂਬਰ 2025 ਨੂੰ ਮਹਾਤਮਾ ਗਾਂਧੀ ਜੀ ਦੇ ਜਨਮ ਦਿਵਸ ਨੂੰ ਮੁੱਖ ਰੱਖਦੇ ਹੋਏ ਡਰਾਈ ਡੇਅ ਘੋਸ਼ਿਤ ਕੀਤਾ ਹੈ।

ਡਰਾਈ ਡੇਅ ਦੌਰਾਨ ਜ਼ਿਲ੍ਹਾ ਮਾਲੇਰਕੋਟਲਾ ਦੀ ਹਦੂਦ ਅੰਦਰ ਕਿਸੇ ਵੀ ਸ਼ਰਾਬ ਦੇ ਠੇਕੇ (ਦੇਸੀ ਅਤੇ ਅੰਗਰੇਜ਼ੀ), ਹੋਟਲ, ਦੁਕਾਨ, ਰੈਸਟੋਰੈਂਟ, ਕਲੱਬ, ਬੀਅਰ ਬਾਰ, ਅਹਾਤੇ ਅਤੇ ਹੋਰ ਜਨਤਕ ਥਾਵਾਂ ਆਦਿ ਤੇ ਸ਼ਰਾਬ ਦੀ ਵਿੱਕਰੀ ਕਰਨ, ਵਰਤੋਂ ਕਰਨ, ਪੀਣ/ ਪਿਲਾਉਣ ਅਤੇ ਸਟੋਰ ਕਰਨ ਤੇ ਮੁਕੰਮਲ ਪਾਬੰਦੀ ਲਗਾਈ ਹੈ । ਇਨ੍ਹਾਂ ਹੁਕਮ ਨੂੰ ਪੂਰਨ ਤੌਰ ਤੇ ਲਾਗੂ ਕਰਵਾਉਣ ਲਈ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ, ਮਾਲੇਰਕੋਟਲਾ ਜ਼ਿੰਮੇਵਾਰ ਹੋਣਗੇ।

# ਦਿਵਾਲੀ ਅਤੇ ਹੋਰ ਤਿਉਹਾਰ ਪ੍ਰਦੂਸ਼ਣ ਰਹਿਤ ਮਨਾਓ : ਮੰਜੂ ਗਰਗ



**ਪਟਿਆਲਾ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗਲੋਬਲ ਵਾਰਮਿੰਗ ਅਤੇ ਕੁਦਰਤੀ ਆਪਦਾਵਾਂ ਨੂੰ ਰੋਕਣ, ਅਤੇ ਬੱਚਿਆਂ ਨੌਜਵਾਨਾਂ ਨੂੰ ਸਿਹਤਮੰਦ ਤਦੰਰੁਸਤ ਸੁਰੱਖਿਆ ਖੁਸ਼ਹਾਲ ਭਵਿੱਖ ਦੇਣ ਲਈ ਇਸ ਧਰਤੀ ਮਾਂ ਵਾਤਾਵਰਨ ਨੂੰ ਗੰਦਗੀ ਪ੍ਰਦੂਸ਼ਨ ਨਸ਼ਿਆਂ ਅਤੇ ਪੈਟਰੋਲੀਅਮ ਪਦਾਰਥਾਂ ਦੀ ਦੁਰਵਰਤੋ ਨਾਲ ਤਬਾਹ ਨਾ ਕਰੋ ਜੀ, ਇਹ ਵਿਚਾਰ ਮਿਸ਼ਨ ਲਾਲੀ ਅਤੇ ਹਰਿਆਲੀ ਦੇ ਪ੍ਰਧਾਨ ਸ਼੍ਰੀ ਹਰਦੀਪ ਸਿੰਘ ਨੇ ਗ੍ਰੀਨ ਲੈਂਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਵਿਖੇ ਤਿਉਹਾਰਾਂ ਮੌਕੇ ਪਟਾਕਿਆਂ ਕੈਮੀਕਲ ਰਸਾਇਣਕ ਅਤੇ ਪੈਟਰੋਲੀਅਮ ਪਦਾਰਥਾਂ ਨਾਲ ਹੋ ਰਹੀਆਂ ਤਬਾਹੀਆਂ ਬਾਰੇ ਕਰਵਾਏ ਭਾਸ਼ਣ ਮੁਕਾਬਲੇ ਸਮੇਂ ਪ੍ਰਗਟ ਕੀਤੇ। ਪ੍ਰਿੰਸੀਪਲ ਸ਼੍ਰੀਮਤੀ ਮੰਜੂ ਗਰਗ ਨੇ ਕਿਹਾ ਕਿ ਜਿਤਨੀ ਵੱਧ ਕੁਦਰਤ ਦੀ ਤਬਾਹੀ ਇਨਸਾਨਾਂ ਰਾਹੀਂ ਆਪਣੇ ਸੁਖਾਂ ਸਹੂਲਤਾਂ ਖੁਸ਼ੀਆਂ ਲਈਆਂ ਕੀਤੀ ਜਾ ਰਹੀ ਹੈ ਉਸ ਨਾਲ ਕੁਦਰਤ ਮਾਨਵਤਾ ਦੀ ਤਬਾਹੀ ਕਰ ਰਹੀ ਹੈ। ਕਾਕਾ ਰਾਮ ਵਰਮਾ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਭਵਿੱਖ ਨੂੰ ਸੁਰੱਖਿਅਤ ਸਿਹਤਮੰਦ ਖੁਸ਼ਹਾਲ ਬਣਾਉਣ ਲਈ ਵਿਦਿਆਰਥੀਆਂ ਨਾਗਰਿਕਾਂ ਕਰਮਚਾਰੀਆਂ ਦਾ ਜਾਗਰੂਕ ਵਫ਼ਾਦਾਰ ਜੁਮੇਵਾਰ ਇਮਾਨਦਾਰ ਹੋਣਾ ਜ਼ਰੂਰੀ ਹੈ। ਇਸ ਮੌਕੇ ਕਰਵਾਏ ਮੁਕਾਬਲਿਆਂ ਵਿੱਚ ਤੇਜ ਪ੍ਰੀਤ ਕੋਰ ਪਹਿਲੇ, ਰਾਣੀ ਦੂਜੇ ਅਤੇ ਜਸਪ੍ਰੀਤ ਕੌਰ ਤੀਜੇ ਸਥਾਨ ਤੇ ਰਹੇ। ਭਾਗ ਲੈਣ ਅਤੇ ਜੰਜਮੈਂਟ ਕਰਨ ਵਾਲੇ 25 ਵਿਦਿਆਰਥੀਆਂ ਨੂੰ ਵੀ ਪ੍ਰਸੰਸਾ ਪੱਤਰ ਅਤੇ ਇਨਾਮ ਦੇਕੇ ਸਨਮਾਨਿਤ ਕੀਤਾ ਗਿਆ। ਹਰਦੀਪ ਸਿੰਘ ਨੇ ਦੱਸਿਆ ਕਿ ਇਸ ਤਰ੍ਹਾਂ ਦੇ ਮੁਕਾਬਲੇ ਹੋਰ ਸਕੂਲਾਂ ਵਿਖੇ ਵੀ ਕਰਵਾਏ ਜਾਣਗੇ।

# ਹਰਜਸ ਸਕੂਲ ਝੜੌਦੀ ਵਿਖੇ ਐਨ.ਜੀ.ਓ. ਅਤੇ ਸਾਂਝ ਕੇਂਦਰ ਵੱਲੋਂ ਸੈਮੀਨਾਰ ਆਯੋਜਿਤ

## ਚੰਗਾ ਸੋਚਣ ਲਈ ਸਰੀਰ ਦਾ ਤੰਦਰੁਸਤ ਹੋਣਾ ਜ਼ਰੂਰੀ

**ਮਾਛੀਵਾੜਾ ਸਾਹਿਬ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਨੇੜੇ ਪਿੰਡ ਝੜੌਦੀ ਵਿਖੇ ਹਰ ਜਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿੱਚ ਟਰੈਫਿਕ ਨਿਯਮਾਂ, ਯੁੱਧ ਨਸ਼ਿਆਂ ਵਿਰੁੱਧ , ਗੁੱਡ ਟੱਚ ਬੈਡ ਟਂਚ, ਸਬੰਧੀ ਸੈਮੀਨਾਰ ਆਯੋਜਿਤ ਕੀਤਾ ਗਿਆ ਜਿਸ ਵਿੱਚ ਟਰੈਫਿਕਨ ਚਾਰਜ ਮਾਛੀਵਾੜਾ ਜਸਵੀਰ ਸਿੰਘ, ਏ.ਐਸ.ਆਈ. ਰਾਜੇਸ਼ ਕੁਮਾਰ ਪੁਲਿਸ ਸਾਂਝ ਕੇਂਦਰ ਖੰਨਾ, ਤਰਲੋਚਨ ਸਿੰਘ, ਇੰਚਾਰਜ ਸਾਂਝ ਕੇਂਦਰ ਸਮਰਾਲਾ ਅਤੇ ਮਾਛੀਵਾੜਾ, ਹੌਲਦਾਰ ਪਵਨ ਕੁਮਾਰ, ਸਰਬਜੀਤ ਕੌਰ ਮਹਿਲਾ ਮਿੱਤਰ ਡੈਸਕ ਮਾਛੀਵਾੜਾ, ਸਾਂਝ ਕੇਂਦਰ ਮਾਛੀਵਾੜਾ ਤੋਂ ਰਾਜਿੰਦਰਵੀਰ ਸਿੰਘ, ਮਾਛੀਵਾੜਾ ਸੋਸ਼ਲ ਵੈਲਫੇਅਰ ਸੋਸਾਇਟੀ ਐਨ.ਜੀ.ਓ. ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਅਤੇ ਹਰਚਰਨਜੀਤ ਸਿੰਘ ਬੱਬੀ ਸਰਪੰਚ ਜੋਧਵਾਲ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਰਾਜੇਸ਼ ਕੁਮਾਰ ਜੀ ਨੇ ਵਿਦਿਆਰਥੀਆਂ ਨੂੰ ਆਪਣੇ ਮਾਤਾ ਪਿਤਾ ਅਤੇ ਅਧਿਆਪਕਾਂ ਦਾ ਸਤਿਕਾਰ ਕਰਨ ਲਈ ਪ੍ਰੇਰਿਤ ਕਰਦਿਆਂ ਸਮਾਜ ਵਿੱਚ ਫੈਲੀਆਂ ਬੁਰਾਈਆਂ ਤੋਂ ਜਾਣੂ ਕਰਵਾਉਂਦਿਆਂ ਉਹਨਾਂ ਤੋਂ ਦੂਰ ਰਹਿਣ ਲਈ ਜਾਗਰੂਕ ਕੀਤਾ। ਸਾਂਝ ਕੇਂਦਰ ਇਨਚਾਰਜ ਸਮਰਾਲਾ ਮਾਛੀਵਾੜਾ ਤਰਲੋਚਨ ਜੀ ਨੇ ਵਿਦਿਆਰਥੀਆਂ ਨੂੰ ਟਰੈਫਿਕ ਨਿਯਮਾਂ ਅਤੇ ਮੋਬਾਇਲ ਦੀ ਦੁਰਵਰਤੋਂ ਤੋ ਬਚਣ ਲਈ ਵਿਸ਼ੇਸ਼ ਜਾਣਕਾਰੀ ਦਿੱਤੀ। ਉਹਨਾਂ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਨਾਲ ਵੀ ਜੁੜਨ ਲਈ ਪ੍ਰੇਰਿਤ ਕੀਤਾ ਤਾਂ ਜੋ ਉਹ ਨਸ਼ਿਆਂ ਦੀ ਭੈੜੀ ਦਲਦਲ ਵਿੱਚ ਫਸਣ ਤੋਂ ਬਚ ਸਕਣ। ਟਰੈਫਿਕ ਚਾਰਜ ਮਾਛੀਵਾੜਾ ਜਸਵੀਰ ਸਿੰਘ ਨੇ ਵਿਦਿਆਰਥੀਆਂ ਨੂੰ ਆਧੁਨਿਕ ਯੁੱਗ ਵਿੱਚ ਟਰੈਫਿਕ ਦੇ ਨਿਯਮਾਂ ਦੀ ਪਾਲਣਾ ਕਰਦਿਆਂ ਟਰੈਫਿਕ ਦੇ ਨਿਯਮਾਂ ਅਨੁਸਾਰ ਚੱਲਣ ਲਈ ਪ੍ਰੇਰਿਤ ਕੀਤਾ ਅਤੇ ਟਰੈਫਿਕ ਦੇ ਨਿਯਮਾਂ ਨੂੰ ਤੋੜਨ ਤੇ ਹੋਣ ਵਾਲੇ ਜੁਰਮਾਨੇ ਅਤੇ ਸਜ਼ਾ ਬਾਰੇ ਵੀ ਜਾਣਕਾਰੀ। ਮੈਡਮ ਸਰਬਜੀਤ ਕੌਰ ਨੇ ਵਿਦਿਆਰਥਣਾ ਨੂੰ 112 ਨੰਬਰ ਦੀ ਅਹਿਮੀਅਤ ਅਤੇ ਗੁਡ ਟੱਚ ਬੈਡ ਟੱਚ ਬਾਰੇ ਜਾਣਕਾਰੀ ਦਿੰਦਿਆਂ ਆਲੇ ਦੁਆਲੇ ਸਮਾਜ ਵਿੱਚ ਫੈਲੀਆਂ ਬੁਰਾਈਆਂ ਵਿਰੁੱਧ ਅਵਾਜ਼ ਉਠਾਉਣ ਲਈ ਪ੍ਰੇਰਿਤ ਕੀਤਾ। ਸਕੂਲ ਮੁੱਖ ਪ੍ਰਬੰਧਕ ਪਰਮਜੀਤ ਸਿੰਘ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਵਿਦਿਆਰਥੀਆਂ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਵੱਖ-ਵੱਖ ਸਮੇਂ ਤੇ ਲਗਾਏ ਜਾਂਦੇ ਸੈਮੀਨਾਰਾਂ ਲਈ ਪੁੱਜੇ ਮਹਿਮਾਨਾਂ ਦਾ ਧੰਨਵਾਦ ਪ੍ਰਗਟ ਕੀਤਾ। ਸੀਨੀਅਰ ਕੁਆਡੀਨੇਟਰ ਮਾਸਟਰ ਸਤੀਸ਼ ਕੁਮਾਰ ਨੇ ਮੰਚ ਸੰਚਾਲਨ ਦੀ ਭੂਮਿਕਾ ਬਾਖੂਬੀ ਨਿਭਾਈ।

# ਅਜਨੌਦ ਵਿਖੇ ਲੋੜਵੰਦ ਧੀਆਂ ਦੇ ਹੋਣਗੇ ਸਮੂਹਿਕ ਆਨੰਦ ਕਾਰਜ : ਰਿੰਕਾ ਮਾਛੀਵਾੜਾ

**ਮਾਛੀਵਾੜਾ ਸਾਹਿਬ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਾਬਾ ਸ਼ਹੀਦ ਸਪੋਰਟਸ ਕਲੱਬ ਅਜਨੌਦ ਵੱਲੋਂ ਅੱਜ ਬੇਟੀ ਦਿਵਸ ਦੇ ਮੌਕੇ ਲੋੜਵੰਦ ਧੀਆਂ ਦੇ ਸਮੂਹਿਕ ਆਨੰਦ ਕਾਰਜ ਕਰਵਾਏ ਜਾ ਰਹੇ ਹਨ।ਸੁਖਵਿੰਦਰ ਸਿੰਘ ਰਿੰਕਾ ਮਾਛੀਵਾੜਾ ਨੇ ਦੱਸਿਆ ਕਿ ਸਮਾਜ ਵਿੱਚ ਔਰਤਾਂ ਦੇ ਸਤਿਕਾਰ ਨੂੰ ਬਰਕਰਾਰ ਰੱਖਣ ਲਈ ਧੀਆਂ ਦਾ ਸਤਿਕਾਰ ਹੋਣਾ ਅਤੀ ਜਰੂਰੀ ਹੈ। ਉਹਨਾਂ ਦੱਸਿਆ ਅੱਜ ਅਜਨੌਦ ਵਿਖੇ ਬਾਬਾ ਸ਼ਹੀਦ ਸਪੋਰਟਸ ਕਲੱਬ ਅਜਨੌਦ ਅਤੇ ਸੱਜਣ ਸੁਨੇਹਿਆਂ ਦੇ ਵੱਡੇ ਸਹਿਯੋਗ ਸਦਕਾ ਲੋੜਵੰਦ ਧੀਆਂ ਦੇ ਸਮੂਹਿਕ ਆਨੰਦ ਕਾਰਜ ਕਰਵਾਏ ਜਾ ਰਹੇ ਹਨ। ਉਹਨਾਂ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਕਿਤੇ ਵੀ ਲੋੜਵੰਦ ਧੀਆਂ ਦੀ ਸਹਾਇਤਾ ਲਈ ਉਹ ਆਪਣੇ ਸਹਿਯੋਗੀ ਸੱਜਣਾਂ ਨਾਲ ਹਮੇਸ਼ਾ ਹਾਜ਼ਰ ਹਨ।

ਉਹਨਾਂ ਦੱਸਿਆ ਕਿ ਇੱਕ ਸਮੂਹਿਕ ਅਨੰਦ ਕਾਰਜ ਮੌਕੇ ਧੀਆਂ ਨੂੰ ਘਰੇਲੂ ਵਰਤੋਂ ਵਿੱਚ ਆਉਣ ਵਾਲਾ ਸਮਾਨ ਵੀ ਦਿੱਤਾ ਜਾਵੇਗਾ।ਇਸ ਨੇਕ ਕਾਰਜ ਵਿੱਚ ਪੁੱਜਣ ਲਈ ਵੱਖ-ਵੱਖ ਪ੍ਰਮੁੱਖ ਸ਼ਖਸ਼ੀਅਤਾਂ ਨੂੰ ਸੱਦਾ ਪੱਤਰ ਦਿੱਤੇ ਜਾ ਚੁੱਕੇ ਹਨ ਅਤੇ ਪ੍ਰਬੰਧਕਾਂ ਵੱਲੋਂ ਪੂਰੀਆਂ ਤਿਆਰੀਆਂ ਕਰ ਲਈਆਂ ਗਈਆਂ ਹਨ।ਇਸ ਮੌਕੇ ਵਿਸ਼ਾਲ ਖੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ ਅਤੇ ਮੈਡੀਕਲ ਚੈਕ ਅਪ ਕੈਂਪ ਲਗਾਇਆ ਜਾ ਰਿਹਾ ਜਿਸ ਵਿੱਚ ਲੋੜਵੰਦਾਂ ਦੇ ਚੈੱਕ ਫਰੀ ਕੀਤੇ ਜਾਣਗੇ,ਅਤੇ ਮਰੀਜ਼ਾਂ ਨੂੰ ਦਵਾਈਆਂ ਵੀ ਫਰੀ ਦਿੱਤੀਆਂ ਜਾਣਗੀਆਂ। ਉਹਨਾਂ ਲੋੜਵੰਦ ਪਰਿਵਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਇਸ ਸਮਾਗਮ ਦਾ ਹਿੱਸਾ ਬਣਨ ਅਤੇ ਖੂਨਦਾਨੀ ਵੀਰ ਖੂਨਦਾਨ ਕੈਂਪ ਵਿੱਚ ਖੂਨਦਾਨ ਕਰ ਆਪਣਾ ਬਣਦਾ ਯੋਗਦਾਨ ਪਾਉਣ।

ਇਸ ਮੌਕੇ ਉਹਨਾਂ ਨਾਲ ਨਿਸ਼ਾਂਤ ਕੌੜਾ, ਭੁਪਿੰਦਰ ਦਿਓਲ, ਵਿਸ਼ਵਜੀਤ ਸਿੰਘ, ਮਾਲਵਾ , ਰਿੱਕੀ ਮਾਛੀਵਾੜਾ ( ਚੱਕੀ ਵਾਲੇ), ਪਵਿੱਤਰ ਸਿੰਘ ਮੁਸ਼ਕਾਬਾਦ, ਪੱਪੂ ਸੈਣੀ, ਅਵਤਾਰ ਸਿੰਘ ਤਾਰੀ, ਯੁਵਰਾਜ ਜੀਤ ਸਿੰਘ ਰਾਏ , ਬਲਕਾਰ ਸਿੰਘ ਬੰਟੀ ਵੀ ਮੌਜੂਦ ਸਨ।

# ਖੇਵਟ ਨੇ ਰਾਮ ਲਕਸ਼ਮਣ ਸੀਤਾ ਨੂੰ ਕਿਸ਼ਤੀ ਰਾਹੀਂ ਗੰਗਾ ਪਾਰ ਕਰਾਈ

**ਨਾਭਾ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਮਹਾ ਲਕਸ਼ਮੀ ਰਾਮਲੀਲਾ ਕਲੱਬ ਪੁਰਾਣਾ ਹਾਈਕੋਰਟ ਨਾਭਾ ਵੱਲੋਂ ਮਹੰਤ ਕਾਲਾ ਦਾਸ ਦੀ ਪ੍ਰਧਾਨਗੀ ਹੇਠ ਦਿਖਾਈ ਜਾ ਰਹੀ ਸ਼ਾਨਦਾਰ ਰਾਮਲੀਲਾ ਨੇ ਦਰਸ਼ਕਾਂ ਦਾ ਮਨ ਮੋਹ ਲਿਆ ਬੀਤੀ ਰਾਤ ਰਾਮਲੀਲਾ ਮੰਚ ਤੇ ਰਾਮ ਲਕਸ਼ਮਣ ਸੀਤਾ ਆਪਣੇ ਦੇਸ਼ ਅਵਧ ਨੂੰ ਅਲਵਿਦਾ ਆਖ ਕੇ ਬਣਾ ਲਈ ਰਵਾਨਾ ਹੋਏ, ਗੰਗਾ ਨਦੀ ਦੇ ਤਟ ਤੇ ਪਹੁੰਚ ਕੇ ਖੇਵਟ ਨੂੰ ਕਿਸ਼ਤੀ ਰਾਹੀਂ ਗੰਗਾ ਪਾਰ ਕਰਾਉਣ ਲਈ ਕਿਹਾ ਤਾਂ ਖੇਵਟ ਨੇ ਮਨਾ ਕਰ ਦਿੱਤਾ ਅਤੇ ਕਿਹਾ ਕਿ ਕਿਸ਼ਤੀ ਨੂੰ ਹੱਥ ਨਹੀਂ ਲਗਾਉਣਾ ਤੇ ਖੇਵਟ ਨੇ ਸ਼ਰਤ ਰੱਖੀ ਕਿ ਪਹਿਲਾਂ ਤੁਹਾਡੇ ਪੈਰ ਧੋ ਕੇ ਫੇਰ ਕਿਸ਼ਤੀ @ਚ ਬਿਠਾਇਆ ਜਾਵੇਗਾ। ਇਸ ਤਰ੍ਹਾਂ ਮਲਾਹ ਖੇਵਟ ਨੇ ਕਿਸ਼ਤੀ ਰਾਹੀਂ ਰਾਮ ਲਕਸ਼ਮਣ ਅਤੇ ਸੀਤਾ ਨੂੰ ਗੰਗਾ ਪਾਰ ਕਰਾਈ। ਰਾਮ ਜੀ ਨੇ ਖੇਵਟ ਨੂੰ ਮੁੰਦਰੀ ਦੇਣ ਦੀ ਪੇਸ਼ਕਸ਼ ਕੀਤੀ ਪਰ ਉਸਨੇ ਲੈਣ ਤੋਂ ਇਨਕਾਰ ਕਰ ਦਿੱਤਾ, ਰਾਮ ਲਕਸ਼ਮਣ ਸੀਤਾ ਖੇਵਟ ਤੋਂ ਆਗਿਆ ਲੈ ਕੇ ਪੰਚਵਟੀ ਲਈ ਰਵਾਨਾ ਹੋ ਗਏ ਰਾਮਲੀਲਾ ਦਾ ਉਦਘਾਟਨ ਚੇਅਰਮੈਨ ਅਮਰਦੀਪ ਸਿੰਘ ਖੰਨਾ ਅਤੇ ਉਨਾਂ ਦੇ ਬੇਟੇ ਜਸਦੀਪ ਸਿੰਘ ਖੰਨਾ ਨੇ ਕੀਤਾ ਕਲੱਬ ਦੇ ਪ੍ਰਧਾਨ ਮਹੰਤ ਕਾਲਾ ਦਾਸ ਨੇ ਉਨ੍ਹਾਂ ਦਾ ਸਨਮਾਨ ਕੀਤਾ ਮੰਚ ਸੰਚਾਲਨ ਸੰਜੀਵ ਕੁਮਾਰ ਸੰਜੂ ਕਰ ਰਹੇ ਹਨ।

# ਕੇਆਈਐਮਟੀ ਦੇ ਆਈਟੀ ਵਿਦਿਆਰਥੀਆਂ ਦਾ ਉਦਯੋਗਿਕ ਦੌਰਾ



**ਲੁਧਿਆਣਾ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਖਾਲਸਾ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਫਾਰ ਵੂਮੈਨ (KIMT), ਸਿਵਲ ਲਾਈਨਜ਼, ਲੁਧਿਆਣਾ ਨੇ ਆਪਣੇ $31 ਅਤੇ 231 ਪ੍ਰੋਗਰਾਮਾਂ ਦੇ ਵਿਦਿਆਰਥੀਆਂ ਲਈ ਇੱਕ ਸੁਚੱਜਾ ਉਦਯੋਗਿਕ ਦੌਰਾ ਆਯੋਜਿਤ ਕੀਤਾ। ਇਸ ਦੌਰੇ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਆਈਟੀ ਉਦਯੋਗ ਦੀਆਂ ਆਧੁਨਿਕ ਤਕਨਾਲੋਜੀਆਂ, ਕੰਮਕਾਜ ਪ੍ਰਕਿਰਿਆਵਾਂ ਅਤੇ ਬਿਹਤਰੀਨ ਪ੍ਰੈਕਟਿਸਜ਼ ਬਾਰੇ ਪ੍ਰਯੋਗਿਕ ਗਿਆਨ ਪ੍ਰਦਾਨ ਕਰਨਾ ਸੀ, ਤਾਂ ਜੋ ਅਕਾਦਮਿਕ ਸਿੱਖਿਆ ਅਤੇ ਅਸਲ ਦੁਨੀਆ ਦੀਆਂ ਲੋੜਾਂ ਵਿਚਕਾਰ ਦੇ ਅੰਤਰ ਨੂੰ ਘਟਾਇਆ ਜਾ ਸਕੇ।

ਦੌਰੇ ਅਧੀਨ MCA ਅਤੇ BCA ਦੇ ਅੰਤਿਮ ਸਾਲ ਦੇ ਵਿਦਿਆਰਥੀਆਂ ਨੇ Sensation Software Solutions Pvt. Ltd. ਦਾ ਦੌਰਾ ਕੀਤਾ। MCA ਦੇ ਪਹਿਲੇ ਸਾਲ ਅਤੇ 231 ਦੇ ਦੂਜੇ ਸਾਲ ਦੇ ਵਿਦਿਆਰਥੀਆਂ ਨੇ Excellence Technology ਵਿੱਚ ਉਦਯੋਗਿਕ ਤਜਰਬਾ ਪ੍ਰਾਪਤ ਕੀਤਾ। 231 ਦੇ ਪਹਿਲੇ ਸਾਲ ਦੇ ਵਿਦਿਆਰਥੀਆਂ ਨੇ CS Soft Solution, IT ਪਾਰਕ, ਮੋਹਾਲੀ ਦਾ ਦੌਰਾ ਕੀਤਾ। ਇਨ੍ਹਾਂ ਦੌਰਾਨ, ਵਿਦਿਆਰਥੀਆਂ ਨੇ ਸਾਫਟਵੇਅਰ ਵਿਕਾਸ ਪ੍ਰਕਿਰਿਆਵਾਂ, ਆਈਟੀ ਇੰਫ੍ਰਾਸਟਰਕਚਰ, ਕਲਾਊਡ ਸੇਵਾਵਾਂ, ਕ੍ਰਿਤ੍ਰਿਮ ਬੁੱਧੀ (19), ਡੇਟਾ ਐਨਾਲਿਟਿਕਸ ਅਤੇ ਪ੍ਰੋਜੈਕਟ ਮੈਨੇਜਮੈਂਟ ਵਿਧੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਾਪਤ ਕੀਤੀ।

ਫੈਕਲਟੀ ਕੋਆਰਡੀਨੇਟਰਾਂ ਨੇ ਜ਼ੋਰ ਦਿੰਦੇ ਹੋਏ ਕਿਹਾ ਕਿ ਅਜਿਹੇ ਉਦਯੋਗਿਕ ਦੌਰੇ ਵਿਦਿਆਰਥੀਆਂ ਵਿੱਚ ਪੇਸ਼ੇਵਰ ਕੁਸ਼ਲਤਾਵਾਂ ਦੇ ਵਿਕਾਸ ਅਤੇ ਭਵਿੱਖ ਦੀਆਂ ਚੁਣੌਤੀਆਂ ਲਈ ਤਿਆਰੀ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ।

ਪ੍ਰੋਗਰਾਮ ਇੱਕ ਇੰਟਰਐਕਟਿਵ ਸੈਸ਼ਨ ਨਾਲ ਸਮਾਪਤ ਹੋਇਆ, ਜਿੱਥੇ ਵਿਦਿਆਰਥੀਆਂ ਨੇ ਆਪਣੇ ਸਵਾਲ ਪੁੱਛੇ ਅਤੇ 9" ਖੇਤਰ ਵਿੱਚ ਉੱਤਮਤਾ ਪ੍ਰਾਪਤ ਕਰਨ ਲਈ ਪ੍ਰੇਰਣਾ ਪ੍ਰਾਪਤ ਕੀਤੀ।

# 'ਆਪ' ਵਿਧਾਇਕ ਪਠਾਨਮਾਜਰਾ ਵੱਲੋਂ ਇੱਕ ਹੋਰ ਵੀਡੀਓ ਜਾਰੀ

## ਸਾਥੀ ਵਿਧਾਇਕਾਂ ਅਤੇ ਕਿਸਾਨ ਯੂਨੀਅਨਾਂ ਵੱਲੋਂ ਸਹਿਯੋਗ ਨਾ ਮਿਲਣ 'ਤੇ ਨਿਰਾਸ਼ਾ ਜਤਾਈ

**ਪਟਿਆਲਾ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ (ਆਪ) ਵੱਲੋਂ ਸਨੌਰ ਹਲਕੇ ਲਈ ਨਵੇਂ ਇੰਚਾਰਜ ਦੀ ਨਿਯੁਕਤੀ ਕੀਤੇ ਜਾਣ ਤੋਂ ਲਗਪਗ 10 ਦਿਨ ਬਾਅਦ ਵਿਧਾਇਕ ਹਰਮੀਤ ਸਿੰਘ ਪਾਠਨਮਾਜਰਾ ਨੇ ਇੱਕ ਵੀਡੀਓ ਜਾਰੀ ਕਰਕੇ ਸੰਕਟ ਦੀ ਇਸ ਘੜੀ ਵਿੱਚ ਸਾਥੀ ਵਿਧਾਇਕਾਂ ਅਤੇ ਕਿਸਾਨ ਯੂਨੀਅਨਾਂ ਵੱਲੋਂ ਉਨ੍ਹਾਂ ਦਾ ਸਾਥ ਨਾ ਦੇਣ ਦਾ ਦੋਸ਼ ਲਾਇਆ ਹੈ।

ਜਬਰ ਜਨਾਹ ਮਾਮਲੇ ਵਿੱਚ ਨਾਮਜ਼ਦ ਹੋਣ ਤੋਂ ਬਾਅਦ ਫਰਾਰ ਚੱਲ ਰਹੇ ਪਾਠਨਮਾਜਰਾ ਨੇ ਇੱਕ ਛੇ ਮਿੰਟ ਦਾ ਵੀਡੀਓ ਜਾਰੀ ਕਰਕੇ ਦੋਸ਼ ਲਾਇਆ ਕਿ ਸਮਾਜ ਸੇਵੀਆਂ, ਸਾਥੀ ਵਿਧਾਇਕਾਂ ਅਤੇ ਕਿਸਾਨ ਯੂਨੀਅਨਾਂ ਨੇ ਉਨ੍ਹਾਂ ਦਾ ਸਮਰਥਨ ਨਹੀਂ ਕੀਤਾ। ਉਨ੍ਹਾਂ ਖੁਲਾਸਾ ਕੀਤਾ ਕਿ ਉਨ੍ਹਾਂ ਦੀ ਪਤਨੀ ਦੀ ਸਿਹਤ ਖਰਾਬ ਹੈ ਅਤੇ ਉਹ ਇਲਾਜ ਕਰਵਾ ਰਹੇ ਹਨ, ਜਦੋਂ ਕਿ ਉਨ੍ਹਾਂ ਦੀ ਧੀ ਅਤੇ ਪੁੱਤਰ ਪੁਲੀਸ ਕਾਰਵਾਈ ਦੇ ਡਰੋਂ ਲੁਕੇ ਹੋਏ ਹਨ।

ਪਾਠਨਮਾਜਰਾ ਨੇ ਵੀਡੀਓ ਵਿੱਚ ਚਿਤਾਵਨੀ ਦਿੱਤੀ ਹੈ ਕਿ ਜੇ ਉਨ੍ਹਾਂ ਦੀ ਪਤਨੀ (ਜਿਨ੍ਹਾਂ ਦੀਆਂ ਪੰਜ ਸਰਜਰੀਆਂ ਹੋ ਚੁੱਕੀਆਂ ਹਨ ਅਤੇ ਉਹ ਇੱਕ ਬੀਮਾਰੀ ਤੋਂ ਪੀੜਤ ਹਨ) ਨੂੰ ਕੁਝ ਹੁੰਦਾ ਹੈ ਤਾਂ ਪੰਜਾਬ ਸਰਕਾਰ ਜ਼ਿੰਮੇਵਾਰ ਹੋਵੇਗੀ।

ਵੀਡੀਓ ਵਿੱਚ, ਉਨ੍ਹਾਂ ਦਾ ਦਾਅਵਾ ਹੈ ਕਿ ਉਹ ਪੰਜਾਬ ਦੇ ਮਾਮਲਿਆਂ ਵਿੱਚ ਦਿੱਲੀ ਦੇ ਆਗੂਆਂ ਦੇ ਦਖਲ ਦੇ ਵਿਰੁੱਧ ਆਵਾਜ਼ ਉਠਾਉਣ ਅਤੇ ਪੰਜਾਬ ਵਿੱਚ ਹੜ੍ਹਾਂ ਲਈ ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਕੀਮਤ ਚੁਕਾ ਰਹੇ ਹਨ।

ਪਾਠਨਮਾਜਰਾ ਨੇ ਕਿਹਾ, "ਮੈਂ ਇੱਕ ਸਿੱਧਾ, ਭਾਵੁਕ ਜੱਟ ਹਾਂ। ਮੈਂ ਸੋਚਿਆ ਸੀ ਕਿ ਸੱਚ ਬੋਲਣ 'ਤੇ ਲੋਕ ਮੇਰੇ ਨਾਲ ਖੜ੍ਹਨਗੇ। ਪਰ ਮੈਂ ਗਲਤ ਸੀ। ਮੈਂ ਆਪਣੇ ਸਾਥੀਆਂ ਨੂੰ ਸਲਾਹ ਦੇਵਾਂਗਾ, ਜੇ ਲੋਕ ਤੁਹਾਨੂੰ ਭੇਡਾਂ ਦਾ ਝੁੰਡ ਕਹਿੰਦੇ ਹਨ, ਤਾਂ ਇਹੀ ਸਹੀ।"



ਇਸ ਤੋਂ ਪਹਿਲਾਂ ਪਾਠਨਮਾਜਰਾ ਨੇ ਸਨੌਰ ਨਿਵਾਸੀਆਂ ਦਾ ਹਾਲ-ਚਾਲ ਪੁੱਛਣ ਲਈ ਇੱਕ 25 ਸੈਕਿੰਡ ਦਾ ਆਡੀਓ ਸੰਦੇਸ਼ ਜਾਰੀ ਕੀਤਾ ਸੀ, ਜਿਸ ਵਿੱਚ ਸਮਰਥਕਾਂ ਨੂੰ ਹਿੰਮਤ ਨਾ ਹਾਰਨ ਦੀ ਅਪੀਲ ਕੀਤੀ ਗਈ ਸੀ ਅਤੇ ਉਨ੍ਹਾਂ ਨੂੰ ਆਪਣੇ ਵਾਪਸ ਆਉਣ ਦਾ ਭਰੋਸਾ ਦਿੱਤਾ ਗਿਆ ਸੀ। ਉਨ੍ਹਾਂ ਕਿਹਾ, "ਜਿਹੜੇ ਸਟੈਂਡ ਲੈਂਦੇ ਹਨ, ਉਨ੍ਹਾਂ ਨੂੰ ਜ਼ਿੰਦਗੀ ਵਿੱਚ ਮਾਣ ਮਿਲਦਾ ਹੈ... ਬਾਬਾ ਬੁੱਢਾ ਕਰੂ ਕਿਰਪਾ," ਅਤੇ ਅੱਗੇ ਕਿਹਾ ਕਿ ਜਿਨ੍ਹਾਂ ਨੂੰ ਉਨ੍ਹਾਂ ਦੀ ਥਾਂ 'ਤੇ ਨਿਯੁਕਤ ਕੀਤਾ ਗਿਆ ਹੈ, ਉਨ੍ਹਾਂ ਨੂੰ ਧੱਕ ਦਿੱਤਾ ਜਾਵੇਗਾ।

ਜਬਰ ਜਨਾਹ ਦੇ ਮਾਮਲੇ ਵਿੱਚ ਮੁਲਜ਼ਮ ਨਾਮਜ਼ਦ ਹੋਣ ਤੋਂ ਬਾਅਦ ਪਾਠਨਮਾਜਰਾ ਸਤੰਬਰ ਦੇ ਸ਼ੁਰੂ ਤੋਂ ਹੀ ਫਰਾਰ ਹਨ। ਉਨ੍ਹਾਂ ਦੀ ਗੈਰ-ਮੌਜੂਦਗੀ ਵਿੱਚ 'ਆਪ' ਨੇ ਵਿਧਾਇਕ ਨਾਲ ਸਪੱਸ਼ਟ ਤੌਰ 'ਤੇ ਨਾਤਾ ਤੋੜਦਿਆਂ ਰਣਜੋਧ ਹਡਾਣਾ ਨੂੰ ਨਵਾਂ ਹਲਕਾ ਇੰਚਾਰਜ ਨਿਯੁਕਤ ਕੀਤਾ ਹੈ।

ਪਾਠਨਮਾਜਰਾ, ਜੋ ਕਥਿਤ ਤੌਰ 'ਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਗੁਰਪ੍ਰੀਤ ਮਾਨ ਦੇ ਫੁੱਫੜ ਹਨ, ਨੇ ਉਦੋਂ ਗ੍ਰਿਫ਼ਤਾਰੀ ਤੋਂ ਬਚ ਗਏ ਸਨ ਜਦੋਂ ਪੁਲਿਸ ਨੇ ਹਰਿਆਣਾ ਵਿੱਚ ਇੱਕ ਰਿਸ਼ਤੇਦਾਰ ਦੇ ਘਰ ਛਾਪਾ ਮਾਰਿਆ ਸੀ। ਬਾਅਦ ਵਿੱਚ ਉਨ੍ਹਾਂ ਨੇ ਇੱਕ ਵੀਡੀਓ ਵਿੱਚ ਦੋਸ਼ ਲਾਇਆ ਸੀ ਕਿ ਪੁਲੀਸ ਨੂੰ ਨਕਲੀ ਮੁਕਾਬਲੇ ਵਿੱਚ ਉਨ੍ਹਾਂ ਨੂੰ ਮਾਰਨ ਦੇ ਹੁਕਮ ਦਿੱਤੇ ਗਏ ਸਨ ਅਤੇ 'ਆਪ' ਦੀ ਦਿੱਲੀ ਲੀਡਰਸ਼ਿਪ 'ਤੇ ਪੰਜਾਬ ਨੂੰ ਕੰਟਰੋਲ ਕਰਨ ਦਾ ਦੋਸ਼ ਲਾਇਆ ਸੀ।

ਉਧਰ ਸਰਕਾਰ ਨੇ ਭੁਪਿੰਦਰਾ ਨਗਰ ਸਥਿਤ ਹਾਊਸ ਨੰਬਰ 9-ਸੀ ਵਿੱਚ ਪਾਠਨਮਾਜਰਾ ਦੀ ਸਰਕਾਰੀ ਰਿਹਾਇਸ਼ ਨੂੰ ਵਾਪਸ ਲੈਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। 2 ਸਤੰਬਰ ਨੂੰ, ਉਨ੍ਹਾਂ ਦੀ ਪਤਨੀ ਸਿਮਰਨਜੀਤ ਕੌਰ ਨੂੰ ਬੇਦਖਲੀ ਦਾ ਨੋਟਿਸ ਦਿੱਤਾ ਗਿਆ ਸੀ, ਜਿਸ ਵਿੱਚ ਵਿਧਾਇਕ 'ਤੇ ਜਾਇਦਾਦ ਦੀ ਦੁਰਵਰਤੋਂ ਰਾਜਨੀਤਿਕ ਉਦੇਸ਼ਾਂ ਲਈ ਕਰਨ ਦਾ ਦੋਸ਼ ਲਗਾਇਆ ਗਿਆ ਸੀ। ਹਾਲਾਂਕਿ ਉਨ੍ਹਾਂ ਨੇ ਸਥਾਨਕ ਅਦਾਲਤ ਵਿੱਚ ਨੋਟਿਸ ਨੂੰ ਚੁਣੌਤੀ ਦਿੱਤੀ ਹੈ, ਜਿੱਥੇ ਸੁਣਵਾਈ ਜਾਰੀ ਹੈ।

# ਤਾਂਬੇ ਦੇ ਬਰਤਨ 'ਚ ਪਾਣੀ ਪੀਣ ਦੇ ਫ਼ਾਇਦੇ



*ਤਾਂਬੇ ਦੇ ਬਰਤਨ 'ਚ ਐਂਟੀ-ਆਕਸੀਡੈਂਟ ਤੱਤ ਪਾਣੀ 'ਚ ਹੋਣ ਵਾਲੇ ਬੈਕਟੀਰੀਆ ਨੂੰ ਨਸ਼ਟ ਕਰ ਕੇ ਪਾਣੀ ਨੂੰ ਸਾਫ਼ ਕਰਦੇ ਹਨ ਜਿਸ ਕਰਕੇ ਸਰੀਰ ਇਨਫੈਕਸ਼ਨ ਤੋਂ ਦੂਰ ਰਹਿੰਦਾ ਹੈ...*

ਪਾਣੀ ਸਾਡੇ ਸਰੀਰ ਲਈ ਬਹੁਤ ਹੀ ਜ਼ਰੂਰੀ ਹੈ। ਸਰੀਰ ਦਾ ਲਗਪਗ 70 ਫ਼ੀਸਦੀ ਭਾਗ ਪਾਣੀ ਨਾਲ ਹੀ ਬਣਿਆ ਹੈ। ਇਸ ਨਾਲ ਸਰੀਰ 'ਚੋਂ ਵਾਧੂ ਪਦਾਰਥ ਬਾਹਰ ਕੱਢਣ 'ਚ ਮਦਦ ਕਰਦੇ ਹਨ ਤੇ ਸਰੀਰ ਨੂੰ ਕਈ ਬਿਮਾਰੀਆਂ ਤੋਂ ਦੂਰ ਕਰਦਾ ਹੈ। ਤਾਂਬੇ ਦੇ ਬਰਤਨ 'ਚ ਪਾਣੀ ਪੀਣ ਨਾਲ ਸਰੀਰ ਨੂੰ ਦੁੱਗਣਾ ਫ਼ਾਇਦਾ ਮਿਲਦਾ ਹੈ। ਤਾਂਬੇ ਦੇ ਬਰਤਨ 'ਚ ਐਂਟੀ-ਆਕਸੀਡੈਂਟ ਤੱਤ ਪਾਣੀ 'ਚ ਹੋਣ ਵਾਲੇ ਬੈਕਟੀਰੀਆ ਨੂੰ ਨਸ਼ਟ ਕਰ ਕੇ ਪਾਣੀ ਨੂੰ ਸਾਫ਼ ਕਰਦੇ ਹਨ ਜਿਸ ਨਾਲ ਸਰੀਰ ਇਨਫੈਕਸ਼ਨ ਤੋਂ ਦੂਰ ਰਹਿੰਦਾ ਹੈ।

## ਪਾਚਨ ਕਿਰਿਆ

ਗ਼ਲਤ ਤੇ ਅਸੰਤੁਲਿਤ ਖਾਣਾ ਖਾਣ ਕਰਕੇ ਪਾਚਨ ਕਿਰਿਆ ਖ਼ਰਾਬ ਹੋ ਜਾਂਦੀ ਹੈ। ਜਿਸ ਨਾਲ ਪੇਟ ਸਬੰਧੀ ਕਈ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹਰ ਰੋਜ਼ ਤਾਂਬੇ ਦੇ ਬਰਤਨ 'ਚ ਪਾਣੀ ਪੀਣ ਨਾਲ ਪੇਟ ਸਾਫ਼ ਤੇ ਪਾਚਨ ਕਿਰਿਆ ਠੀਕ ਰਹਿੰਦੀ ਹੈ।

## ਭਾਰ ਘਟਣਾ

ਅੱਜਕੱਲ੍ਹ ਬਹੁਤ ਸਾਰੇ ਲੋਕ ਮੋਟਾਪੇ ਦੇ ਸ਼ਿਕਾਰ ਹੋ ਚੁੱਕੇ ਹਨ। ਘਰ ਦਾ ਖਾਣਾ ਛੱਡ ਕੇ ਬਾਹਰਲੇ ਜੰਕ ਫੂਡ ਨੂੰ ਪਹਿਲ ਦੇਣੀ। ਜਿਸ ਨਾਲ ਭਾਰ ਵਧਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਇਸ ਖ਼ਤਰੇ ਤੋਂ ਮੁਕਤ ਹੋਣ ਲਈ ਰੋਜ਼ ਰਾਤ ਨੂੰ ਤਾਂਬੇ ਦੇ ਬਰਤਨ 'ਚ ਪਾਣੀ ਪਾ ਕੇ ਰੱਖੋ ਤੇ ਸਵੇਰੇ ਉੱਠ ਕੇ ਉਸ ਪਾਣੀ ਦਾ ਸੇਵਨ ਕਰੋ। ਇਸ ਨਾਲ ਵਜ਼ਨ ਘੱਟ ਹੋਵੇਗਾ ਤੇ ਹੋਰ ਵੀ ਕਈ ਬਿਮਾਰੀਆਂ ਤੋਂ ਛੁਟਕਾਰਾ ਮਿਲੇਗਾ।

## ਪੇਟ ਦੇ ਅਲਸਰ

ਕਈ ਲੋਕਾਂ ਦੇ ਪੇਟ 'ਚ ਛਾਲਿਆਂ ਜਾਂ ਅਲਸਰ ਦੀ ਸਮੱਸਿਆ ਆ ਜਾਂਦੀ ਹੈ। ਜਿਸ ਕਰ ਕੇ ਉਨ੍ਹਾਂ ਨੂੰ ਪੇਟ ਦਰਦ, ਕੁੱਝ ਨਾ ਪਚਣਾ, ਪੇਟ 'ਚ ਜਲਣ ਆਦਿ ਅਨੇਕਾਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤਰ੍ਹਾਂ ਦੀ ਸਮੱਸਿਆ 'ਚ ਰੋਜ਼ ਸਵੇਰੇ ਤਾਂਬੇ ਦੇ ਬਰਤਨ 'ਚ ਪਾਣੀ ਪੀਣ ਨਾਲ ਅਲਸਰ ਦੀ ਸਮੱਸਿਆ ਖ਼ਤਮ ਹੋ ਜਾਂਦੀ ਹੈ। ਜੇ ਸਰੀਰ ਦੇ ਕਿਸੇ ਵੀ ਅੰਗ 'ਤੇ ਸੱਟ ਲੱਗੀ ਹੋਵੇ ਤਾਂ ਇਸ ਪਾਣੀ ਦਾ ਸੇਵਨ ਕਰਨ ਨਾਲ ਜਖ਼ਮ ਜਲਦੀ ਠੀਕ ਹੋ ਜਾਂਦਾ ਹੈ।

## ਇਨਫੈਕਸ਼ਨ ਨੂੰ ਰੱਖੇ ਦੂਰ

ਬਦਲਦੇ ਮੌਸਮ ਕਾਰਨ ਬਹੁਤ ਸਾਰੇ ਲੋਕਾਂ ਨੂੰ ਸਰਦੀ, ਜ਼ੁਕਾਮ, ਸਿਰ ਦਰਦ ਆਦਿ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਬਦਲਦੇ ਮੌਸਮ ਤੋਂ ਬਚਣ ਲਈ ਤਾਂਬੇ ਦੇ ਪਾਣੀ ਦਾ ਇਸਤੇਮਾਲ ਕਰੋ ਇਹ ਸਿਹਤ ਲਈ ਕਾਫ਼ੀ ਲਾਭਕਾਰੀ ਹੈ। •

# ਦਰਦ ਨਿਵਾਰਕ ਹੈ ਜੈਤੂਨ ਦਾ ਤੇਲ



ਗਰਦਨ ਸਰੀਰ ਦਾ ਬਹੁਤ ਹੀ ਕੋਮਲ ਤੇ ਅਹਿਮ ਭਾਗ ਹੁੰਦਾ ਹੈ। ਲਗਾਤਾਰ ਝੁਕ ਕੇ ਕੰਮ ਕਰਨਾ, ਲੰਬੇ ਸਮੇਂ ਤਕ ਇਕ ਹੀ ਸਥਿਤੀ 'ਚ ਬੈਠੇ ਰਹਿਣਾ, ਕੰਪਿਊਟਰ 'ਤੇ ਲੰਬੇ ਸਮੇਂ ਤਕ ਕੰਮ ਕਰਨਾ, ਮੋਟਾ ਸਿਰ੍ਹਾਣਾ ਲੈ ਕੇ ਸੌਣਾ ਆਦਿ ਅਜਿਹੇ ਕਾਰਨ ਹਨ ਜੋ ਗਰਦਨ 'ਚ ਜਕੜਨ ਅਤੇ ਦਰਦ ਦੀ ਸ਼ਿਕਾਇਤ ਪੈਦਾ ਕਰ ਸਕਦੇ ਹਨ। ਜੈਤੂਨ ਦੇ ਤੇਲ ਦੀ ਮਾਲਿਸ਼ ਨਾਲ ਇਸ ਦਰਦ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਇਸ ਘਰੇਲੂ ਨੁਸਖ਼ੇ ਨਾਲ ਤੁਸੀਂ ਅਜਿਹੀ ਦਰਦ ਤੋਂ ਰਾਹਤ ਪਾ ਸਕਦੇ ਹੋ।

**ਜੈਤੂਨ ਦਾ ਤੇਲ** : ਜੈਤੂਨ ਦਾ ਤੇਲ ਬੇਹੱਦ ਗੁਣਕਾਰੀ ਹੁੰਦਾ ਹੈ। ਦਰਦ ਨੂੰ ਘਰ ਬੈਠੇ ਠੀਕ ਕਰਨ ਲਈ ਇਹ ਲਾਭਕਾਰੀ ਹੈ। ਇਸ ਨਾਲ ਰੋਜ਼ਾਨਾ ਦੋ ਵਾਰ ਗਰਦਨ ਦੀ ਹਲਕੀ ਮਾਲਿਸ਼ ਕਰੋ।

**ਨਮਕ** : ਨਮਕ ਵਿਚ ਮੈਗਨੀਸ਼ੀਅਮ ਸਲਫੇਟ ਹੁੰਦਾ ਹੈ, ਜੋ ਕੁਦਰਤੀ ਢੰਗ ਨਾਲ ਦਰਦ ਨੂੰ ਦੂਰ ਕਰਨ 'ਚ ਮਦਦ ਕਰਦਾ ਹੈ।

**ਮਿਸ਼ਰਣ ਤਿਆਰ ਕਰਨ ਦੀ ਵਿਧੀ** : ਇਕ ਕਟੋਰੀ ਜਾਂ ਕੱਚ ਦੀ ਸ਼ੀਸ਼ੀ 'ਚ ਜੈਤੂਨ ਦਾ ਤੇਲ ਅਤੇ ਨਮਕ ਪਾ ਕੇ ਚੰਗੀ ਤਰ੍ਹਾਂ ਮਿਲਾ ਲਵੋ। ਇਸ ਨੂੰ ਬੰਦ ਕਰ ਕੇ ਕੁੱਝ ਸਮੇਂ ਲਈ ਰੱਖ ਦਿਓ। ਇਸ ਨਾਲ ਤੇਲ ਦਾ ਰੰਗ ਹਲਕਾ ਪੀਲਾ ਹੋ ਜਾਵੇਗਾ। ਇਸ ਤੇਲ ਦੀ 2-3 ਮਿੰਟ ਤਕ ਗਰਦਨ ਉੱਪਰ ਹਲਕੀ ਮਸਾਜ ਕਰੋ। ਇਸ ਨਾਲ ਗਰਦਨ ਦੇ ਦਰਤ ਤੋਂ ਰਾਹਤ ਮਿਲੇਗੀ। •

# ਨਾਸ਼ਤੇ 'ਚ ਜ਼ਰੂਰ ਕਰੋ ਇਨ੍ਹਾਂ ਚੀਜ਼ਾਂ ਦੀ ਵਰਤੋਂ

ਬਹੁਤ ਸਾਰੇ ਲੋਕ ਆਪਣੀ ਜ਼ਿੰਦਗੀ 'ਚ ਰੁਝੇਵਿਆਂ ਕਾਰਨ ਖਾਣ-ਪੀਣ ਦਾ ਖ਼ਿਆਲ ਨਹੀਂ ਰੱਖਦੇ। ਸਿਹਤਮੰਦ ਰਹਿਣ ਲਈ ਦਿਨ ਦੀ ਸ਼ੁਰੂਆਤ ਭਾਰੀ ਨਾਸ਼ਤੇ ਨਾਲ ਕਰੋ। ਨਾਸ਼ਤੇ 'ਚ ਉਨ੍ਹਾਂ ਚੀਜ਼ਾਂ ਨੂੰ ਸ਼ਾਮਿਲ ਕਰਨਾ ਚਾਹੀਦਾ ਹੈ ਜਿਨ੍ਹਾਂ ਨਾਲ ਸਰੀਰ ਨੂੰ ਭਰਪੂਰ ਐਨਰਜੀ ਮਿਲੇ ਅਤੇ ਸਾਰਾ ਦਿਨ ਤੁਸੀਂ ਫਰੈੱਸ਼ ਮਹਿਸੂਸ ਕਰ ਸਕੋ।

## ਆਂਡੇ

ਅੰਡੇ ਨੂੰ ਉਬਾਲ ਕੇ, ਭੁਰਜੀ ਜਾਂ ਸੈਂਡਵਿਚ ਆਦਿ ਬਣਾ ਕੇ ਬਰਾਊਨ ਬਰੈੱਡ ਨਾਲ ਖਾਓ। ਇਸ ਨਾਲ ਤੁਹਾਡੇ ਸਰੀਰ 'ਚ ਸਾਰੇ ਪੌਸ਼ਟਿਕ ਤੱਤਾਂ ਦੀ ਘਾਟ ਵੀ ਪੂਰੀ ਹੋਵੇਗੀ ਤੇ ਐਨਰਜੀ ਵੀ ਮਿਲੇਗੀ।





## ਬਰਾਊਨ ਬਰੈੱਡ

*ਨਾਸ਼ਤੇ 'ਚ ਬਰਾਊਨ ਬਰੈੱਡ ਨੂੰ ਆਮਲੇਟ ਨਾਲ ਖਾਓ। ਇਸ ਨਾਲ ਤੁਹਾਡੇ ਪੇਟ 'ਚ ਗੈਸ ਸਬੰਧੀ ਸਮੱਸਿਆ ਦੂਰ ਹੋ ਜਾਂਦੀ ਹੈ ਤੇ ਤੁਸੀ ਪੂਰਾ ਦਿਨ ਅਰਾਮ ਨਾਲ ਕੰਮ ਕਰ ਸਕਦੇ ਹੋ।*

## ਸੈਲਮਨ ਮੱਛੀ

ਫੈਟੀ ਐਸਿਡਜ਼ ਨਾਲ ਭਰਪੂਰ ਸੈਲਮਨ ਮੱਛੀ ਦਾ ਸੇਵਨ ਨਾਸ਼ਤੇ 'ਚ ਕਰਨ ਨਾਲ ਸੋਜ਼, ਹੱਡੀਆਂ, ਗਠੀਆ ਤੇ ਕੈਂਸਰ ਆਦਿ ਦੇ ਖ਼ਤਰੇ ਤੋਂ ਬਚਾਅ ਰਹਿੰਦਾ ਹੈ।

## ਅੰਗੂਰ ਜਾਂ ਆਨਾਰ

ਸਵੇਰ ਨੂੰ ਅੰਗੂਰ ਜਾਂ ਆਨਾਰ ਦਾ ਜੂਸ ਪੀਣ ਨਾਲ ਤੁਸੀ ਸਿਹਤਮੰਦ ਤਾਂ ਰਹਿੰਦੇ ਹੀ ਹੋ, ਨਾਲ ਹੀ ਇਸ ਨਾਲ ਸਾਰਾ ਦਿਨ ਐਨਰਜੀ ਵੀ ਮਿਲਦੀ ਹੈ।

## ਦਹੀਂ

ਦਹੀਂ ਨੂੰ ਨਾਸ਼ਤੇ 'ਚ ਖਾਣ ਨਾਲ ਕੈਂਸਰ ਦਾ ਖ਼ਤਰਾ ਘੱਟ ਹੁੰਦਾ ਹੈ। ਤੇ ਕਈ ਬਿਮਾਰੀਆਂ ਤੋਂ ਛੁਟਕਾਰਾ ਮਿਲਦਾ ਹੈ। •

# ਡੇਂਗੂ, ਲੱਛਣ ਤੇ ਇਲਾਜ

**ਨਰੇਸ਼ ਪਠਾਣੀਆ**




ਮੱਛਰਾਂ ਤੋਂ ਫੈਲਣ ਵਾਲੇ ਰੋਗਾਂ ਵਿੱਚੋਂ ਡੇਂਗੂ ਤੋਂ ਹਰ ਵਿਅਕਤੀ ਵਾਕਫ਼ ਹੈ। ਡੇਂਗੂ ਦਾ ਅਸਲ ਨਾਂ ਡੇਂਗੂ ਨਹੀਂ, ਡੇਂਗੀ ਹੈ। ਹਰੇਕ ਦੇ ਮਨ ਵਿਚ ਇਸ ਦਾ ਡਰ ਪੈਦਾ ਹੋ ਚੁੱਕਾ ਹੈ। ਪਿਛਲੇ ਕਈ ਸਾਲਾਂ ਤੋਂ ਪੰਜਾਬ ਦੇ ਲੋਕ ਇਸ ਦਾ ਡੰਗ ਸਹਿ ਰਹੇ ਹਨ। ਬਰਸਾਤੀ ਮੌਸਮ 'ਚ ਡੇਂਗੂ ਦੇ ਨਾਲ-ਨਾਲ ਵਾਇਰਲ ਬੁਖ਼ਾਰ ਤੇ ਮਲੇਰੀਆ ਮਨੁੱਖੀ ਸਿਹਤ 'ਤੇ ਹਮਲਾ ਕਰਦਾ ਹੈ। ਇਨ੍ਹਾਂ ਦਿਨਾਂ 'ਚ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿਚ ਡੇਂਗੂ ਬੁਖ਼ਾਰ ਵਾਲੇ ਮਰੀਜ਼ਾਂ ਦੀ ਗਿਣਤੀ ਕਾਫ਼ੀ ਵੱਧ ਗਈ ਹੈ।

## ਕਾਰਨ

ਡੇਂਗੂ ਤੇ ਚਿਕਨਗੁਨੀਆ ਵਰਗੇ ਬੁਖ਼ਾਰਾਂ ਤੋਂ ਬਚਣ ਲਈ ਜੇ ਕੁੱਝ ਸਾਵਧਾਨੀਆਂ ਵਰਤ ਲਈਆਂ ਜਾਣ ਤਾਂ ਜਿੱਥੇ ਸਰੀਰਕ ਨੂੰ ਦੁੱਖ ਭੋਗਣ ਤੋਂ ਬਚਾਇਆ ਜਾ ਸਕਦਾ ਹੈ। ਆਰਥਿਕ ਪੱਖੋਂ ਹੁੰਦੇ ਨੁਕਸਾਨ ਤੋਂ ਵੀ ਬਚਿਆ ਜਾ ਸਕਦਾ ਹੈ। ਡੇਂਗੂ ਜਾਂ ਜਿਸ ਨੂੰ ਆਮ ਲੋਕ ਭਾਸ਼ਾ ਵਿਚ 'ਹੱਡੀ ਤੋੜ ਬੁਖ਼ਾਰ' ਵੀ ਕਹਿੰਦੇ ਹਨ। ਇਹ ਮੱਛਰ ਸਾਡੇ ਆਲੇ ਦੁਆਲੇ ਜਮਾਂ ਹੋਏ ਸਾਫ਼ ਪਾਣੀ ਵਿਚ ਪਲਦਾ ਹੈ। ਡੇਂਗੂ ਪੀੜਤ ਨੂੰ ਕੱਟਣ ਮਗਰੋਂ ਇਹ ਮੱਛਰ ਦੂਜੇ ਤੰਦਰੁਸਤ ਵਿਅਕਤੀ ਵਿਚ ਇਨਫੈਕਸ਼ਨ ਪੈਦਾ ਕਰਦਾ ਹੈ। ਇਹ ਮੱਛਰ ਦਿਨ ਵੇਲੇ ਹੀ ਡੰਗ ਮਾਰਦਾ ਹੈ ਅਤੇ 5-6 ਦਿਨਾਂ ਵਿਚ ਜਾਂ ਵੱਧ ਤੋਂ ਵੱਧ 10 ਦਿਨਾਂ ਵਿਚ ਇਸ ਬਿਮਾਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਡੇਂਗੂ ਬੁਖ਼ਾਰ ਦੀਆਂ ਕਈ ਕਿਸਮਾਂ ਹਨ :

## ਕਲਾਸਿਕ ਡੇਂਗੂ ਫੀਵਰ

ਡੇਂਗੂ ਦਾ ਮੱਛਰ ਸਾਫ਼ ਖੜੇ ਪਾਣੀ ਵਿਚ ਆਪਣੇ ਅੰਡੇ ਦਿੰਦਾ ਹੈ ਅਤੇ ਬਰਸਾਤ ਦੇ ਮੌਸਮ ਤੋਂ ਤੁਰੰਤ ਬਾਅਦ 16 ਤੋਂ 40 ਡਿਗਰੀ ਸੈਂਟੀਗਰੇਡ ਤਾਪਮਾਨ ਦੌਰਾਨ ਬੜੀ ਤੇਜ਼ੀ ਨਾਲ ਫੈਲਦਾ ਹੈ। 'ਕਲਾਸਿਕ ਡੇਂਗੂ ਫੀਵਰ' ਅਰਥਾਤ ਡੇਂਗੂ ਸਾਧਾਰਨ ਬੁਖ਼ਾਰ ਵਿਚ ਇਕ ਦਮ ਤੇਜ਼ ਬੁਖ਼ਾਰ, ਸਿਰ ਦਰਦ, ਅੱਖਾਂ ਦੇ ਪਿੱਛੇ ਦਰਦ, ਸਰੀਰ ਟੁੱਟਣਾ, ਮਾਸਪੇਸ਼ੀਆਂ ਅਤੇ ਹੱਡਾਂ ਵਿਚ ਦਰਦ ਕਾਰਨ ਇਸ ਬਿਮਾਰੀ ਨਾਲ ਬੰਦੇ ਦਾ ਹਿੱਲਣਾ-ਜੁੱਲਣਾ ਵੀ ਮੁਸ਼ਕਲ ਹੋ ਜਾਂਦਾ ਹੈ। ਭੁੱਖ ਨਾ ਲੱਗਣਾ ਅਤੇ ਥਕਾਨ ਮਹਿਸੂਸ ਹੋਣਾ, ਮੂੰਹ ਦਾ ਸਵਾਦ ਬਦਲ ਜਾਣਾ, ਜੀਅ ਕੱਚਾ ਹੋਣਾ ਅਤੇ ਉਲਟੀਆਂ ਆਉਣੀਆਂ, ਸਰੀਰ ਵਿਚ ਪਾਣੀ ਦੀ ਘਾਟ ਭਾਵ ਡੀਹਾਈਡ੍ਰੇਸ਼ਨ, ਸਰੀਰਕ ਅੰਗਾਂ ਉਪਰ ਲਾਲ ਰੰਗ ਦੇ ਦਾਣੇ ਨਿੱਕਲ ਸਕਦੇ ਹਨ।

## ਡੇਂਗੂ ਸ਼ਾਕ ਸਿੰਡਰੋਮ

ਡੇਂਗੂ ਬੁਖ਼ਾਰ ਦੀ ਤੀਜੀ ਕਿਸਮ 'ਡੇਂਗੂ ਸ਼ਾਕ ਸਿੰਡਰੋਮ' ਵੀ ਗੰਭੀਰ ਹਾਲਤ ਹੈ। ਇਸ ਤਰ੍ਹਾਂ ਦੇ ਡੇਂਗੂ ਬੁਖ਼ਾਰ ਵਿਚ ਸ਼ਾਕ ਦੀ ਹਾਲਤ ਵਰਗੇ ਲੱਛਣ ਪ੍ਰਗਟ ਹੋ ਜਾਂਦੇ ਹਨ। ਰੋਗੀ ਵਿਚ ਬੇਹੱਦ ਬੇਚੈਨੀ, ਚਮੜੀ ਠੰਢੀ ਮਹਿਸੂਸ ਹੁੰਦੀ ਹੈ। ਨਬਜ਼ ਤੇਜ਼ ਅਤੇ ਕਮਜ਼ੋਰੀ ਮਹਿਸੂਸ ਹੁੰਦੀ ਹੈ ਅਤੇ ਬੇਹੋਸ਼ੀ ਦੀ ਹਾਲਤ ਹੋ ਸਕਦੀ ਹੈ। ਤੁਰੰਤ ਡਾਕਟਰੀ ਇਲਾਜ ਕਰਵਾਉਣਾ ਚਾਹੀਦਾ ਹੈ।

## ਰੋਕਥਾਮ

ਡੇਂਗੂ ਅਤੇ ਚਿਕਨਗੁਨੀਆ ਇਕੋ ਹੀ ਪ੍ਰਜਾਤੀ ਦੇ ਮੱਛਰ ਤੋਂ ਪੈਦਾ ਹੋਣ ਵਾਲੀਆਂ ਸਿਹਤ ਸਮੱਸਿਆਵਾਂ ਹਨ। ਮੱਛਰ ਨੂੰ ਪੈਦਾ ਹੋਣ ਤੋਂ ਰੋਕਣਾ ਅਤੇ ਮੱਛਰ ਦੇ ਕੱਟਣ ਤੋਂ ਆਪਣੇ ਆਪ ਨੂੰ ਬਚਾਉਣਾ ਹੀ ਸਭ ਤੋਂ ਵਧੀਆ ਇਲਾਜ ਅਤੇ ਪਰਹੇਜ਼ ਹੈ। ਮੱਛਰਾਂ ਦੇ ਹਮਲੇ ਤੋਂ ਬਚਣ ਲਈ ਪੂਰੀ ਬਾਂਹ ਦੇ ਕੱਪੜੇ, ਮੱਛਰਦਾਨੀ, ਮੱਛਰਾਂ ਨੂੰ ਭਜਾਉਣ ਵਾਲੀਆਂ ਕਰੀਮਾਂ ਅਤੇ ਤੇਲ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ। ਡੇਂਗੂ ਦਾ ਲਾਰਵਾ ਪੈਦਾ ਨਾ ਹੋਵੇ ਇਸ ਲਈ ਕਿਸੇ ਵੀ ਥਾਂ ਪਾਣੀ ਨਾ ਖੜੇ ਇਸ ਦਾ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ। ਟੋਏ ਟੱਬੇ ਮਿੱਟੀ ਨਾਲ ਭਰ ਕੇ ਸਫ਼ਾਈ ਰੱਖੋ। ਘਰਾਂ ਵਿਚ ਪਏ ਫਾਲਤੂ ਬਰਤਨਾਂ, ਟਾਇਰਾਂ, ਮਨੀ ਪਲਾਂਟ ਦੀਆਂ ਬੋਤਲਾਂ, ਪੰਛੀਆਂ ਦੇ ਪਾਣੀ ਪੀਣ ਵਾਲੇ ਕਟੋਰੇ, ਗਮਲਿਆਂ ਅਤੇ ਕੂਲਰਾਂ ਆਦਿ ਵਿਚ ਪਾਣੀ ਜ਼ਿਆਦਾ ਦੇਰ ਨਾ ਖੜਾ ਰਹਿਣ ਦਿੱਤਾ ਜਾਵੇ। ਇਨ੍ਹਾਂ ਦੀ ਚੰਗੀ ਤਰ੍ਹਾਂ ਸਾਫ਼ ਸਫ਼ਾਈ ਕੀਤੀ ਜਾਵੇ ਅਤੇ ਹਰ ਹਫ਼ਤੇ ਸ਼ੁੱਕਰਵਾਰ ਨੂੰ ਡਰਾਈ ਡੇਅ ਮਨਾਇਆ ਜਾਵੇ। ਦਫ਼ਤਰਾਂ, ਘਰਾਂ, ਦੁਕਾਨਾਂ, ਫਰਿੱਜ਼ਾਂ, ਏਸੀ ਜਾਂ ਕੂਲਰਾਂ ਦੀ ਸਫ਼ਾਈ ਦਾ ਪੂਰਾ ਧਿਆਨ ਰੱਖਣਾ ਚਾਹੀਦਾ ਹੈ। ਖੁੱਲ੍ਹੇ ਮੂੰਹ ਵਾਲੀਆਂ ਓਵਰਹੈੱਡ ਪਾਣੀ ਵਾਲੀਆਂ ਟੰਕੀਆਂ ਨੂੰ ਪੂਰੀ ਤਰ੍ਹਾਂ ਢਕ ਕੇ ਰੱਖਣਾ ਤੇ ਸਮੇਂ-ਸਮੇਂ ਸਿਰ ਉਸ ਦੀ ਸਫ਼ਾਈ ਕਰਦੇ ਰਹਿਣਾ ਚਾਹੀਦਾ ਹੈ। ਪੂਰੀਆਂ ਬਾਂਹ ਵਾਲੀ ਕਮੀਜ਼ ਪਾਓ ਤੇ ਸਰੀਰ ਢਕ ਕੇ ਰੱਖੋ। ਆਥਣੇ ਜਾਂ ਤੜਕੇ ਪਾਰਕਾਂ ਵਿਚ ਸੈਰ ਕਰਦੇ ਸਮੇਂ ਪੈਰ, ਬਾਜੂ ਆਦਿ ਢਕ ਕੇ ਰੱਖੋ। ਬੱਚਿਆਂ ਦੇ ਪਹਿਰਾਵੇ ਦਾ ਖ਼ਾਸ ਖਿਆਲ ਰੱਖਿਆ ਜਾਵੇ। ਘਰਾਂ ਵਿਚ ਖਿੜਕੀ ਦਰਵਾਜ਼ੇ 'ਤੇ ਜਾਲੀਆਂ ਲੱਗੀਆਂ ਹੋਣ ਤਾਂ ਉਸ ਕਮਰੇ ਵਿਚ ਆਰਾਮ ਕੀਤਾ ਜਾਵੇ। ਸੌਣ ਵੇਲੇ ਮੱਛਰਦਾਨੀ ਦੀ ਵਰਤੋਂ ਕਰੋ। ਪਾਣੀ ਉਬਾਲ ਕੇ ਪੀਓ। ਦਰਦ ਬੁਖ਼ਾਰ ਘਟਾਉਣ ਲਈ ਕੇਵਲ ਪੈਰਾਸਿਟਾਮੋਲ ਦੀ ਗੋਲੀ ਲੈਣੀ ਚਾਹੀਦੀ ਹੈ। ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਬੁਖ਼ਾਰ ਹੋਣ ਦੀ ਹਾਲਤ ਵਿਚ ਕਦੇ ਵੀ ਐੱਸਪ੍ਰੀਨ, ਡਿਸਪ੍ਰੀਨ, ਬਰੂਫਿਨ ਜਾਂ ਕੋਈ ਹੋਰ ਗੋਲੀਆਂ ਨਾ ਲਈਆਂ ਜਾਣ। ਡੇਂਗੂ ਬੁਖ਼ਾਰ ਦੀ ਹਾਲਤ ਵਿਚ ਇਹ ਗੋਲੀਆਂ ਹਾਲਤ ਨੂੰ ਗੰਭੀਰ ਕਰ ਸਕਦੀਆਂ ਹਨ। ਦਵਾਈ ਡਾਕਟਰ ਦੀ ਸਲਾਹ ਨਾਲ ਹੀ ਲਈ ਜਾਵੇ। ਬੁਖ਼ਾਰ ਹੋਣ ਦੀ ਹਾਲਤ ਵਿਚ ਤੁਰੰਤ ਹਸਪਤਾਲ ਵਿਚ ਡਾਕਟਰੀ ਸਲਾਹ ਨਾਲ ਲੋੜੀਂਦੇ ਟੈਸਟ ਆਦਿ ਕਰਵਾ ਕੇ ਇਲਾਜ ਸ਼ੁਰੂ ਕਰਵਾਉਣਾ ਚਾਹੀਦਾ ਹੈ ਅਤੇ ਜ਼ਿਆਦਾ ਆਰਾਮ ਕਰਨਾ ਚਾਹੀਦਾ ਹੈ। ਸੁਣੇ ਸੁਣਾਏ ਘਰੇਲੂ ਇਲਾਜ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

### ਡੇਂਗੂ ਹੈਮਰੇਜਿਕ

ਡੇਂਗੂ ਦੀ ਦੂਜੀ ਕਿਸਮ 'ਡੇਂਗੂ ਹੈਮਰੇਜਿਕ' ਅਰਥਾਤ ਖ਼ੂਨ ਵਗਣਾ ਵਿਚ ਬੁਖ਼ਾਰ ਕਾਰਨ ਨੱਕ, ਮੂੰਹ ਜਾਂ ਮਸੂੜਿਆਂ ਵਿਚੋਂ ਖ਼ੂਨ ਵਗਣ ਲੱਗਦਾ ਹੈ, ਚਮੜੀ ਹੇਠਾਂ ਖ਼ੂਨ ਵਗਣ ਕਾਰਨ ਨੀਲ ਪੈ ਜਾਂਦੇ ਹਨ, ਕਦੇ ਕਦੇ ਪਿਸ਼ਾਬ ਨਾਲ ਵੀ ਖ਼ੂਨ ਆਉਣ ਲੱਗ ਜਾਂਦਾ ਹੈ। ਖ਼ੂਨ ਦੀ ਉਲਟੀ ਜਾਂ ਮਲ ਦੇ ਨਾਲ ਖ਼ੂਨ ਆਉਣਾ ਇਸ ਦੇ ਖਤਰਨਾਕ ਲੱਛਣ ਹਨ। ਮਰੀਜ਼ ਵਿਚ ਪਾਣੀ ਅਤੇ ਪਲਾਜ਼ਮਾਂ ਦੀ ਘਾਟ ਹੋ ਜਾਣ ਕਾਰਨ ਲਹੂ ਵਿਚਲੇ ਪਲੇਟਲੈੱਟਸ ਸੈੱਲਜ਼ ਦੀ ਗਿਣਤੀ ਇਕ ਦਮ ਘੱਟ ਜਾਂਦੀ ਹੈ। ਜਿਸ ਕਾਰਨ ਮਰੀਜ਼ ਦੀ ਹਾਲਤ ਗੰਭੀਰ ਹੋ ਸਕਦੀ ਹੈ।

## ਰੋਗੀ ਦੀ ਖ਼ੁਰਾਕ

ਤਰਲ ਪਦਾਰਥ ਜ਼ਿਆਦਾ ਪੀਣੇ ਚਾਹੀਦੇ ਹਨ। ਆਸਾਨੀ ਨਾਲ ਪਚਣ ਵਾਲੇ ਭੋਜਨ ਪਦਾਰਥ, ਦੁੱਧ, ਫਲ, ਸਬਜੀਆਂ ਦਾ ਸੂਪ, ਨਾਰੀਅਲ ਪਾਣੀ, ਘਰ ਵਿਚ ਤਿਆਰ ਕਰਨਾ ਤਾਜ਼ੇ ਫਲਾਂ ਦਾ ਜੂਸ ਆਦਿ ਦਾ ਸੇਵਨ ਵੱਧ ਮਾਤਰਾ ਵਿਚ ਕਰਨਾ ਚਾਹੀਦਾ ਹੈ।

## ਪਲੇਟਲੈੱਟਸ ਦਾ ਪੱਧਰ ਰਹੇ ਕਾਇਮ

ਸਰੀਰ ਵਿਚ ਖ਼ੂਨ ਦੇ ਪਲੇਟਲੈੱਟਸ ਸੈੱਲਾਂ ਦੀ ਘਾਟ ਨੂੰ ਪੂਰਾ ਕਰਨ ਲਈ ਆਪਣੇ ਮਿੱਤਰਾਂ, ਸਕੇ-ਸਬੰਧੀਆਂ ਨੂੰ ਪਹਿਲਾਂ ਹੀ ਕਹਿ ਕੇ ਰੱਖਣਾ ਚਾਹੀਦਾ ਹੈ ਕਿ ਖ਼ੂਨਦਾਨ ਲਈ ਕਦੇ ਵੀ ਜ਼ਰੂਰਤ ਪੈ ਸਕਦੀ ਹੈ। ਇਸ ਲਈ ਹਰੇਕ ਤੰਦਰੁਸਤ ਵਿਅਕਤੀ ਨੂੰ ਸਵੈ-ਇੱਛਾ ਨਾਲ ਖ਼ੂਨਦਾਨ ਲਈ ਅੱਗੇ ਆਉਣਾ ਚਾਹੀਦਾ ਹੈ। ਹੋ ਸਕੇ ਤਾਂ ਆਪਣਾ ਨਾਂ ਐਮਰਜੰਸੀ ਖ਼ੂਨਦਾਨ ਲਈ ਨੇੜਲੇ ਸਰਕਾਰੀ ਹਸਪਤਾਲ ਦੇ ਬਲੱਡ ਬੈਂਕ ਕੋਲ ਜਾਂ ਖ਼ੂਨਦਾਨ ਦੇ ਖ਼ੇਤਰ ਵਿਚ ਕੰਮ ਕਰਦੀ ਕਿਸੇ ਸਵੈ-ਸੇਵੀ ਸੰਸਥਾ ਕੋਲ ਰਜਿਸਟਰ ਕਰਵਾ ਦੇਣਾ ਚਾਹੀਦਾ ਹੈ। ਅਜਿਹੇ ਤਰੀਕਿਆਂ ਨਾਲ ਡੇਂਗੂ ਦੀ ਬਿਮਾਰੀ ਦੀ ਸਮੱਸਿਆ ਤੋਂ ਕਾਫ਼ੀ ਹੱਦ ਤਕ ਬਚਿਆ ਜਾ ਸਕਦਾ ਹੈ। 98557-00157

# ਗਠੀਆ ਤੇ ਡਾਇਬਟੀਜ਼ ਨੂੰ ਦੂਰ ਕਰੇ ਨਿੰਮ



ਨਿੰਮ ਕੌੜੀ ਜ਼ਰੂਰ ਹੁੰਦੀ ਹੈ ਪਰ ਸਿਹਤ ਲਈ ਬਹੁਤ ਫ਼ਾਇਦੇਮੰਦ ਹੈ। ਐਂਟੀ-ਬੈਕਟੀਰੀਅਲ, ਐਂਟੀ-ਫੰਗਲ ਗੁਣਾਂ ਕਾਰਨ ਨਿੰਮ ਦਾ ਇਸਤੇਮਾਲ ਦਵਾਈਆਂ ਤੇ ਬਿਊਟੀ ਪ੍ਰੋਡਕਟ 'ਚ ਵੀ ਕੀਤਾ ਜਾਂਦਾ ਹੈ। ਸਰੀਰ ਨਾਲ ਜੁੜੀਆਂ ਬਹੁਤ ਸਾਰੀਆਂ ਪਰੇਸ਼ਾਨੀਆਂ ਤੋਂ ਇਸ ਦੀ ਵਰਤੋਂ ਨਾਲ ਰਾਹਤ ਪ੍ਰਾਪਤ ਕੀਤੀ ਜਾ ਸਕਦੀ ਹੈ। ਆਓ, ਜਾਣਦੇ ਹਾਂ ਇਸ ਦੇ ਫ਼ਾਇਦਿਆਂ ਬਾਰੇ

### ਡਾਇਬਟੀਜ਼ ਰਹੇ ਕਾਬੂ ਹੇਠ

*ਡਾਇਬਟੀਜ਼ ਦੇ ਰੋਗ 'ਚ ਨਿੰਮ ਬਹੁਤ ਲਾਭਕਾਰੀ ਹੈ। ਰੋਜ਼ ਖ਼ਾਲੀ ਪੇਟ ਨਿੰਮ ਦੀਆਂ 4-5 ਪੱਤੀਆਂ ਖਾਣ ਨਾਲ ਡਾਇਬਟੀਜ਼ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ।*

## ਮਜ਼ਬੂਤ ਹੁੰਦੇ ਨੇ ਮਸੂੜੇ

ਦੰਦਾਂ ਤੇ ਮਸੂੜਿਆਂ ਨਾਲ ਜੁੜੀਆਂ ਪਰੇਸ਼ਾਨੀਆਂ ਤੋਂ ਨਿੰਮ ਦੀ ਦਾਤਣ ਕਰਨ ਨਾਲ ਛੁਟਕਾਰਾ ਪਾਇਆ ਜਾ ਸਕਦਾ ਹੈ। ਅੱਜਕੱਲ੍ਹ ਨਿੰਮ ਵਾਲੇ ਬਹੁਤ ਸਾਰੇ ਟੁੱਥ-ਪੇਸਟ ਵੀ ਬਾਜ਼ਾਰ ਵਿਚ ਆ ਰਹੇ ਹਨ। ਅਜਿਹੀਆਂ ਸਮੱਸਿਆਵਾਂ ਤੋਂ ਬਚਾਅ ਲਈ ਇਨ੍ਹਾਂ ਦੀ ਵੀ ਵਰਤੋਂ ਕੀਤੀ ਜਾ ਸਕਦੀ ਹੈ। ਨਿੰਮ ਨਾਲ ਮੂੰਹ 'ਚ ਬਣ ਰਹੇ ਬੈਕਟੀਰਿਆ ਖ਼ਤਮ ਹੋ ਜਾਂਦੇ ਹਨ। ਇਸ ਨਾਲ ਦੰਦ ਮਜ਼ਬੂਤ ਤੇ ਸਫ਼ੈਦ ਹੁੰਦੇ ਹਨ।

## ਗਠੀਆ ਦੇ ਦਰਦ ਤੋਂ ਰਾਹਤ

ਗਠੀਆ ਜਾਂ ਗਾਊਟ ਰੋਗ ਹੋਣ 'ਤੇ ਜੋੜਾਂ ਦੀ ਸੋਜ਼ਿਸ਼ ਅਤੇ ਦਰਦ ਹੋਣੀ ਸ਼ੁਰੂ ਹੋ ਜਾਂਦੀ ਹੈ। ਨਿੰਮ ਦੇ ਤੇਲ ਦੀ ਰੋਜ਼ਾਨਾ ਮਾਲਿਸ਼ ਕਰਨ ਨਾਲ ਮਾਸਪੇਸ਼ੀਆਂ ਨੂੰ ਕਾਫ਼ੀ ਰਾਹਤ ਮਿਲਦੀ ਹੈ। •

# ਗੁਰਦਿਆਂ ਦੀ ਪੱਥਰੀ ਦੀ ਰੋਕਥਾਮ



ਪੇਟ ਦੇ ਹੇਠਲੇ ਹਿੱਸੇ 'ਚ ਜਾਂ ਪਿਸ਼ਾਬ ਕਰਦੇ ਸਮੇਂ ਤੇਜ਼ ਦਰਦ ਮਹਿਸੂਸ ਹੋਣੀ ਪੱਥਰੀ ਦੀ ਨਿਸ਼ਾਨੀ ਹੋ ਸਕਦੀ ਹੈ। ਇਹ ਇਕ ਇਸ ਤਰ੍ਹਾਂ ਦੀ ਸਮੱਸਿਆ ਹੈ ਜੋ ਕਿਸੇ ਵੀ ਇਨਸਾਨ ਨੂੰ ਹੋ ਸਕਦੀ ਹੈ। ਗੁਰਦਿਆਂ ਦੀ ਪੱਥਰੀ 'ਚ ਜੋ ਦਰਦ ਹੁੰਦੀ ਹੈ ਉਹ ਸਹਿਣ ਨਹੀਂ ਹੁੰਦੀ। ਇਸ ਬਿਮਾਰੀ ਨੂੰ ਜਾਨਣਾ ਤੇ ਇਸ ਤੋਂ ਦੂਰ ਰਹਿਣਾ ਬਹੁਤ ਜ਼ਰੂਰੀ ਹੈ।

ਇਹ ਸਮੱਸਿਆ ਉਸ ਸਮੇਂ ਆਉਂਦੀ ਹੈ ਜਦੋਂ ਗੁਰਦਿਆਂ ਦੇ ਅੰਦਰ ਕੈਲਸ਼ੀਅਮ ਫਾਸਫੇਟ ਤੱਤ ਛੋਟੀਆਂ-ਛੋਟੀਆਂ ਪੱਥਰੀਆਂ ਦੇ ਰੂਪ ਵਿਚ ਜਮ੍ਹਾਂ ਹੋ ਜਾਂਦਾ ਹੈ। ਪੱਥਰੀ ਦੀ ਸਮੱਸਿਆ ਜਾ ਘੱਟ ਜਾਂ ਵਡੇਰੀ ਉਮਰ ਦੇ ਲੋਕਾਂ ਨਾਲ ਕੋਈ ਸਬੰਧ ਨਹੀਂ ਹੈ। ਇਹ ਕਿਸੇ ਵੀ ਉਮਰ ਦੇ ਵਿਅਕਤੀ ਨੂੰ ਹੋ ਸਕਦੀ ਹੈ। ਪਿਸ਼ਾਬ 'ਚ ਪਾਏ ਜਾਣ ਵਾਲੇ ਰਸਾਇਣਕ ਤੱਤਾਂ ਨਾਲ ਕ੍ਰਿਆਵਾਂ ਕਰ ਕੇ ਇਹ ਪੱਥਰੀ ਬਣਦੀ ਹੈ ਅਤੇ ਗੁਰਦੇ ਵਿਚ ਆਪਣਾ ਘਰ ਬਣਾ ਲੈਂਦੀ ਹੈ। ਇਨ੍ਹਾਂ ਤੱਤਾਂ 'ਚ ਐਸਿਡ, ਫਾਸਫੋਰਸ, ਕੈਲਸ਼ੀਅਮ ਆਦਿ ਤੱਤ ਸ਼ਾਮਲ ਹੁੰਦੇ ਹਨ ਲਗਪਗ 90 ਫ਼ੀਸਦੀ ਪੱਥਰੀ ਜ਼ਿਆਦਾ ਕੈਲਸ਼ੀਅਮ ਕਾਰਨ ਹੁੰਦੀ ਹੈ। ਪੱਥਰੀ ਜਦੋਂ ਆਪਣੀ ਜਗ੍ਹਾ ਤੋਂ ਪਿਸ਼ਾਬ ਜ਼ਰੀਏ ਖਾਰਜ ਹੋਣ ਲਈ ਹੇਠਾਂ ਵੱਲ ਨੂੰ ਖਿਸਕਦੀ ਹੈ ਤਾਂ ਇਸ ਦੀ ਰਵੇਦਾਰ ਜਾਂ ਕ੍ਰਿਸਟੇਲਾਈਨ ਬਣਤਰ ਕਾਰਨ ਇਹ ਗੁਰਦੇ ਦੇ ਅੰਦਰ ਜਾਂ ਪਿਸ਼ਾਬ ਵਾਲੀ ਨਾਲੀ (ਯੂਰੇਥਰਾ) ਵਿਚ ਜ਼ਖ਼ਮ ਕਰ ਦਿੰਦੀ ਹੈ, ਜਿਸ ਕਾਰਨ ਤੇਜ਼ ਦਰਦ ਹੁੰਦੀ ਹੈ।

## ਲੱਛਣ

ਗੁਰਦਿਆਂ ਦੀ ਪੱਥਰੀ ਕਾਰਨ ਜ਼ਿਆਦਾਤਰ ਮਰੀਜ਼ਾਂ ਨੂੰ ਪਿੱਠ ਤੋਂ ਪੇਟ ਵੱਲ ਭਿਆਨਕ ਦਰਦ ਹੁੰਦੀ ਹੈ। ਦਰਦ ਕਾਰਨ ਦਿਲ ਘਬਰਾਉਣਾ ਤੇ ਉਲਟੀ ਆਉਣਾ ਆਮ ਗੱਲ ਹੈ। ਇਹ ਦਰਦ ਕੁਝ ਮਿੰਟ ਜਾਂ ਘੰਟਿਆਂ ਬੱਧੀ ਜਾਰੀ ਰਹਿ ਸਕਦੀ ਹੈ ਪਰ ਵਿਚ-ਵਿਚ ਆਰਾਮ ਵੀ ਮਿਲਦਾ ਹੈ। ਗੁਰਦੇ ਦੀ ਦਰਦ ਕਾਰਨ ਕਈ ਵਾਰ ਬੁਖ਼ਾਰ, ਪਸੀਨਾ ਆਉਣਾ, ਪਿਸ਼ਾਬ ਕਰਦੇ ਸਮੇਂ ਦਰਦ ਹੋਣਾ, ਵਾਰ-ਵਾਰ ਤੇ ਇਕਦਮ ਪਿਸ਼ਾਬ ਆਉਣਾ, ਪਿਸ਼ਾਬ ਦਾ ਰੁਕ-ਰੁਕ ਕੇ ਆਉਣਾ, ਪਿਸ਼ਾਬ ਦਾ ਰੰਗ ਬਦਲਣ ਵਰਗੀਆਂ ਅਲਾਮਤਾਂ ਪੈਦਾ ਹੋ ਸਕਦੀਆਂ ਹਨ।

## ਉਪਾਅ

ਗੁਰਦਿਆਂ ਦੀ ਪੱਥਰੀ ਹੋਣ 'ਤੇ ਖਾਣ-ਪੀਣ ਦਾ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ। ਪੱਥਰੀ ਦੇ ਮਰੀਜ਼ ਨੂੰ ਦਿਨ 'ਚ ਘੱਟ ਤੋਂ ਘੱਟ 5-6 ਲਿਟਰ ਪਾਣੀ ਪੀਣਾ ਚਾਹੀਦਾ ਹੈ ਤਾਂ ਕਿ 2 ਤੋਂ 2.5 ਲਿਟਰ ਪਿਸ਼ਾਬ ਬਣੇ। ਜ਼ਿਆਦਾ ਪਿਸ਼ਾਬ ਬਣਨ ਨਾਲ ਛੋਟੀਆਂ-ਛੋਟੀਆਂ ਪੱਥਰੀਆਂ ਪਿਸ਼ਾਬ ਜ਼ਰੀਏ ਬਾਹਰ ਨਿਕਲ ਜਾਂਦੀਆਂ ਹਨ। ਖਾਣੇ 'ਚ ਪ੍ਰੋਟੀਨ, ਨਾਈਟ੍ਰੋਜਨ ਤੇ ਸੋਡੀਅਮ ਦੀ ਮਾਤਰਾ ਘੱਟ ਹੋਵੇ। •

### ਕਾਰਨ

*ਪਿਸ਼ਾਬ 'ਚ ਜ਼ਿਆਦਾ ਖਣਿਜ ਪਦਾਰਥਾਂ ਦੇ ਇੱਕਠੇ ਹੋਣਾ ਵੀ ਪੱਥਰੀ ਦੇ ਬਣਨ ਦਾ ਮੁੱਖ ਕਾਰਨ ਹੈ। ਇਹ ਖਣਿਜ ਪਦਾਰਥ ਕ੍ਰਿਸਟਲਜ਼ ਦੇ ਰੂਪ 'ਚ ਗੁਰਦੇ ਦੇ ਅੰਦਰ ਲਗਾਤਾਰ ਜਮ੍ਹਾਂ ਹੁੰਦੇ ਰਹਿੰਦੇ ਹਨ ਅਤੇ ਇਹ ਕ੍ਰਿਸਟਲ ਜਾਂ ਰਵੇਂ ਬਾਅਦ ਵਿਚ ਪੱਥਰੀ ਦਾ ਰੂਪ ਲੈ ਲੈਂਦੇ ਹਨ। ਕੈਲਸ਼ੀਅਮ ਅਤੇ ਹੋਰਨਾਂ ਖਣਿਤ ਪਦਾਰਥਾਂ ਦੇ ਲਗਾਤਾਰ ਇਕ ਤੋਂ ਉੱਪਰ ਇਕ ਜਮ੍ਹਾਂ ਹੋਈ ਜਾਣ ਕਾਰਨ ਹੌਲੀ-ਹੌਲੀ ਇਨ੍ਹਾਂ ਪੱਥਰੀਆਂ ਦਾ ਆਕਾਰ ਵਧਦਾ ਜਾਂਦਾ ਹੈ। ਇਹ ਖਣਿਜ ਪਾਣੀ ਦੇ ਜ਼ਰੀਏ ਵੀ ਸਾਡੇ ਸਰੀਰ ਅੰਦਰ ਦਾਖ਼ਲ ਹੋ ਸਕਦੇ ਹਨ। ਇਸ ਤੋਂ ਲਿਾਵਾ ਕੁਝ ਸਬਜ਼ੀਆਂ ਜਿਵੇਂ-ਪਾਲਕ, ਅਰਬੀ ਦੇ ਪੱਤੇ, ਟਮਾਟਰਾ ਆਦਿ 'ਚ ਵੀ ਕਾਫੀ ਖਣਿਜ ਹੁੰਦੇ ਹਨ। ਪੱਥਰੀ ਤੋਂ ਪੀੜਤ ਰੋਗੀਆਂ ਨੂੰ ਇਨ੍ਹਾਂ ਚੀਜ਼ਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਇਸ ਤੋਂ ਇਲਾਵਾ ਪਾਣੀ ਘੱਟ ਮਾਤਰਾ 'ਚ ਪੀਣ ਨਾਲ ਵੀ ਪੱਥਰੀ ਦੀ ਸਮੱਸਿਆ ਦਾ ਖ਼ਤਰਾ ਵਧ ਜਾਂ ਹੈ। ਕੈਫੀਨ ਅਤੇ ਸ਼ਰਾਬ ਦੀ ਜ਼ਿਆਦਾ ਵਰਤੋਂ ਵੀ ਪੱਧਰੀ ਹੋਣ ਦੀਆਂ ਸੰਭਾਵਨਾਵਾਂ ਨੂੰ ਵਧਾ ਦਿੰਦੀ ਹੈ।*



# ਅੰਗਰੇਜ਼ੀ ਚਾਹ ਦੀ ਥਾਂ ਪੀਓ ਦੇਸੀ ਚਾਹ

*ਦੇਸੀ ਚਾਹ, ਦਿਲ, ਦਿਮਾਗ਼ ਤੇ ਮਿਹਦੇ ਨੂੰ ਤਾਕਤ ਦਿੰਦੀ ਹੈ। ਮਾਨਸਿਕ ਤਣਾਅ ਤੋਂ ਬਚਾਉਂਦੀ ਹੈ...*

**ਨਿਰਮਲ ਸਿੰਘ ਕਾਹਲੋਂ**



ਜੇ ਨਸ਼ੇ ਕਰਨੇ ਛੱਡ ਦਿੱਤੇ ਹਨ ਅਤੇ ਚਾਹ ਪੀਣੀ ਵੀ ਛੱਡ ਦਿੱਤੀ ਹੈ ਤਾਂ ਆਪ ਹੀ ਦੇਸੀ ਚਾਹ ਬਣਾ ਕੇ ਵਰਤ ਸਕਦੇ ਹੋ। ਇਸ ਨੂੰ ਚਾਹ ਤਾਂ ਕਹਿ ਦਿੰਦੇ ਹਨ ਪਰ ਇਹ ਚਾਹ ਨਹੀਂ ਹੈ, ਇਹ ਸਿਰਫ਼ ਕਾਲੀ ਜਾਂ ਅੰਗਰੇਜ਼ੀ ਚਾਹ (ਟੀ) ਦਾ ਬਦਲ ਹੈ। ਚਾਹ ਪੱਤੀ ਦੀ ਥਾਂ ਦੇਸੀ ਚਾਹ ਵਿਚ ਕਈ ਬੇਸ਼ਕੀਮਤੀ ਗੁਣਾਂ ਵਾਲੀਆਂ ਜੜ੍ਹੀਆਂ ਬੂਟੀਆਂ ਹੋਣ ਕਾਰਨ ਇਹ ਸਰੀਰ ਨੂੰ ਕਈ ਰੋਗਾਂ ਤੋਂ ਬਚਾਉਂਦੀ ਹੈ।

## ਕਾਲੀ ਚਾਹ ਦਾ ਬਦਲ

ਸਿੰਘਾਂ ਦੀ ਭਾਸ਼ਾ ਵਿਚ ਇਸ ਨੂੰ 'ਗਰਮ ਜਲ' ਕਹਿੰਦੇ ਹਨ। ਸਾਰੀ ਸਮੱਗਰੀ ਨੂੰ ਧੁੱਪ ਲਵਾ ਕੇ ਦਰੜ ਕਰ ਕੇ ਤੇ ਮਿਲਾ ਕੇ ਡੱਬੇ ਵਿਚ ਪਾ ਲਵੋ। ਦੇਸੀ ਚਾਹ ਪੱਤੀ ਤਿਆਰ ਹੈ। ਲੋੜ ਅਨੁਸਾਰ ਕੋਈ ਵਸਤੂ ਘੱਟ-ਵੱਧ ਵੀ ਕਰ ਸਕਦੇ ਹੋ। ਇਸ ਵਿੱਚੋਂ ਇਕ ਚਮਚ ਇਕ ਗਲਾਸ ਪਾਣੀ ਵਿਚ ਉਬਾਲ ਕੇ ਪੁਣ ਲਵੋ ਤੇ ਮਿੱਠਾ, ਦੁੱਧ ਪਾ ਕੇ ਜਾਂ ਥੋੜ੍ਹਾ ਨਿੰਬੂ ਨਿਚੋੜ ਕੇ ਪੀ ਸਕਦੇ ਹੋ। ਚਾਹ ਵਿਚ ਦੁੱਧ ਪਾਉਣ ਦਾ ਕੋਈ ਫ਼ਾਇਦਾ ਨਹੀਂ। ਦੁੱਧ ਤਾਂ ਚਾਹ ਦਾ ਸਵਾਦ ਵੀ ਨਹੀਂ ਬਦਲ ਸਕਦਾ, ਸਿਰਫ਼ ਰੰਗ ਹੀ ਬਦਲਦਾ ਹੈ। ਨਿੰਬੂ ਨਿਚੋੜਨ ਨਾਲ ਚਾਹ ਦਾ ਸਵਾਦ ਵੀ ਬਦਲ ਜਾਂਦਾ ਹੈ ਤੇ ਗੁਣਵੱਤਾ 'ਚ ਵੀ ਵਾਧਾ ਹੁੰਦਾ ਹੈ। ਲਗਾਤਾਰ ਨਿੰਬੂ ਦਾ ਰਸ ਦੇਸੀ ਚਾਹ ਵਿਚ ਪਾ ਕੇ ਪੀਣ ਨਾਲ ਮੋਟਾਪੇ ਕਾਰਨ, ਨਸ਼ੇ ਜਾਂ ਚਾਹ (ਟੀ) ਪੀਣ ਕਾਰਨ ਖ਼ੂਨ ਦੀਆਂ ਸਖ਼ਤ ਹੋਈਆਂ ਨਾੜਾਂ ਸਮਾਂ ਪਾ ਕੇ ਲਚਕਦਾਰ ਹੋ ਜਾਂਦੀਆਂ ਹਨ। ਖ਼ੂਨ ਦਾ ਸੰਚਾਰ ਠੀਕ ਹੁੰਦਾ ਹੈ ਅਤੇ ਦਿਲ ਦੇ ਭਿਆਨਕ ਰੋਗਾਂ ਦਾ ਖ਼ਤਰਾ ਵੀ ਟਲਦਾ ਹੈ। ਸਾਹ ਦੇ ਰੋਗਾਂ ਤੋਂ ਪੀੜਤ ਵਿਅਕਤੀ ਦੇਸੀ ਚਾਹ ਵਿਚ ਨਿੰਬੂ ਦਾ ਰਸ ਨਾ ਪਾਉਣ।

## ਜੜ੍ਹੀ ਬੂਟੀਆਂ ਗੁਣਕਾਰੀ

*ਮੁਲੱਠੀ*

ਸਾਹ ਦੇ ਰੋਗੀਆਂ ਲਈ ਇਹ ਇਕ ਗੁਣਕਾਰੀ ਜੜ੍ਹੀ-ਬੂਟੀ ਹੈ ਅਤੇ ਅਰੋਗ ਵਿਅਕਤੀ ਨੂੰ ਸਾਹ ਪ੍ਰਣਾਲੀ ਸਬੰਧੀ ਰੋਗਾਂ ਤੋਂ ਬਚਾਉਂਦੀ ਹੈ।

*ਦਾਲਚੀਨੀ*

ਦਾਲਚੀਨੀ ਦਿਲ ਦੇ ਰੋਗੀਆਂ ਲਈ ਬੇਹੱਦ ਲਾਭਦਾਇਕ ਹੈ। ਦਿਲ ਦੇ ਰੋਗੀ ਹਰ ਰੋਜ਼ ਦਾਲਚੀਨੀ ਦੇ ਪਾਊਡਰ ਦਾ ਇਕ ਛੋਟਾ ਚਮਚ ਦੇਸੀ ਚਾਹ ਨਾਲ ਖਾ ਸਕਦੇ ਹਨ।

*ਸੌਂਫ*

ਇਹ ਨੀਂਦ ਵਧਾਉਂਦੀ ਹੈ ਅਤੇ ਮਾਨਸਿਕ ਤਣਾਅ ਨੂੰ ਘੱਟ ਕਰਦੀ ਹੈ। ਰੋਜ਼ਾਨਾ ਦਿਨ ਵਿਚ 2 ਤੋਂ 3 ਵਾਰ ਸੌਂਫ ਵਾਲੀ ਚਾਹ ਬਣਾ ਕੇ ਪੀਣ ਨਾਲ 3 ਮਹੀਨਿਆਂ ਬਾਅਦ ਖੁੱਲ੍ਹ ਕੇ ਨੀਂਦ ਆਉਣ ਲੱਗਦੀ ਹੈ ਅਤੇ ਮਾਨਸਿਕ ਤਣਾਅ ਵੀ ਘੱਟੇਗਾ। ਸਾਰੀ ਉਮਰ ਸੌਂਫ ਵਾਲੀ ਚਾਹ ਪੀ ਸਕਦੇ ਹੋ, ਇਸ ਦਾ ਕੋਈ ਨੁਕਸਾਨ ਨਹੀਂ ਹੁੰਦਾ।

### ਤੁਲਸੀ

ਇਸ ਦੀ ਲਗਾਤਾਰ ਵਰਤੋਂ ਹਰ ਕਿਸਮ ਦੇ ਬੁਖ਼ਾਰ ਤੋਂ ਬਚਾਉਂਦੀ ਹੈ। ਹਰ ਰੋਜ਼ ਤੁਲਸੀ ਦੇ 10-12 ਹਰੇ ਪੱਤੇ ਖਾਣ ਨਾਲ ਕਿਸੇ ਕਿਸਮ ਦਾ ਬੁਖ਼ਾਰ ਨਹੀਂ ਹੁੰਦਾ।

*ਬ੍ਰਹਮੀ ਬੂਟੀ*

ਇਹ ਆਮ ਤੌਰ 'ਤੇ ਖੂਹਾਂ ਜਾਂ ਪਾਣੀ ਦੀ ਬਹੁਤਾਤ ਵਾਲੀਆਂ ਥਾਵਾਂ 'ਤੇ ਪੈਦਾ ਹੋਣ ਵਾਲੀ ਬੂਟੀ ਹੈ। ਇਹ ਯਾਦਦਾਸ਼ਤ ਨੂੰ ਵਧਾਉਂਦੀ ਹੈ। ਬ੍ਰਹਮੀ ਬੂਟੀ ਨੂੰ ਰਾਤ ਸਮੇਂ ਭਿਉਂ ਕੇ ਸਵੇਰ ਨੂੰ ਨਿਚੋੜ ਲਵੋ। ਇਸ ਦੇ ਪਾਣੀ ਨੂੰ ਮਗਜ਼, ਬਦਾਮ, ਛੋਟੀ ਇਲਾਇਚੀ ਤੇ ਮੱਖਣ ਨਾਲ ਮਿਲਾ ਕੇ ਵਰਤੋ, ਦਿਮਾਗ਼ੀ ਸ਼ਕਤੀ ਵਿਚ ਵਾਧਾ ਹੋਵੇਗਾ।

*ਤੇਜ਼ ਪੱਤਰ*

ਸ਼ੂਗਰ ਦੇ ਰੋਗੀਆਂ ਲਈ ਗੁਣਕਾਰੀ ਹਨ ਅਤੇ ਸਾਹ ਸਬੰਧੀ ਤਕਲੀਫ਼ਾਂ ਤੋਂ ਬਚਾਉਂਦੇ ਹਨ।

*ਦੇਸੀ ਚਾਹ ਦੇ ਫ਼ਾਇਦੇ*

ਦੇਸੀ ਚਾਹ ਵਿਚ ਕਿਸੇ ਕਿਸਮ ਦਾ ਜ਼ਹਿਰੀਲਾ ਤੱਤ ਜਾਂ ਨਸ਼ੇ ਵਾਲੀ ਸਮਗਰੀ ਨਹੀਂ ਹੈ। ਇਸ ਦਾ ਸਰੀਰ ਉੱਤੇ ਕੋਈ ਵੀ ਮਾੜਾ ਅਸਰ ਨਹੀਂ ਪੈਂਦਾ। ਇਹ ਸਸਤੀ ਵੀ ਹੈ ਤੇ ਇਸ 'ਚ ਮਿਲਾਵਟ ਵੀ ਕੋਈ ਨਹੀਂ ਹੈ। ਇਹ ਸਿਹਤ ਲਈ ਲਾਭਦਾਇਕ ਹੈ ਤੇ ਕਈ ਲਾਇਲਾਜ਼ ਰੋਗਾਂ ਤੋਂ ਬਚਾਉਂਦੀ ਹੈ। ਬੜੀ ਮਹਿੰਗੀ ਅਤੇ ਸਰੀਰ ਲਈ ਹਾਨੀਕਾਰਕ ਅੰਗਰੇਜ਼ੀ ਚਾਹ (ਟੀ) ਪੀਣੀ ਛੱਡ ਕੇ ਕਿਉਂ ਨਾ ਸਸਤੀ ਤੇ ਸਰੀਰ ਲਈ ਲਾਭਦਾਇਕ ਦੇਸੀ ਚਾਹ ਪੀਤੀ ਜਾਵੇ? ਦੇਸੀ ਚਾਹ ਦਿਲ, ਦਿਮਾਗ਼ ਤੇ ਮਿਹਦੇ ਨੂੰ ਤਾਕਤ ਦਿੰਦੀ ਹੈ। ਮਾਨਸਿਕ ਤਣਾਅ ਤੋਂ ਬਚਾਉਂਦੀ ਹੈ। ਦੇਸੀ ਚਾਹ ਰੋਗੀਆਂ ਦੇ ਰੋਗ ਕੱਟਦੀ ਹੈ ਤੇ ਅਰੋਗ ਪੀਵੇਗਾ ਤਾਂ ਰੋਗਾਂ ਤੋਂ ਬਚੇਗਾ। ਬੱਚਾ, ਬਜ਼ੁਰਗ, ਇਸਤਰੀ, ਪੁਰਸ਼ ਹਰ ਉਮਰ ਦਾ ਵਿਅਕਤੀ ਦੇਸੀ ਚਾਹ ਪੀ ਸਕਦਾ ਹੈ।

ਅੱਜਕੱਲ੍ਹ ਆਮ ਆਦਮੀ ਦੇ ਨਾਸ਼ਤੇ ਵਿਚ ਇਕ ਕੱਪ ਚਾਹ ਤੇ ਦੋ ਬਿਸਕੁਟ ਹੁੰਦੇ ਹਨ। ਫਿਰ ਸਾਰਾ ਦਿਨ ਚਾਹ, ਚਾਹ ਅਤੇ ਚਾਹ। ਸਾਡਾ ਖਾਣਾ-ਪੀਣਾ ਹੀ ਬਦਲ ਗਿਆ ਹੈ ਤੇ ਇਹੀ ਰੋਗਾਂ ਦਾ ਵੱਡਾ ਕਾਰਨ ਹੈ। ਅੰਗਰੇਜ਼ੀ ਚਾਹ ਦੀ ਥਾਂ ਪੁਰਾਤਨ ਸਮਿਆਂ ਤੋਂ ਚੱਲੀ ਆ ਰਹੀ ਦੇਸੀ ਚਾਹ ਨੂੰ ਅਪਣਾ ਕੇ ਅਸੀਂ ਇਸ 'ਚ ਮੌਜੂਦ ਗੁਣਕਾਰੀ ਬੂਟੀਆਂ ਦੇ ਫ਼ਾਇਦੇ ਲੈ ਸਕਦੇ ਹਾਂ ਤੇ ਅਰੋਗ ਜੀਵਨ ਵੱਲ ਕਦਮ ਵਧਾ ਸਕਦੇ ਹਾਂ। 88729-46618

# ਇਨ੍ਹਾਂ ਕਾਰਨਾਂ ਕਰਕੇ ਹੁੰਦੀ ਹੈ ਖ਼ਾਰਿਸ਼

ਜਿਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਕਈ ਲੋਕਾਂ ਦੇ ਸਰੀਰ 'ਤੇ ਬਹੁਤ ਜ਼ਿਆਦਾ ਖ਼ਾਰਿਸ਼ ਆਉਣੀ ਸ਼ੁਰੂ ਹੋ ਜਾਂਦੀ ਹੈ। ਜਿਸ ਕਰਕੇ ਹੋਰ ਕਈ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਖ਼ਾਰਿਸ਼ ਚਮੜੀ ਨਾਲ ਜੁੜੀ ਇਕ ਬਿਮਾਰੀ ਹੈ। ਇਹ ਇਕ ਤਰ੍ਹਾਂ ਦਾ ਫੰਗਲ ਇਨਫੈਕਸ਼ਨ ਹੁੰਦਾ ਹੈ, ਜੋ ਸਰੀਰ ਦੇ ਕਿਸੀ ਵੀ ਹਿੱਸੇ 'ਤੇ ਹੋ ਸਕਦਾ ਹੈ। ਖ਼ਾਰਿਸ਼ ਦੇ ਨਾਲ-ਨਾਲ ਜਲਣ ਵੀ ਹੋਣੀ ਸ਼ੁਰੂ ਹੋ ਜਾਂਦੀ ਹੈ। ਹੈ।

## ਚਮੜੀ 'ਤੇ ਜਲਣ ਹੋਣੀ

ਜੇ ਤੁਹਾਡੇ ਸਰੀਰ ਦੇ ਕਿਸੇ ਵੀ ਹਿੱਸੇ 'ਤੇ ਜਲਨ ਹੋ ਰਹੀ ਹੈ ਤਾਂ ਇਹ ਦੱਦ ਜਾਂ ਦੱਦਰੀ ਜਾਂ ਐਗਜ਼ੀਮਾ ਹੋ ਸਕਦਾ ਹੈ ਤੇ ਸਿਰੋਸਿਸ ਕਾਰਨ ਸਰੀਰ 'ਤੇ ਲਾਲ ਦਾਣੇ ਨਿਕਲਣੇ ਸ਼ੁਰੂ ਹੋ ਜਾਂਦੇ ਹਨ ਤੇ ਹੌਲੀ-ਹੌਲੀ ਵਧਣੇ ਸ਼ੁਰੂ ਹੋ ਜਾਂਦੇ ਹਨ।

## ਜਾਨਵਰਾਂ ਤੋਂ ਐਲਰਜੀ ਜਾਂ ਧੂੜ-ਮਿੱਟੀ ਤੋਂ ਐਲਰਜੀ

ਧੂੜ ਅਤੇ ਮਿੱਟੀ ਦੇ ਕਣ ਜਾਂ ਕਿਸੇ ਵੀ ਜਾਨਵਰ ਦੇ ਕਿਟਾਣੂ ਸਾਡੇ ਸਾਹ ਰਾਹੀਂ ਫ਼ੇਫੜਿਆਂ ਵਿਚ ਜਾਂ ਕੇ ਸਾਡੇ ਖ਼ੂਨ 'ਚ ਮੌਜੂਦ ਐਂਟੀਬਾਡੀਜ਼ ਨਾਲ ਰਿਐਕਸ਼ਨ ਪੈਦਾ ਕਰ ਦਿੰਦੇ ਹਨ। ਜਿਸ ਕਾਰਨ ਸਰੀਰ ਉੱਪਰ ਤੇਜ਼ ਖ਼ਾਰਿਸ਼ ਪੈਦਾ ਹੋ ਜਾਂਦੀ ਹੈ। ਖ਼ਾਰਿਸ਼ ਕਰਨ ਦੌਰਾਨ ਚਮੜੀ ਉੱਪਰ ਵੱਡੇ ਧੱਫ਼ੜ ਪੈਦਾ ਹੋ ਸਕਦੇ ਹਨ।

ਨਹੁੰਆਂ ਨਾਲ ਖ਼ਾਰਿਸ਼ ਕਰਦਿਆਂ ਜ਼ਖ਼ਮ ਜਾਂ ਇਨਫੈਕਸ਼ਨ ਹੋਣ ਦੀਆਂ ਸੰਭਾਵਨਾਵਾਂ ਵੀ ਵੱਧ ਜਾਂਦੀਆਂ ਹਨ।



### ਖ਼ਾਰਿਸ਼ ਹੋਣਾ

ਘਰਾਂ ਵਿਚ ਪਾਲੇ ਜਾਣ ਵਾਲੇ ਪਾਲਤੂ ਜਾਨਵਰ ਬਿੱਲੀ, ਕੁੱਤਾ, ਖ਼ਰਗੋਸ਼ ਦੀ ਇਨਫੈਕਟਿਡ ਸਕਿਨ ਦੇ ਸੰਪਰਕ 'ਚ ਆਉਣ ਨਾਲ ਖ਼ਾਰਿਸ਼, ਐਲਰਜੀ ਜਾਂ ਐਗਜ਼ੀਮਾ ਹੋਣ ਦਾ ਖ਼ਤਰਾ ਰਹਿੰਦਾ ਹੈ।

• **ਫੀਚਰ ਡੈਸਕ**

# ਪਾਕਿਸਤਾਨ ਦੇ ਕੋਇਟਾ ਵਿੱਚ ਸੁਰੱਖਿਆ ਬਲਾਂ ਨੂੰ ਨਿਸ਼ਾਨਾ ਬਣਾ ਕੇ ਧਮਾਕਾ, 10 ਮੌਤਾਂ



**ਬਲੋਚਿਸਤਾਨ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾਨ ਦੀ ਰਿਪੋਰਟ ਅਨੁਸਾਰ ਮੰਗਲਵਾਰ ਨੂੰ ਪਾਕਿਸਤਾਨ ਦੇ ਗੜਬੜਜ਼ਦਾ ਬਲੋਚਿਸਤਾਨ ਸੂਬੇ ਵਿੱਚ ਇੱਕ ਸ਼ਕਤੀਸ਼ਾਲੀ ਧਮਾਕੇ ਵਿੱਚ ਘੱਟੋ-ਘੱਟ 10 ਲੋਕ ਮਾਰੇ ਗਏ ਅਤੇ ਕਈ ਹੋਰ ਜ਼ਖਮੀ ਹੋ ਗਏ ਹਨ।

ਬੰਬ ਧਮਾਕਾ ਕੋਇਟਾ ਦੇ ਫਰੰਟੀਅਰ ਕਾਂਸਟੇਬਲਰੀ (63) ਹੈੱਡਕੁਆਰਟਰ ਦੇ ਨੇੜੇ ਇੱਕ ਵਿਅਸਤ ਸੜਕ 'ਤੇ ਹੋਇਆ। ਸੋਸ਼ਲ ਮੀਡੀਆ 'ਤੇ ਸੀਸੀਟੀਵੀ ਵੀਡੀਓਜ਼ ਸਾਹਮਣੇ ਆਏ ਹਨ ਜੋ ਉਸ ਪਲ ਨੂੰ ਦਿਖਾ ਰਹੇ ਹਨ ਜਦੋਂ ਸ਼ਕਤੀਸ਼ਾਲੀ ਧਮਾਕਾ ਸੜਕ 'ਤੇ ਹੋਇਆ।

ਪੁਲੀਸ ਦੇ ਹਵਾਲੇ ਨਾਲ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਧਮਾਕੇ ਵਿੱਚ 10 ਲੋਕ ਮਾਰੇ ਗਏ ਜਦੋਂ ਕਿ ਘੱਟੋ-ਘੱਟ 19 ਹੋਰ ਜ਼ਖਮੀ ਹੋਏ। ਡਾਨ ਅਖ਼ਬਾਰ ਨੇ ਸਿਹਤ ਸਕੱਤਰ ਮੁਜੀਬੁਰ ਰਹਿਮਾਨ ਦੇ ਹਵਾਲੇ ਨਾਲ ਦੱਸਿਆ ਕਿ ਬਲੋਚਿਸਤਾਨ ਸਿਹਤ ਵਿਭਾਗ ਨੇ ਸ਼ਹਿਰ ਭਰ ਦੇ ਹਸਪਤਾਲਾਂ ਵਿੱਚ ਐਮਰਜੈਂਸੀ ਲਾਗੂ ਕਰ ਦਿੱਤੀ ਹੈ।

ਰਹਿਮਾਨ ਨੇ ਕਿਹਾ, ਸਾਰੇ ਸਲਾਹਕਾਰਾਂ, ਡਾਕਟਰਾਂ, ਫਾਰਮਾਸਿਸਟਾਂ, ਸਟਾਫ਼ ਨਰਸਾਂ ਅਤੇ ਪੈਰਾਮੈਡੀਕਲ ਸਟਾਫ਼ ਨੂੰ ਹਸਪਤਾਲਾਂ ਵਿੱਚ ਹਾਜ਼ਰ ਰਹਿਣ ਦੇ ਨਿਰਦੇਸ਼ ਦਿੱਤੇ ਗਏ ਹਨ।

ਅਖ਼ਬਾਰ ਨੇ ਸੂਬਾਈ ਸਿਹਤ ਵਿਭਾਗ ਦੇ ਮੀਡੀਆ ਕੋਆਰਡੀਨੇਟਰ ਡਾ. ਵਸੀਮ ਬੇਗ ਦੇ ਹਵਾਲੇ ਨਾਲ ਕਿਹਾ, "ਧਮਾਕੇ ਵਿੱਚ ਜ਼ਖਮੀ ਹੋਏ ਉੱਨੀ ਲੋਕਾਂ ਨੂੰ ਸਿਵਲ ਹਸਪਤਾਲ ਦੇ ਦੁਰਘਟਨਾ ਅਤੇ ਐਮਰਜੈਂਸੀ ਵਿਭਾਗ ਅਤੇ ਟਰਾਮਾ ਸੈਂਟਰ ਲਿਆਂਦਾ ਗਿਆ।"

# ਲੱਦਾਖ ਹਿੰਸਾ: ਰਾਹੁਲ ਨੇ ਪੁਲੀਸ ਫਾਇਰਿੰਗ ਵਿੱਚ ਮੌਤਾਂ ਦੀ ਨਿਆਂਇਕ ਜਾਂਚ ਮੰਗੀ

## ਕਾਂਗਰਸ ਨੇ ਕਿਹਾ ਪ੍ਰਧਾਨ ਮੰਤਰੀ ਨੇ ਲੱਦਾਖ ਨਾਲ ਧੋਖਾ ਕੀਤਾ

**ਨਵੀਂ ਦਿੱਲੀ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਦੇ ਚੋਟੀ ਦੇ ਆਗੂਆਂ ਨੇ ਮੰਗਲਵਾਰ ਨੂੰ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੱਦਾਖ ਦੇ ਲੋਕਾਂ ਨਾਲ ਧੋਖਾ ਕੀਤਾ ਹੈ। ਇਸ ਦੌਰਾਨ ਪਾਰਟੀ ਆਗੂ ਰਾਹੁਲ ਗਾਂਧੀ ਨੇ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਪੁਲੀਸ ਫਾਇਰਿੰਗ ਵਿੱਚ ਚਾਰ ਪ੍ਰਦਰਸ਼ਨਕਾਰੀਆਂ ਦੀ ਮੌਤ ਦੀ ਨਿਆਂਇਕ ਜਾਂਚ ਦੀ ਵੀ ਮੰਗ ਕੀਤੀ ਹੈ। ਬੁੱਧਵਾਰ ਨੂੰ ਲੱਦਾਖ ਵਿੱਚ ਮਾਰੇ ਗਏ ਲੋਕਾਂ ਵਿੱਚ ਕਾਰਗਿਲ ਜੰਗ ਦੇ ਸਾਬਕਾ ਫੌਜੀ ਤਸੇਵਾਂਗ ਥਾਰਚਿਨ ਵੀ ਸ਼ਾਮਲ ਸਨ।

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਗਾਂਧੀ ਦੋਵਾਂ ਨੇ ਆਪਣੀਆਂ ਸੋਸ਼ਲ ਮੀਡੀਆ ਪੋਸਟਾਂ ਨੂੰ ਉਸ ਦੀ ਮੌਤ ਦੇ ਦੁਆਲੇ ਕੇਂਦਰਿਤ ਕੀਤਾ। ਖੜਗੇ ਨੇ ਥਾਰਚਿਨ ਦੇ ਪਿਤਾ ਦਾ ਇੱਕ ਵੀਡੀਓ ਐਕਸ (✓) 'ਤੇ ਪੋਸਟ ਕੀਤਾ ਅਤੇ ਕਿਹਾ ਕਿ ਲੱਦਾਖ ਦਾ ਦੁੱਖ ਪੂਰੇ ਦੇਸ਼ ਦਾ ਦੁੱਖ ਹੈ।



ਖੜਗੇ ਨੇ ਕਿਹਾ, "ਸ਼ਹੀਦ ਤਸੇਵਾਂਗ ਥਾਰਚਿਨ ਨੇ ਕਾਰਗਿਲ ਜੰਗ ਵਿੱਚ ਮਾਂ ਭਾਰਤ ਪ੍ਰਤੀ ਆਪਣਾ ਫਰਜ਼ ਨਿਭਾਇਆ... ਬਦਲੇ ਵਿੱਚ ਉਸ ਨੂੰ ਕੀ ਮਿਲਿਆ ਲੱਦਾਖ ਵਿੱਚ ਮੋਦੀ ਸਰਕਾਰ ਦੀ ਗੋਲੀ! ਪਿਤਾ ਵੀ ਫੌਜ ਵਿੱਚ ਸਨ, ਪੁੱਤਰ ਵੀ ਫੌਜ ਵਿੱਚ ਸੀ।"

ਉਨ੍ਹਾਂ ਕਿਹਾ, ਜਦੋਂ ਗਲਵਾਨ ਵਿੱਚ LAC 'ਤੇ ਸਾਡੇ 20 ਬਹਾਦਰ ਜਵਾਨਾਂ ਨੇ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ, ਤਾਂ ਮੋਦੀ ਜੀ ਨੇ ਖੁਦ ਚੀਨ ਨੂੰ 'ਕਲੀਨ ਚਿੱਟ' ਦਿੱਤੀ! ਜੇਕਰ ਉਨ੍ਹਾਂ ਨੂੰ ਉਦੋਂ ਸਾਡੇ ਬਹਾਦਰ ਜਵਾਨਾਂ ਦੀ ਬਹਾਦਰੀ ਯਾਦ ਨਹੀਂ ਰਹੀ, ਤਾਂ ਹੁਣ ਕੀ ਮੌਕਾ ਹੈ? ਜੋ ਚੀਨ ਨੂੰ 'ਕਲੀਨ ਚਿੱਟ' ਦੇ ਸਕਦੇ ਹਨ, ਉਹ ਸਾਡੇ ਤਸੇਵਾਂਗ ਥਾਰਚਿਨ ਵਰਗੇ ਬਹਾਦਰ ਜਵਾਨਾਂ ਦੀ ਸ਼ਹਾਦਤ ਦਾ ਕੀ ਸਤਿਕਾਰ ਕਰਨਗੇ! ਖੜਗੇ ਨੇ ਦਾਅਵਾ ਕੀਤਾ ਕਿ ਇਹ ਭਾਜਪਾ ਦਾ ਖੋਖਲਾ ਰਾਸ਼ਟਰਵਾਦ ਹੈ।

ਦੱਖਣੀ ਅਮਰੀਕਾ ਦੇ ਚਾਰ ਦੇਸ਼ਾਂ ਦੇ ਦੌਰੇ 'ਤੇ ਗਏ ਰਾਹੁਲ ਗਾਂਧੀ ਨੇ ਵੀ ਥਾਰਚਿਨ ਦੇ ਪਿਤਾ ਦਾ ਉਹੀ ਵੀਡੀਓ ਪੋਸਟ ਕੀਤਾ ਅਤੇ ਕਿਹਾ, "ਪਿਤਾ ਫੌਜ ਵਿੱਚ, ਪੁੱਤਰ ਫੌਜ ਵਿੱਚ - ਦੇਸ਼ ਭਗਤੀ ਉਨ੍ਹਾਂ ਦੇ ਖੂਨ ਵਿੱਚ ਹੈ। ਫਿਰ ਵੀ ਭਾਜਪਾ ਸਰਕਾਰ ਨੇ ਦੇਸ਼ ਦੇ ਇਸ ਬਹਾਦਰ ਪੁੱਤਰ ਨੂੰ ਸਿਰਫ਼ ਇਸ ਲਈ ਗੋਲੀ ਮਾਰ ਕੇ ਮਾਰ ਦਿੱਤਾ, ਕਿਉਂਕਿ ਉਹ ਲੱਦਾਖ ਅਤੇ ਆਪਣੇ ਹੱਕਾਂ ਲਈ ਖੜ੍ਹਾ ਹੋਇਆ ਸੀ।"

ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਨੇ ਆਪਣੀ ਹਿੰਦੀ ਪੋਸਟ ਵਿੱਚ ਕਿਹਾ ਕਿ ਪਿਤਾ ਦੀਆਂ ਦਰਦ ਭਰੀਆਂ ਅੱਖਾਂ ਇੱਕ ਸਵਾਲ ਪੁੱਛਦੀਆਂ ਹਨ, ਕੀ ਦੇਸ਼ ਦੀ ਸੇਵਾ ਕਰਨ ਦਾ ਇਹੀ ਇਨਾਮ ਹੈ?

ਉਨ੍ਹਾਂ ਕਿਹਾ, "ਅਸੀਂ ਮੰਗ ਕਰਦੇ ਹਾਂ ਕਿ ਲੱਦਾਖ ਵਿੱਚ ਹੋਈਆਂ ਇਨ੍ਹਾਂ ਹੱਤਿਆਵਾਂ ਦੀ ਨਿਰਪੱਖ ਨਿਆਂਇਕ ਜਾਂਚ ਕੀਤੀ ਜਾਵੇ, ਅਤੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ... (ਪ੍ਰਧਾਨ ਮੰਤਰੀ ਨਰਿੰਦਰ) ਮੋਦੀ ਜੀ, ਤੁਸੀਂ ਲੱਦਾਖ ਦੇ ਲੋਕਾਂ ਨਾਲ ਧੋਖਾ ਕੀਤਾ ਹੈ। ਉਹ ਆਪਣੇ ਹੱਕਾਂ ਦੀ ਮੰਗ ਕਰ ਰਹੇ ਹਨ। ਉਨ੍ਹਾਂ ਨਾਲ ਗੱਲਬਾਤ ਕਰੋ - ਹਿੰਸਾ ਅਤੇ ਡਰ ਦੀ ਰਾਜਨੀਤੀ ਬੰਦ ਕਰੋ।"

# ਵਾਂਗਚੁਕ ਤੇ ਹੋਰਨਾਂ ਦੀ ਬਿਨਾਂ ਸ਼ਰਤ ਰਿਹਾਈ ਤੱਕ ਕੇਂਦਰ ਨਾਲ ਕੋਈ ਗੱਲਬਾਤ ਨਹੀਂ: ਕੇਡੀਏ




**ਨਵੀਂ ਦਿੱਲੀ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਰਗਿਲ ਡੈਮੋਕਰੈਟਿਕ ਅਲਾਇੰਸ (ਕੇਡੀਏ) ਨੇ ਐਪੈਕਸ ਬਾਡੀ ਲੇਹ (ABL) ਦੇ ਸਟੈਂਡ ਨੂੰ ਦੁਹਰਾਉਂਦਿਆਂ ਮੰਗਲਵਾਰ ਨੂੰ ਕਿਹਾ ਕਿ ਉਹ ਕੇਂਦਰ ਨਾਲ ਗੱਲਬਾਤ ਵਿੱਚ ਉਦੋਂ ਤੱਕ ਸ਼ਾਮਲ ਨਹੀਂ ਹੋਵੇਗਾ ਜਦੋਂ ਤੱਕ ਲੇਹ ਵਿੱਚ ਗ੍ਰਿਫ਼ਤਾਰ ਕੀਤੇ ਗਏ ਵਾਤਾਵਰਨ ਕਾਰਕੁਨ ਸੋਨਮ ਵਾਂਗਚੁਕ ਅਤੇ ਹੋਰਾਂ ਨੂੰ ਬਿਨਾਂ ਸ਼ਰਤ ਰਿਹਾਅ ਨਹੀਂ ਕੀਤਾ ਜਾਂਦਾ ਅਤੇ ਗੋਲੀਬਾਰੀ ਦੀ ਨਿਆਂਇਕ ਜਾਂਚ ਦੇ ਹੁਕਮ ਨਹੀਂ ਦਿੱਤੇ ਜਾਂਦੇ।

ਕੇਡੀਏ ਦੇ ਸਹਿ-ਚੇਅਰਮੈਨ ਅਸਗਰ ਅਲੀ ਕਰਬਾਲਈ ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ 24 ਸਤੰਬਰ ਨੂੰ ਲੇਹ ਵਿੱਚ ਬੰਦ ਦੌਰਾਨ ਸੁਰੱਖਿਆ ਬਲਾਂ ਵੱਲੋਂ ਕੀਤੀ ਗਈ ਗੋਲੀਬਾਰੀ ਦੀ ਨਿਆਂਇਕ ਜਾਂਚ ਵੀ ਮੰਗੀ। ਕੇਡੀਏ ਕਾਰਗਿਲ ਨਾਲ ਸਬੰਧਤ ਆਗੂਆਂ ਦੀ ਸੰਸਥਾ ਹੈ, ਜੋ ਲੱਦਾਖ ਨੂੰ ਵੱਖਰੇ ਰਾਜ ਦਾ ਦਰਜਾ ਦੇਣ ਦੀ ਮੰਗ ਨੂੰ ਲੈ ਕੇ ਐਪੈਕਸ ਬਾਡੀ ਲੇਹ (12*) ਨਾਲ ਮਿਲ ਕੇ ਕੇਂਦਰ ਨਾਲ ਗੱਲਬਾਤ ਕਰ ਰਹੀ ਹੈ।

ਕਰਬਾਲਈ ਨੇ ਕਿਹਾ, "ਅਸੀਂ ਐਪੈਕਸ ਬਾਡੀ ਲੇਹ ਦੇ ਲਗਾਤਾਰ ਸੰਪਰਕ ਵਿੱਚ ਹਾਂ... ਅਸੀਂ ਕੇਂਦਰ ਨਾਲ ਗੱਲਬਾਤ ਵਿੱਚ ਉਦੋਂ ਤੱਕ ਸ਼ਾਮਲ ਨਹੀਂ ਹੋਵਾਂਗੇ ਜਦੋਂ ਤੱਕ ਸੋਨਮ ਵਾਂਗਚੁਕ ਨੂੰ ਰਿਹਾਅ ਨਹੀਂ ਕੀਤਾ ਜਾਂਦਾ, ਗ੍ਰਿਫ਼ਤਾਰੀਆਂ ਨੂੰ ਰੋਕਿਆ ਨਹੀਂ ਜਾਂਦਾ, ਗ੍ਰਿਫ਼ਤਾਰ ਲੋਕਾਂ ਨੂੰ ਰਿਹਾਅ ਨਹੀਂ ਕੀਤਾ ਜਾਂਦਾ, ਅਤੇ ਨਿਆਂਇਕ ਜਾਂਚ ਦਾ ਹੁਕਮ ਨਹੀਂ ਦਿੱਤਾ ਜਾਂਦਾ।" ਉਨ੍ਹਾਂ ਕਿਹਾ, "ਕੇਡੀਏ ਯੂਟੀ ਪ੍ਰਸ਼ਾਸਨ ਅਤੇ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਲਾਏ ਸਾਰੇ ਦੋਸ਼ਾਂ ਨੂੰ ਖਾਰਜ ਕਰਦਾ ਹੈ, ਅਤੇ ਅਸੀਂ ਉਨ੍ਹਾਂ ਨੂੰ ਦੱਸਣਾ ਚਾਹੁੰਦੇ ਹਾਂ ਕਿ ਸੋਨਮ ਵਾਂਗਚੁਕ, ਜੋ ਕਿ ਦੇਸ਼ ਦਾ ਨਾਇਕ ਹੈ, ਨੂੰ ਤੁਰੰਤ ਰਿਹਾਅ ਕੀਤਾ ਜਾਣਾ ਚਾਹੀਦਾ ਹੈ।" ਆਗੂ ਨੇ ਕੁਝ ਲੋਕਾਂ ਵੱਲੋਂ ਲੱਦਾਖੀਆਂ ਨੂੰ 'ਦੇਸ਼ ਵਿਰੋਧੀ' ਕਹਿਣ ਦੀ ਵੀ ਨਿਖੇਧੀ ਕੀਤੀ।

# ਲੇਹ ਵਿਚ ਸਵੇਰੇ 10 ਵਜੇ ਤੋਂ ਚਾਰ ਘੰਟਿਆਂ ਲਈ ਕਰਫਿਊ 'ਚ ਢਿੱਲ, ਇੰਟਰਨੈੱਟ ਸੇਵਾਵਾਂ ਅਜੇ ਵੀ ਮੁਅੱਤਲ



**ਲੇਹ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਪ੍ਰਸ਼ਾਸਨ ਨੇ ਲੇਹ ਵਿਚ ਪਿਛਲੇ ਇਕ ਹਫ਼ਤੇ ਤੋਂ ਜਾਰੀ ਕਰਫਿਊ ਵਿਚ ਮੰਗਲਵਾਰ ਨੂੰ ਸਵੇਰੇ 10 ਵਜੇ ਤੋਂ ਚਾਰ ਘੰਟਿਆਂ ਲਈ ਛੋਟ ਦੇਣ ਦਾ ਐਲਾਨ ਕੀਤਾ ਹੈ। ਅਧਿਕਾਰੀਆਂ ਨੇ ਦੁਕਾਨਦਾਰਾਂ ਨੂੰ ਇਸ ਅਰਸੇ ਦੌਰਾਨ ਆਪਣੀ ਦੁਕਾਨਾਂ ਖੋਲ੍ਹਣ ਦੇ ਨਿਰਦੇਸ਼ ਦਿੱਤੇ ਹਨ। ਅਧਿਕਾਰੀਆਂ ਨੇ ਕਿਹਾ ਕਿ ਲੇਹ ਸ਼ਹਿਰ ਵਿੱਚ ਮੋਬਾਈਲ ਇੰਟਰਨੈੱਟ ਸੇਵਾਵਾਂ ਮੁਅੱਤਲ ਰਹਿਣਗੀਆਂ, ਅਤੇ ਕਾਰਗਿਲ ਸਮੇਤ ਕੇਂਦਰ ਸ਼ਾਸਤ ਪ੍ਰਦੇਸ਼ ਦੇ ਹੋਰ ਪ੍ਰਮੁੱਖ ਹਿੱਸਿਆਂ ਵਿੱਚ ਪੰਜ ਜਾਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ 'ਤੇ ਪਾਬੰਦੀ ਵਾਲੇ ਹੁਕਮ ਅਜੇ ਵੀ ਲਾਗੂ ਹਨ। ਪ੍ਰਦਰਸ਼ਨਕਾਰੀਆਂ ਅਤੇ ਸੁਰੱਖਿਆ ਬਲਾਂ ਦਰਮਿਆਨ 24 ਸਤੰਬਰ ਨੂੰ ਹੋਈਆਂ ਵਿਆਪਕ ਝੜਪਾਂ ਵਿੱਚ ਆਪਣੀਆਂ ਜਾਨਾਂ ਗੁਆਉਣ ਵਾਲੇ ਚਾਰ ਲੋਕਾਂ, ਜਿਨ੍ਹਾਂ ਵਿਚ ਇੱਕ ਸੇਵਾਮੁਕਤ ਫੌਜੀ ਵੀ ਸ਼ਾਮਲ ਸੀ, ਦੇ ਅੰਤਿਮ ਸੰਸਕਾਰ ਤੋਂ ਥੋੜ੍ਹੀ ਦੇਰ ਬਾਅਦ, ਸੋਮਵਾਰ ਸ਼ਾਮੀਂ 4 ਵਜੇ ਤੋਂ ਕਰਫਿਊ ਵਿਚ ਦੋ ਘੰਟਿਆਂ ਲਈ ਛੋਟ ਦਿੱਤੀ ਗਈ ਸੀ। ਇਕ ਪੁਲੀਸ ਅਧਿਕਾਰੀ ਨੇ ਕਿਹਾ ਕਿ ਕਰਫਿਊ ਵਾਲੇ ਇਲਾਕਿਆਂ ਵਿਚ ਛੋਟ ਦੇਣ ਦਾ ਫੈਸਲਾ ਹਾਲਾਤ ਮੁਤਾਬਕ ਲਿਆ ਜਾਵੇਗਾ। ਲੇਹ ਦੇ ਵਧੀਕ ਜ਼ਿਲ੍ਹਾ ਮੈਜਿਸਟਰੇਟ ਗੁਲਾਮ ਮੁਹੰਮਦ ਨੇ ਕਰਫਿਊ ਵਿਚ ਢਿੱਲ ਦੇ ਅਰਸੇ ਦੌਰਾਨ ਖਾਣ ਪੀਣ ਵਾਲੀਆਂ, ਕਰਿਆਨੇ, ਜ਼ਰੂਰੀ ਸੇਵਾਵਾਂ, ਹਾਰਡਵੇਅਰ ਤੇ ਸਬਜ਼ੀ ਵਾਲੀਆਂ ਦੁਕਾਨਾਂ ਖੋਲ੍ਹਣ ਦੇ ਹੁਕਮ ਦਿੱਤੇ ਹਨ।

ਅਧਿਕਾਰੀ ਨੇ ਕਿਹਾ, "ਪਿਛਲੇ ਬੁੱਧਵਾਰ ਨੂੰ ਹੋਈ ਹਿੰਸਾ ਨੂੰ ਛੱਡ ਕੇ, ਹਾਲ ਦੀ ਘੜੀ ਕਿਤੇ ਵੀ ਕੋਈ ਅਣਸੁਖਾਵੀਂ ਘਟਨਾ ਦੀ ਰਿਪੋਰਟ ਨਹੀਂ ਹੈ। ਸੰਵੇਦਨਸ਼ੀਲ ਖੇਤਰਾਂ ਵਿੱਚ ਪੁਲੀਸ ਅਤੇ ਨੀਮ ਫੌਜੀ ਬਲਾਂ ਨੂੰ ਭਾਰੀ ਗਿਣਤੀ ਵਿੱਚ ਤਾਇਨਾਤ ਕੀਤਾ ਗਿਆ ਹੈ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਸਖ਼ਤ ਚੌਕਸੀ ਰੱਖੀ ਜਾ ਰਹੀ ਹੈ।" ਉਪ ਰਾਜਪਾਲ ਕਵਿੰਦਰ ਗੁਪਤਾ ਲਗਪਗ ਰੋਜ਼ਾਨਾ ਉੱਚ-ਪੱਧਰੀ ਸੁਰੱਖਿਆ ਸਮੀਖਿਆ ਮੀਟਿੰਗਾਂ ਦੀ ਪ੍ਰਧਾਨਗੀ ਕਰ ਰਹੇ ਹਨ।

# ਜੀਐਸਟੀ ਦਰ ਕਟੌਤੀ: ਸਰਕਾਰ ਨੇ ਈ-ਕਾਮਰਸ ਪਲੇਟਫਾਰਮਾਂ ਨੂੰ ਰਾਡਾਰ 'ਤੇ ਲਿਆ

**ਨਵੀਂ ਦਿੱਲੀ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਕ ਸੂਤਰ ਨੇ ਮੰਗਲਵਾਰ ਨੂੰ ਦੱਸਿਆ ਕਿ ਸਰਕਾਰ ਨੇ ਈ-ਕਾਮਰਸ ਪਲੇਟਫਾਰਮਾਂ ਨੂੰ ਜਾਂਚ ਦੇ ਘੇਰੇ ਵਿੱਚ ਲਿਆ ਹੈ ਕਿਉਂਕਿ ਉਹ ਰੋਜ਼ਾਨਾ ਵਰਤੋਂ ਦੀਆਂ 6$37 (ਤੇਜ਼ੀ ਨਾਲ ਵਿਕਣ ਵਾਲੀਆਂ ਖਪਤਕਾਰ ਵਸਤਾਂ) ਉਤਪਾਦਾਂ ਦੀਆਂ ਕੀਮਤਾਂ ਦੀ ਨਿਗਰਾਨੀ ਕਰ ਰਹੀ ਹੈ। ਇਹ ਇਸ ਲਈ ਹੈ ਕਿ ਵਸਤੂਆਂ ਅਤੇ ਸੇਵਾਵਾਂ ਟੈਕਸ (GST) ਦਰਾਂ ਵਿੱਚ ਕਟੌਤੀ ਦਾ ਲਾਭ ਉਪਭੋਗਤਾਵਾਂ ਤੱਕ ਸਹੀ ਢੰਗ ਨਾਲ ਪਹੁੰਚਾਇਆ ਜਾ ਸਕੇ।

ਅਧਿਕਾਰੀ ਇਸ ਗੱਲ ਦੀ ਨਿਗਰਾਨੀ ਕਰ ਰਹੇ ਹਨ ਕਿ ਕੀ ਇਹ ਪਲੇਟਫਾਰਮ ਕੀਮਤ ਨਿਯਮਾਂ ਦੀ ਪਾਲਣਾ ਕਰ ਰਹੇ ਹਨ ਅਤੇ ਟੈਕਸ ਕਟੌਤੀਆਂ ਤੋਂ ਮਿਲਣ ਵਾਲੇ ਉਪਭੋਗਤਾ ਲਾਭਾਂ ਨੂੰ ਰੋਕ ਨਹੀਂ ਰਹੇ ਹਨ।



ਕੁਝ ਈ-ਕਾਮਰਸ ਪਲੇਟਫਾਰਮਾਂ 'ਤੇ ਵੇਚੀਆਂ ਜਾ ਰਹੀਆਂ ਰੋਜ਼ਾਨਾ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿੱਚ ਅਨੁਪਾਤੀ ਕਮੀ ਨਾ ਹੋਣ ਦੀਆਂ ਸ਼ਿਕਾਇਤਾਂ ਦੇ ਵਿਚਕਾਰ, ਸੂਤਰਾਂ ਨੇ ਦੱਸਿਆ ਕਿ ਸਰਕਾਰ ਨੇ ਕੁਝ ਈ-ਕਾਮਰਸ ਆਪਰੇਟਰਾਂ ਨੂੰ ਉਨ੍ਹਾਂ ਵੱਲੋਂ ਕੁਝ ਵਸਤੂਆਂ 'ਤੇ ਪੇਸ਼ ਕੀਤੀਆਂ ਜਾ ਰਹੀਆਂ ਕੀਮਤਾਂ ਲਈ ਗੈਰ-ਰਸਮੀ ਤੌਰ 'ਤੇ ਤਾੜਨਾ ਕੀਤੀ ਹੈ।

# ਹੁਣ ਫਿਲਮਾਂ ਵਾਲਿਆਂ ਨੂੰ ਟਰੰਪ ਦਾ ਵੱਡਾ ਝਟਕਾ, ਲਗਾ ਦਿੱਤਾ 100% ਟੈਰਿਫ਼

**ਨਵੀਂ ਦਿੱਲੀ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਹੋਰ ਵੱਡਾ ਕਦਮ ਚੁੱਕਦੇ ਹੋਏ ਅਮਰੀਕਾ ਤੋਂ ਬਾਹਰ ਬਣਨ ਵਾਲੀਆਂ ਸਾਰੀਆਂ ਫ਼ਿਲਮਾਂ 'ਤੇ 100% ਟੈਰਿਫ ਲਗਾਉਣ ਦਾ ਐਲਾਨ ਕੀਤਾ ਹੈ। ਇਸ ਫੈਸਲੇ ਨਾਲ ਗਲੋਬਲ ਮਨੋਰੰਜਨ ਜਗਤ ਵਿੱਚ ਖਲਬਲੀ ਮੱਚ ਗਈ ਹੈ, ਅਤੇ ਇਸ ਨੂੰ ਭਾਰਤੀ ਫ਼ਿਲਮ ਉਦਯੋਗ ਲਈ ਇੱਕ ਵੱਡੇ ਝਟਕੇ ਵਜੋਂ ਦੇਖਿਆ ਜਾ ਰਿਹਾ ਹੈ, ਜੋ ਅਮਰੀਕਾ ਵਿੱਚ ਆਪਣੀਆਂ ਫ਼ਿਲਮਾਂ ਦਾ ਵੱਡੇ ਪੱਧਰ 'ਤੇ ਨਿਰਯਾਤ ਕਰਦਾ ਹੈ।



ਇਹ ਕਦਮ ਟਰੰਪ ਪ੍ਰਸ਼ਾਸਨ ਵੱਲੋਂ ਹਾਲ ਹੀ ਵਿੱਚ ਫਾਰਮਾਸਿਊਟੀਕਲ ਉਤਪਾਦਾਂ ਅਤੇ ਫਰਨੀਚਰ 'ਤੇ ਲਗਾਏ ਗਏ ਭਾਰੀ ਟੈਰਿਫ ਤੋਂ ਬਾਅਦ ਆਇਆ ਹੈ, ਜੋ ਉਨ੍ਹਾਂ ਦੀ 'ਅਮਰੀਕਾ ਫਸਟ' ਨੀਤੀ ਨੂੰ ਹੋਰ ਮਜ਼ਬੂਤ ਕਰਦਾ ਹੈ।

ਰਾਸ਼ਟਰਪਤੀ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਟਰੂਥ ਸੋਸ਼ਲ 'ਤੇ ਇੱਕ ਪੋਸਟ ਵਿੱਚ ਇਸ ਫੈਸਲੇ ਦਾ ਐਲਾਨ ਕੀਤਾ।

1. ਟਰੰਪ ਨੇ ਲਿਖਿਆ: ÷ਸਾਡਾ ਫ਼ਿਲਮ ਬਣਾਉਣ ਦਾ ਕਾਰੋਬਾਰ ਦੂਜੇ ਦੇਸ਼ਾਂ ਦੁਆਰਾ ਸੰਯੁਕਤ ਰਾਜ ਅਮਰੀਕਾ ਤੋਂ ਚੋਰੀ ਕਰ ਲਿਆ ਗਿਆ ਹੈ, ਠੀਕ ਉਸੇ ਤਰ੍ਹਾਂ ਜਿਵੇਂ ਕਿਸੇ ਬੱਚੇ ਤੋਂ 'ਕੈਂਡੀ' ਚੋਰੀ ਕੀਤੀ ਜਾਂਦੀ ਹੈ।
2. ਕੈਲੀਫੋਰਨੀਆ 'ਤੇ ਨਿਸ਼ਾਨਾ: ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਕੈਲੀਫੋਰਨੀਆ ਦੇ ਗਵਰਨਰ ਗੇਵਿਨ ਨਿਊਸਮ 'ਤੇ ਨਿਸ਼ਾਨਾ ਸਾਧਦਿਆਂ ਉਨ੍ਹਾਂ ਨੂੰ ÷ਕਮਜ਼ੋਰ ਅਤੇ ਅਯੋਗ÷ ਦੱਸਿਆ ਅਤੇ ਕਿਹਾ ਕਿ ਉਨ੍ਹਾਂ ਦੇ ਰਾਜ ਨੂੰ ਇਸ ਨਾਲ ਸਭ ਤੋਂ ਵੱਧ ਨੁਕਸਾਨ ਹੋਇਆ ਹੈ।
3. ਹੱਲ: ਟਰੰਪ ਨੇ ਅੱਗੇ ਕਿਹਾ, ਇਸ ਲੰਬੇ ਸਮੇਂ ਤੋਂ ਚੱਲੀ ਆ ਰਹੀ, ਕਦੇ ਨਾ ਖਤਮ ਹੋਣ ਵਾਲੀ ਸਮੱਸਿਆ ਨੂੰ ਹੱਲ ਕਰਨ ਲਈ, ਮੈਂ ਅਮਰੀਕਾ ਤੋਂ ਬਾਹਰ ਬਣਨ ਵਾਲੀਆਂ ਸਾਰੀਆਂ ਫ਼ਿਲਮਾਂ 'ਤੇ 100 ਪ੍ਰਤੀਸ਼ਤ ਟੈਰਿਫ ਲਗਾਵਾਂਗਾ।

# ਦਿੱਲੀ 'ਚ ਭਾਰੀ ਮੀਂਹ ਮਗਰੋਂ ਗਰਮੀ ਤੋਂ ਰਾਹਤ, ਆਵਾਜਾਈ ਬਣੀ ਆਫ਼ਤ



**ਨਵੀਂ ਦਿੱਲੀ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੰਗਲਵਾਰ ਨੂੰ ਦਿੱਲੀ ਵਿੱਚ ਪਏ ਭਾਰੀ ਮੀਂਹ ਨੇ ਲੋਕਾਂ ਨੂੰ ਰਾਹਤ ਦਿੱਤੀ ਹੈ, ਪਰ ਤਿਉਹਾਰੀ ਸੀਜ਼ਨ ਦੇ ਚਲਦਿਆਂ ਭੀੜ ਨੇ ਦੋਹਰੀ ਮੁਸੀਬਤ ਖੜ੍ਹੀ ਕਰ ਦਿੱਤੀ ਹੈ। ਆਪਣੀਆਂ ਮੰਜ਼ਿਲਾਂ ਵੱਲ ਜਾ ਰਹੇ ਦਿੱਲੀ ਵਾਸੀਆਂ ਨੂੰ ਟਰੈਫਿਕ ਜਾਮ ਨਾਲ ਜੂਝਣਾ ਪਿਆ।

ਜਾਮੀਆ ਮਿਲੀਆ ਇਸਲਾਮੀਆ ਨੇੜੇ ਤਿਕੋਣਾ ਪਾਰਕ ਨੇੜੇ ਟਰੈਫਿਕ ਜਾਮ ਅਤੇ ਦਿੱਲੀ ਤੋਂ ਗੁਰੂਗ੍ਰਾਮ ਜਾਂਦੇ ਸਮੇਂ ©8-48 'ਤੇ ਰੈਡੀਸਨ ਹੋਟਲ ਨੇੜੇ ਫਲਾਈਓਵਰ 'ਤੇ 25 ਮਿੰਟ ਤੱਕ ਵਾਹਨਾਂ ਦੇ ਫਸੇ ਹੋਣ ਕਾਰਨ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

ਉੱਤਰ-ਪੱਛਮੀ ਦਿੱਲੀ ਵਿੱਚ ਭਾਰੀ ਟਰੈਫਿਕ ਜਾਮ ਸੀ, ਜਦੋਂ ਕਿ ਪੀਤਮਪੁਰਾ ਵਿੱਚ ਨੇਤਾਜੀ ਸੁਭਾਸ਼ ਪਲੇਸ ਦੇ ਆਲੇ-ਦੁਆਲੇ ਦੇ ਖੇਤਰਾਂ ਦੇ ਨਾਲ-ਨਾਲ ਆਊਟਰ ਰਿੰਗ ਰੋਡ ਦੇ ਇੱਕ ਵੱਡੇ ਹਿੱਸੇ ਵਿੱਚ ਵਾਹਨਾਂ ਦੀ ਰਫ਼ਤਾਰ ਹੌਲੀ ਦੇਖੀ ਗਈ। ਹਾਲਾਂਕਿ, ਇਸ ਤੇਜ਼ ਮੀਂਹ ਨੇ ਗਰਮੀ ਅਤੇ ਹੁੰਮਸ ਭਰੇ ਮੌਸਮ ਤੋਂ ਬਾਅਦ ਕੁਝ ਰਾਹਤ ਦਿੱਤੀ।

ਦੱਖਣੀ ਦਿੱਲੀ ਦੇ ਹਿੱਸਿਆਂ ਮਹਾਤਮਾ ਗਾਂਧੀ ਰੋਡ, NH-DH, ਅਤੇ ਲਾਜਪਤ ਨਗਰ ਤੋਂ ਕੈਪਟਨ ਗੌੜ ਮਾਰਗ ਸ਼ਾਮਲ ਹਨ, ਵਿੱਚ ਵੀ ਭਾਰੀ ਭੀੜ ਦੇਖੀ ਗਈ।

ਇੱਕ ਉਪਭੋਗਤਾ ਨੇ ਸੋਸ਼ਲ ਮੀਡੀਆ 'ਤੇ ਲਿਖਿਆ, ਮਥੁਰਾ ਰੋਡ, ਓਲਡ ਰੋਹਤਕ ਰੋਡ, ਆਈਟੀਓ ਦੇ ਕੁਝ ਹਿੱਸਿਆਂ, ਅਤੇ ਮਹਾਤਮਾ ਗਾਂਧੀ ਰੋਡ ਤੋਂ ਜੀਟੀ ਕਰਨਾਲ ਰੋਡ ਤੱਕ ਟ੍ਰੈਫਿਕ ਬੰਪਰ-ਟੂ-ਬੰਪਰ ਸੀ।

ਭਾਰਤ ਮੌਸਮ ਵਿਗਿਆਨ ਵਿਭਾਗ ਨੇ ਦੱਸਿਆ ਕਿ ਮੰਗਲਵਾਰ ਨੂੰ ਵੱਧ ਤੋਂ ਵੱਧ ਤਾਪਮਾਨ 35 ਡਿਗਰੀ ਸੈਲਸੀਅਸ ਦੇ ਆਸ-ਪਾਸ ਰਹਿਣ ਦੀ ਉਮੀਦ ਹੈ, ਜਦੋਂ ਕਿ ਘੱਟੋ-ਘੱਟ ਤਾਪਮਾਨ 28.7 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਆਮ ਨਾਲੋਂ 5.4 ਡਿਗਰੀ ਵੱਧ ਹੈ। ਸਵੇਰੇ 8:30 ਵਜੇ ਹਵਾ ਵਿੱਚ ਨਮੀ 74 ਫੀਸਦੀ ਦਰਜ ਕੀਤੀ ਗਈ।

IMD ਅਨੁਸਾਰ ਸ਼ਹਿਰ ਵਿੱਚ ਦਿਨ ਭਰ ਆਮ ਤੌਰ 'ਤੇ ਬੱਦਲਵਾਈ ਅਤੇ ਹਲਕੀ ਬਾਰਿਸ਼ ਜਾਂ ਬੂੰਦਾ-ਬਾਂਦੀ ਹੋਣ ਦੀ ਸੰਭਾਵਨਾ ਹੈ।

ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (CPCB) ਦੇ ਅਨੁਸਾਰ ਸਵੇਰੇ 8 ਵਜੇ ਦਿੱਲੀ ਦਾ ਹਵਾ ਗੁਣਵੱਤਾ ਸੂਚਕਾਂਕ (AQI) 114 ਦਰਜ ਕੀਤਾ ਗਿਆ, ਜੋ ਕਿ 'ਮੱਧਮ' ਸ਼੍ਰੇਣੀ ਵਿੱਚ ਹੈ। ਟ੍ਰੈਫਿਕ ਪੁਲਿਸ ਨੇ ਯਾਤਰੀਆਂ ਨੂੰ ਉਸ ਅਨੁਸਾਰ ਆਪਣੀਆਂ ਯਾਤਰਾਵਾਂ ਦੀ ਯੋਜਨਾ ਬਣਾਉਣ ਅਤੇ ਪਾਣੀ ਭਰੇ ਹਿੱਸਿਆਂ ਤੋਂ ਬਚਣ ਦੀ ਸਲਾਹ।

ਦਿੱਲੀ ਵਿਚ ਮੰਗਲਵਾਰ ਦੁਪਹਿਰੇ ਖਰਾਬ ਮੌਸਮ ਕਰਕੇ ਘੱਟੋ ਘੱਟ ਪੰਜ ਉਡਾਨਾਂ ਨੂੰ ਡਾਈਵਰਟ ਕਰਨਾ ਪਿਆ। ਅਧਿਕਾਰੀਆਂ ਨੇ ਕਿਹਾ ਕਿ 12.15 ਤੋਂ 12.30 ਤੱਕ ਉਡਾਣਾ ਨੂੰ ਜੈਪੂਰ ਭੇਜ ਦਿੱਤਾ ਗਿਆ।

# ਮੋਦੀ ਵੱਲੋਂ ਗਾਜ਼ਾ ਸੰਘਰਸ਼ ਖਤਮ ਕਰਨ ਬਾਰੇ ਟਰੰਪ ਦੀ ਯੋਜਨਾ ਦਾ ਸਵਾਗਤ

**ਨਵੀਂ ਦਿੱਲੀ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਗਾਜ਼ਾ ਸੰਘਰਸ਼ ਨੂੰ ਖਤਮ ਕਰਨ ਲਈ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਯੋਜਨਾ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਫਲਸਤੀਨੀ ਅਤੇ ਇਜ਼ਰਾਈਲੀ ਲੋਕਾਂ ਦੇ ਨਾਲ-ਨਾਲ ਵੱਡੇ ਪੱਛਮੀ ਏਸ਼ੀਆ ਖੇਤਰ ਲਈ ਲੰਬੇ ਸਮੇਂ ਦੀ ਸ਼ਾਂਤੀ, ਸੁਰੱਖਿਆ ਅਤੇ ਵਿਕਾਸ ਲਈ ਇੱਕ ਵਿਵਹਾਰਕ ਰਾਹ ਪ੍ਰਦਾਨ ਕਰਦਾ ਹੈ।

ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੀ ਮੌਜੂਦਗੀ ਵਿੱਚ ਟਰੰਪ ਵੱਲੋਂ ਯੋਜਨਾ ਦਾ ਐਲਾਨ ਕਰਨ ਤੋਂ ਬਾਅਦ ਇੱਕ 'ਐਕਸ' (✓) ਪੋਸਟ ਵਿੱਚ, ਮੋਦੀ ਨੇ ਉਮੀਦ ਜ਼ਾਹਰ ਕੀਤੀ ਕਿ "ਸਾਰੇ ਸਬੰਧਤ ਧਿਰਾਂ ਰਾਸ਼ਟਰਪਤੀ ਟਰੰਪ ਦੀ ਪਹਿਲਕਦਮੀ ਦੇ ਪਿੱਛੇ ਇਕੱਠੇ ਹੋਣਗੀਆਂ ਅਤੇ ਸੰਘਰਸ਼ ਨੂੰ ਖਤਮ ਕਰਨ ਅਤੇ ਸ਼ਾਂਤੀ ਨੂੰ ਯਕੀਨੀ ਬਣਾਉਣ ਲਈ ਇਸ ਯਤਨ ਦਾ ਸਮਰਥਨ ਕਰਨਗੀਆਂ।"

## ਪੰਜਾਬ ਸਰਕਾਰ ਨੇ 8 ਅਕਤੂਬਰ ਦੀ ਛੁੱਟੀ ਐਲਾਨੀ

**ਚੰਡੀਗੜ੍ਹ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ ਅੰਮ੍ਰਿਤਸਰ ਵਿੱਚ 8 ਅਕਤੂਬਰ ਦੀ ਛੁੱਟੀ ਐਲਾਨੀ ਹੈ। ਇਸ ਦਿਨ ਸਕੂਲ ਕਾਲਜ ਅਤੇ ਸਰਕਾਰੀ ਦਫ਼ਤਰ ਆਦਿ ਬੰਦ ਰਹਿਣਗੇ। ਸਰਕਾਰੀ ਹੁਕਮ ਅਨੁਸਾਰ ਸ਼੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਗੁਰਪੁਰਬ ਦੇ ਸਬੰਧ ਵਿੱਚ ਇਹ ਛੁੱਟੀ ਸਥਾਨਕ ਪੱਧਰ ਤੇ ਐਲਾਨੀ ਗਈ ਹੈ।

## ਰਾਜਵੀਰ ਜਵੰਦਾ ਦੀ ਹਾਲਤ ਅਜੇ ਵੀ ਬਹੁਤ ਗੰਭੀਰ

**ਮੁਹਾਲੀ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੜਕ ਹਾਦਸੇ ਵਿੱਚ ਬੁਰੀ ਤਰ੍ਹਾਂ ਜ਼ਖਮੀ ਹੋਏ ਪੰਜਾਬੀ ਗਾਇਕ ਰਾਜਵੀਰ ਜਵੰਦਾ ਦੀ ਹਾਲਤ ਅਜੇ ਵੀ ਬਹੁਤ ਗੰਭੀਰ ਬਣੀ ਹੋਈ ਹੈ। ਉਹ ਮੋਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਲਾਈਫ ਸਪੋਰਟ ਸਿਸਟਮ 'ਤੇ ਹਨ। ਹਸਪਤਾਲ ਨੇ ਮੰਗਲਵਾਰ ਸ਼ਾਮ ਨੂੰ ਉਨ੍ਹਾਂ ਦੀ ਸਿਹਤ ਨਾਲ ਜੁੜੀ ਤਾਜ਼ਾ ਜਾਣਕਾਰੀ ਦਿੱਤੀ ਹੈ। ਹਸਪਤਾਲ ਅਨੁਸਾਰ, ਰਾਜਵੀਰ ਜਵੰਦਾ ਦੀ ਦਿਮਾਗੀ ਹਾਲਤ ਗੰਭੀਰ ਹੈ. ਉਨ੍ਹਾਂ ਦੀ ਸਿਹਤ ਵਿੱਚ ਕੋਈ ਖਾਸ ਸੁਧਾਰ ਨਹੀਂ ਹੋਇਆ ਹੈ। ਉਨ੍ਹਾਂ ਦੇ ਦਿਮਾਗ ਵਿੱਚ ਹਲਚਲ ਬਹੁਤ ਘੱਟ ਹੈ।

ਦਿਮਾਗ ਦੇ ਸਕੈਨ ਵਿੱਚ 'ਹਾਈਪੋਕਸਿਕ' ਬਦਲਾਅ ਦਿਖੇ ਹਨ. ਰੀੜ੍ਹ ਦੀ ਹੱਡੀ ਦੇ MRI ਵਿੱਚ ਗਰਦਨ ਅਤੇ ਪਿੱਠ ਦੇ ਹਿੱਸੇ ਵਿੱਚ ਕਾਫ਼ੀ ਡੂੰਘੀ ਸੱਟ ਦਾ ਪਤਾ ਲੱਗਾ ਹੈ। ਰੀੜ੍ਹ ਦੀ ਹੱਡੀ ਵਿੱਚ ਗੰਭੀਰ ਸੱਟ ਕਾਰਨ ਉਨ੍ਹਾਂ ਦੇ ਹੱਥ ਅਤੇ ਪੈਰ ਬਹੁਤ ਕਮਜ਼ੋਰ ਹੋ ਗਏ ਹਨ। ਇਨ੍ਹਾਂ ਸਾਰੇ ਕਾਰਨਾਂ ਕਰਕੇ, ਉਨ੍ਹਾਂ ਨੂੰ ਲੰਬੇ ਸਮੇਂ ਤੱਕ ਵੈਂਟੀਲੇਟਰ 'ਤੇ ਰੱਖਣ ਦੀ ਲੋੜ ਹੈ।

# ਸਾਬਕਾ ਕੈਬਨਟ ਮੰਤਰੀ ਅਨਿਲ ਜੋਸ਼ੀ ਕਾਂਗਰਸ ਵਿੱਚ ਸ਼ਾਮਿਲ, ਪੰਜਾਬ ਦੀ ਰਾਜਨੀਤੀ ਵਿੱਚ ਨਵਾਂ ਮੋੜ

**ਅੰਮ੍ਰਿਤਸਰ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੀ ਰਾਜਨੀਤੀ ਵਿੱਚ ਅੱਜ ਵੱਡਾ ਉਲਟਫੇਰ ਹੋਇਆ ਹੈ ਜਦੋਂ ਸੂਬੇ ਦੇ ਸਾਬਕਾ ਕੈਬਨਟ ਮੰਤਰੀ ਅਤੇ ਲੋਕਾਂ ਵਿੱਚ ਖ਼ਾਸ ਪਛਾਣ ਬਣਾਅਣ ਵਾਲੇ ਆਗੂ ਸ੍ਰੀ ਅਨਿਲ ਜੋਸ਼ੀ ਜੀ ਨੇ ਕਾਂਗਰਸ ਪਾਰਟੀ ਦਾ ਦਾਮਨ ਫੜ ਲਿਆ। ਦਿੱਲੀ ਵਿਖੇ ਕਾਂਗਰਸ ਹਾਈਕਮਾਂਡ ਦੀ ਹਾਜ਼ਰੀ ਵਿੱਚ ਹੋਏ ਵਿਸ਼ੇਸ਼ ਸਮਾਗਮ ਦੌਰਾਨ ਅਨਿਲ ਜੋਸ਼ੀ ਨੇ ਪਾਰਟੀ ਦੀ ਮੈਂਬਰਸ਼ਿਪ ਲਈ।

ਇਸ ਮੌਕੇ ਤੇ ਕਾਂਗਰਸ ਦੇ ਕਈ ਸੀਨੀਅਰ ਆਗੂ ਮੌਜੂਦ ਸਨ ਜਿਨ੍ਹਾਂ ਨੇ ਉਨ੍ਹਾਂ ਦੀ ਸ਼ਮੂਲੀਅਤ ਨੂੰ ਇਤਿਹਾਸਕ ਕਦਮ ਕਰਾਰ ਦਿੱਤਾ।

ਅਨਿਲ ਜੋਸ਼ੀ ਦਾ ਸਿਆਸੀ ਸਫ਼ਰ ਸੰਘਰਸ਼ ਅਤੇ ਲੋਕ ਸੇਵਾ ਨਾਲ ਭਰਪੂਰ ਰਿਹਾ ਹੈ। ਉਹ ਪਹਿਲਾਂ ਤੋਂ ਹੀ ਆਪਣੇ ਖੇਤਰ ਵਿੱਚ ਲੋਕਾਂ ਦੇ ਹੱਕਾਂ ਲਈ ਬੁਲੰਦ ਆਵਾਜ਼ ਵੱਜੋਂ ਜਾਣੇ ਜਾਂਦੇ ਹਨ। ਉਹ ਅੰਮ੍ਰਿਤਸਰ ਤੋਂ ਦੋ ਵਾਰ ਵਿਧਾਇਕ ਚੁਣੇ ਗਏ ਅਤੇ ਪੰਜਾਬ ਸਰਕਾਰ ਵਿੱਚ ਕੈਬਨਟ ਮੰਤਰੀ ਵੱਜੋਂ ਮਹੱਤਵਪੂਰਨ ਵਿਭਾਗਾਂ ਦੀ ਕਮਾਨ ਸੰਭਾਲੀ।

ਮੰਤਰੀ ਵੱਜੋਂ ਉਨ੍ਹਾਂ ਨੇ ਕਿਸਾਨੀ, ਪਾਣੀ ਪ੍ਰਬੰਧਨ, ਸ਼ਹਿਰੀ ਵਿਕਾਸ ਅਤੇ ਰੋਜ਼ਗਾਰ ਸਿਰਜਣ ਲਈ ਵੱਖ-ਵੱਖ ਪ੍ਰੋਜੈਕਟਾਂ ਨੂੰ ਲਾਗੂ ਕੀਤਾ। ਖ਼ਾਸ ਤੌਰ 'ਤੇ ਅੰਮ੍ਰਿਤਸਰ ਖੇਤਰ ਵਿੱਚ ਸੜਕਾਂ, ਹਸਪਤਾਲਾਂ ਅਤੇ ਸਿੱਖਿਆ ਨਾਲ ਜੁੜੀਆਂ ਸੁਵਿਧਾਵਾਂ ਵਿੱਚ ਉਨ੍ਹਾਂ ਦੇ ਯੋਗਦਾਨ ਨੂੰ ਅੱਜ ਵੀ ਲੋਕ ਯਾਦ ਕਰਦੇ ਹਨ। ਲੋਕਾਂ ਵਿੱਚ ਉਨ੍ਹਾਂ ਦੀ ਛਵੀ ਜਨਸੇਵਕ ਨੇਤਾ ਵੱਜੋਂ ਹੈ, ਜੋ ਹਮੇਸ਼ਾਂ ਆਮ ਜਨਤਾ ਦੇ ਦਰਵਾਜ਼ੇ ਤੇ ਉਪਲਬਧ ਰਹਿੰਦੇ ਹਨ।



ਕਾਂਗਰਸ ਵਿੱਚ ਸ਼ਾਮਿਲ ਹੋਣ ਤੋਂ ਬਾਅਦ ਅਨਿਲ ਜੋਸ਼ੀ ਨੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਕਿ ਉਹ ਪੰਜਾਬ ਦੀ ਤਰੱਕੀ ਅਤੇ ਲੋਕਾਂ ਦੇ ਭਲੇ ਲਈ ਕਾਂਗਰਸ ਦੇ ਮੰਚ ਤੋਂ ਨਵਾਂ ਸਫ਼ਰ ਸ਼ੁਰੂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੇ ਆਦਰਸ਼ ਤੇ ਵਿਚਾਰਧਾਰਾ 'ਤੇ ਉਨ੍ਹਾਂ ਦਾ ਪੂਰਾ ਭਰੋਸਾ ਹੈ ਅਤੇ ਉਹ ਖੇਤਰ ਦੇ ਲੋਕਾਂ ਦੀਆਂ ਉਮੀਦਾਂ 'ਤੇ ਖ਼ਰਾ ਉਤਰਣ ਲਈ ਪੂਰੀ ਨਿਭਾਉਣਗੇ।

ਉਨ੍ਹਾਂ ਨੇ ਕਿਹਾ ਕਿ ਰਾਜਨੀਤੀ ਲੋਕ ਸੇਵਾ ਦਾ ਸਾਧਨ ਹੈ ਅਤੇ ਉਹ ਆਪਣੇ ਤਜਰਬੇ ਨਾਲ ਨਵੀਂ ਪੀੜ੍ਹੀ ਨੂੰ ਵੀ ਰਾਜਨੀਤੀ ਵਿੱਚ ਸ਼ਮੂਲੀਅਤ ਲਈ ਪ੍ਰੇਰਿਤ ਕਰਦੇ ਰਹਿਣਗੇ।

ਅਨਿਲ ਜੋਸ਼ੀ ਦੇ ਕਾਂਗਰਸ ਵਿੱਚ ਆਉਣ ਨਾਲ ਪਾਰਟੀ ਵਰਕਰਾਂ ਵਿੱਚ ਨਵਾਂ ਜੋਸ਼ ਭਰਿਆ ਹੈ। ਅੰਮ੍ਰਿਤਸਰ ਸਮੇਤ ਆਸ-ਪਾਸ ਦੇ ਹਲਕਿਆਂ ਵਿੱਚ ਉਨ੍ਹਾਂ ਦੇ ਹਮੀ ਵਰਕਰਾਂ ਨੇ ਇਸ ਫ਼ੈਸਲੇ ਦਾ ਸਵਾਗਤ ਕੀਤਾ ਹੈ ਅਤੇ ਕਿਹਾ ਹੈ ਕਿ ਇਸ ਨਾਲ ਪਾਰਟੀ ਨੂੰ ਮਜ਼ਬੂਤੀ ਮਿਲੇਗੀ।

ਰਾਜਨੀਤਿਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਅਨਿਲ ਜੋਸ਼ੀ ਵਰਗੇ ਲੋਕਪ੍ਰਿਯ ਤੇ ਮਿਹਨਤੀ ਆਗੂ ਦੀ ਕਾਂਗਰਸ ਵਿੱਚ ਸ਼ਮੂਲੀਅਤ ਨਾਲ ਨਾ ਸਿਰਫ਼ ਅੰਮ੍ਰਿਤਸਰ, ਸਗੋਂ ਪੂਰੇ ਮਾਝਾ ਖੇਤਰ ਵਿੱਚ ਪਾਰਟੀ ਨੂੰ ਫ਼ਾਇਦਾ ਹੋਵੇਗਾ। ਉਨ੍ਹਾਂ ਦੀ ਪਹੁੰਚ ਵੋਟਰਾਂ ਤੱਕ ਡੂੰਘੀ ਹੈ ਅਤੇ ਇਹ ਆਉਣ ਵਾਲੀਆਂ ਚੋਣਾਂ ਵਿੱਚ ਕਾਂਗਰਸ ਦੇ ਹੱਕ ਵਿੱਚ ਹਾਲਾਤ ਬਦਲ ਸਕਦੀ ਹੈ।

# ਪੰਜਾਬ ਦੇ ਹੜ੍ਹ ਪ੍ਰਭਾਵਿਤ ਲੋਕਾਂ ਲਈ ਡੀ.ਐਸ.ਜੀ.ਐਮ.ਸੀ. ਦਾ ਵੱਡਾ ਉਪਰਾਲਾ, ਰੋਜ਼ਾਨਾ ਰਾਹਤ ਦੇ ਟਰੱਕ ਭੇਜੇ ਜਾ ਰਹੇ ਹਨ: ਕਾਲਕਾ

**ਨਵੀਂ ਦਿੱਲੀ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਜਾਬ ਦੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਲਈ ਰਾਹਤ ਸਮੱਗਰੀ ਭੇਜਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਦੱਸਿਆ ਕਿ ਦਿੱਲੀ ਦੀ ਸੰਗਤ ਦੇ ਸਹਿਯੋਗ ਨਾਲ ਭੇਜੀ ਜਾ ਰਹੀ ਰਾਹਤ ਸਮੱਗਰੀ ਅਤੇ ਹੋਰ ਜ਼ਰੂਰੀ ਚੀਜ਼ਾਂ ਦੀ ਸਪਲਾਈ ਦਿਨ-ਰਾਤ ਸੇਵਾਵਾਂ ਨਿਭਾਉਂਦੇ ਹੋਏ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਲੰਟੀਅਰਾਂ ਦੇ ਸਹਿਯੋਗ ਨਾਲ ਲੋੜੀਂਦੀਆਂ ਚੀਜ਼ਾਂ ਤੁਰੰਤ ਪ੍ਰਭਾਵਿਤ ਖੇਤਰਾਂ ਤੱਕ ਪਹੁੰਚਾਈਆਂ ਜਾ ਰਹੀਆਂ ਹਨ।

ਉਨ੍ਹਾਂ ਦੱਸਿਆ ਕਿ ਖਾਸ ਤੌਰ 'ਤੇ ਅਜਨਾਲਾ ਤੇ ਗੁਰਦਾਸਪੁਰ ਵਿੱਚ ਜਿਥੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਗਾਏ ਹੋਏ ਰਾਹਤ ਕੈਂਪਾਂ 'ਚ ਲੋਕਾਂ ਵਿੱਚ ਵੱਡਾ ਵਿਸ਼ਵਾਸ ਬਣਿਆ ਹੈ, ਜਿਹੜੀ ਵੀ ਲੋੜ ਉਥੋਂ ਦੀ ਸੰਗਤ ਵੱਲੋਂ ਸਾਹਮਣੇ ਆ ਰਹੀ ਹੈ, ਲੋੜ ਅਨੁਸਾਰ ਸਮੱਗਰੀ ਤੁਰੰਤ ਉਪਲਬਧ ਕਰਵਾਈ ਜਾ ਰਹੀ ਹੈ।



ਉਨ੍ਹਾਂ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੁੱਖ ਉਦੇਸ਼ ਇਹ ਹੈ ਕਿ ਸੰਗਤ ਵੱਲੋਂ ਇਕੱਠੀ ਕੀਤੀ ਰਾਹਤ ਸਮੱਗਰੀ ਸਿੱਧੀ ਪ੍ਰਭਾਵਿਤ ਪਰਿਵਾਰਾਂ ਤੱਕ ਪਹੁੰਚੇ ਅਤੇ ਇਸ ਦੀ ਕੋਈ ਦੁਰ ਵਰਤੋਂ ਨਾ ਹੋਵੇ। ਉਨ੍ਹਾਂ ਦੱਸਿਆ ਕਿ ਦੋ ਦਿਨ ਪਹਿਲਾਂ ਛੇ ਟਰੱਕ ਰਾਹਤ ਸਮੱਗਰੀ ਦੇ ਪੰਜਾਬ ਭੇਜੇ ਗਏ ਸਨ ਅਤੇ ਅੱਜ ਹੋਰ ਚਾਰ ਟਰੱਕ ਭੇਜੇ ਜਾ ਰਹੇ ਹਨ, ਜਿਨ੍ਹਾਂ ਵਿੱਚ ਕੰਬਲਾਂ, ਗੱਦਿਆਂ, ਮੱਛਰਦਾਨੀਆਂ, ਬਰਤਨ ਅਤੇ ਰੋਜ਼ਾਨਾ ਵਰਤੋਂ ਵਾਲੀਆਂ ਹੋਰ ਜ਼ਰੂਰੀ ਚੀਜ਼ਾਂ ਸ਼ਾਮਲ ਹਨ। ਉਨ੍ਹਾਂ ਅੱਗੇ ਕਿਹਾ ਕਿ ਹਾਲਾਤ ਦੇ ਮੱਦੇਨਜ਼ਰ ਡੀਜ਼ਲ, ਖਾਦ ਅਤੇ ਬੀਜ ਦੀ ਸਭ ਤੋਂ ਵੱਧ ਲੋੜ ਹੈ। ਡੀ.ਐਸ.ਜੀ.ਐਮ.ਸੀ. ਨੇ ਪਹਿਲਾਂ ਹੀ 5 ਹਜ਼ਾਰ ਏਕੜ ਜ਼ਮੀਨ 'ਤੇ ਬੀਜਾਈ ਲਈ ਬੀਜ ਦੇਣ ਦਾ ਐਲਾਨ ਕੀਤਾ ਹੋਇਆ ਹੈ।

ਸਰਦਾਰ ਹਰਮੀਤ ਸਿੰਘ ਕਾਲਕਾ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਪੰਜਾਬ ਦੇ ਹੜ੍ਹ-ਪ੍ਰਭਾਵਿਤ ਭਰਾਵਾਂ ਦੀ ਸਹਾਇਤਾ ਲਈ ਅੱਗੇ ਆਓ। ਉਨ੍ਹਾਂ ਕਿਹਾ ਕਿ ਦਿੱਲੀ ਸੰਗਤ ਵੱਲੋਂ ਜੋ ਵੀ ਸਮੱਗਰੀ ਭੇਜੀ ਜਾਵੇਗੀ, ਉਹ ਜ਼ਿੰਮੇਵਾਰੀ ਨਾਲ ਹੜ੍ਹ ਪ੍ਰਭਾਵਿਤ ਲੋਕਾਂ ਤੱਕ ਸਹੀ ਥਾਂ 'ਤੇ ਪਹੁੰਚ ਯਕੀਨੀ ਬਣਾਈ ਜਾਵੇਗੀ।

# ਵਿਧਾਇਕ ਮਾਲੇਰਕੋਟਲਾ ਨੇ ਸਥਾਨਕ ਅਨਾਜ ਮੰਡੀ ਅਤੇ ਅਨਾਜ ਮੰਡੀ ਸੰਦੌੜ ਵਿਖੇ ਝੋਨੇ ਦੀ ਸਰਕਾਰੀ ਖ਼ਰੀਦ ਸ਼ੁਰੂ ਕਰਵਾਈ

**ਮਾਲੇਰਕੋਟਲਾ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਕਿਸਾਨਾਂ ਤੇ ਆੜ੍ਹਤੀਆਂ ਦੇ ਹਰ ਸੰਭਵ ਸਹਿਯੋਗ ਲਈ ਤੱਤਪਰ ਹੈ ਅਤੇ ਝੋਨੇ ਦੀ ਖ਼ਰੀਦ ਸੀਜਨ ਦੌਰਾਨ ਕਿਸੇ ਵੀ ਤਰ੍ਹਾਂ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਇਸ ਗੱਲ ਦਾ ਪ੍ਰਗਟਾਵਾ ਵਿਧਾਇਕ ਮਾਲੇਰਕੋਟਲਾ ਡਾ. ਜਮੀਲ ਉਰ ਰਹਿਮਾਨ ਵੱਲੋਂ ਸਥਾਨਕ ਅਨਾਜ ਮੰਡੀ ਮਾਲੇਰਕੋਟਲਾ ਅਤੇ ਅਨਾਜ ਮੰਡੀ ਸੰਦੌੜ ਵਿਖੇ ਝੋਨੇ ਦੀ ਸਰਕਾਰੀ ਖ਼ਰੀਦ ਸ਼ੁਰੂ ਕਰਵਾਉਣ ਮੌਕੇ ਕੀਤਾ ਗਿਆ।

ਵਿਧਾਇਕ ਨੇ ਕਿਹਾ ਕਿ ਮੰਡੀਆਂ ਵਿੱਚ ਪੀਣ ਵਾਲੇ ਪਾਣੀ, ਛਾਂ, ਰੌਸ਼ਨੀ,ਸਫਾਈ ਆਦਿ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਮੰਡੀਆਂ ਦੀ ਸਾਫ-ਸਫਾਈ ਆਦਿ ਦਾ ਖਾਸ਼ ਧਿਆਨ ਰੱਖਿਆ ਜਾਵੇ ਅਤੇ ਬਾਰਦਾਨੇ ਦੇ ਵੀ ਅਗੇਤੇ ਪੁਖੱਤਾ ਪ੍ਰਬੰਧ ਯਕੀਨੀ ਬਣਾਏ ਜਾਣ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਮੰਡੀਆਂ @ਚ ਕਿਸੇ ਕਿਸਮ ਦੀ ਮੁਸ਼ਕਲ ਪੇਸ਼ ਨਹੀਂ ਆਵੇਗੀ ਅਤੇ ਕਿਸਾਨਾਂ ਵੱਲੋਂ ਲਿਆਂਦੀ ਗਈ ਫ਼ਸਲ ਦਾ ਦਾਣਾ-ਦਾਣਾ ਖਰੀਦ ਕੀਤਾ ਜਾਵੇਗਾ। ਮੰਡੀਆਂ ਵਿਚੋਂ ਖਰੀਦ ਕੀਤੇ ਝੋਨੇ ਦੀ ਚੁਕਾਈ 72 ਘੰਟਿਆਂ ਦੇ ਅੰਦਰ ਅੰਦਰ ਕੀਤੀ ਜਾਵੇਗੀ ਅਤੇ ਤੈਅ ਸਮੇਂ ਮੁਤਾਬਕ ਕਿਸਾਨਾਂ ਨੂੰ ਅਦਾਇਗੀ ਕੀਤੀ ਜਾਵੇਗੀ।

ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮੰਡੀਆਂ @ਚ ਸੁੱਕੀ ਫਸਲ ਹੀ ਲੈ ਕੇ ਆਉਣ ਤਾਂ ਜੋ ਉਨ੍ਹਾਂ ਨੂੰ ਮੰਡੀ ਵਿੱਚ ਕਿਸੇ ਤਰ੍ਹਾਂ ਦੀ ਦਿੱਕਤ ਨਾ ਆਵੇ ਅਤੇ ਮੰਡੀਆਂ ਵਿੱਚ ਭੀੜ ਦੀ ਸਮੱਸਿਆ ਨਾ ਬਣੇ। ਮੰਡੀ ਵਿੱਚ ਸੁੱਕੀ ਫਸਲ ਲਿਆਉਣ ਕਰਕੇ ਨਾਲੋ-ਨਾਲ ਖਰੀਦ ਹੋਵੇਗੀ ਤੇ ਕਿਸਾਨ ਵੀਰਾਂ ਨੂੰ ਸਮੇਂ ਸਿਰ ਵਿਹਲਾ ਕੀਤਾ ਜਾ ਸਕੇਗਾ। ਉਹਨਾਂ ਇਹ ਵੀ ਅਪੀਲ ਕੀਤੀ ਕਿ ਕਿਸਾਨ ਸ਼ਾਮ 6 ਵਜੇ ਤੋਂ ਸਵੇਰੇ 10 ਵਜੇ ਤੱਕ ਕੰਬਾਇਨਾਂ ਨਾਲ ਝੋਨਾ ਨਾ ਕੱਟਣ ਕਿਉਂਕਿ ਰਾਤ ਸਮੇਂ ਕੱਟੇ ਗਿੱਲੇ/ ਹਰੇ ਝੋਨੇ ਵਿੱਚ ਨਮੀ ਪ੍ਰਵਾਨਿਤ ਹੱਦ ਨਾਲੋਂ ਜਿਆਦਾ ਹੋਣ ਕਰਕੇ ਵਿਕਰੀ ਸਮੇਂ ਮੁਸ਼ਕਿਲ ਸਾਹਮਣੇ ਆਉਂਦੀ ਹੈ।

ਇਸ ਮੌਕੇ ਇੰਸਪੈਕਟਰ ਇੰਚਾਰਜ ਖੁਰਾਕ ਸਪਲਾਈ ਵਿਭਾਗ ਰਸ਼ਮਿੰਦਰ ਸਿੰਘ ਨੇ ਦੱਸਿਆ ਕਿ ਹੁਣ ਤੱਕ ਜ਼ਿਲੇ ਵਿੱਚ 405 ਮੀਟ੍ਰਿਕ ਟਨ ਝੋਨੇ ਦੀ ਆਮਦ ਹੋ ਚੁੱਕੀ ਹੈ, ਜਿਸ ਵਿੱਚੋਂ 320 ਮੀਟ੍ਰਿਕ ਟਨ ਦੀ ਖਰੀਦ ਕੀਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਹੁਣ ਤੱਕ 34 ਲੱਖ ਰੁਪਏ ਦੀ ਅਦਾਇਗੀ ਕਿਸਾਨਾਂ ਦੇ ਖਾਤਿਆਂ ਵਿੱਚ ਹੋ ਚੁੱਕੀ ਹੈ।

ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਮਾਲੇਰਕੋਟਲਾ ਜਾਫਰ ਅਲੀ, ਚੇਅਰਮੈਨ ਮਾਰਕੀਟ ਕਮੇਟੀ ਸੰਦੌੜ ਕਰਮਜੀਤ ਸਿੰਘ ਕੁਠਾਲਾ, ਹਲਕਾ ਸੰਗਠਣ ਇੰਚਾਰਜ ਸੰਤੋਖ ਸਿੰਘ, ਬਲਾਕ ਪ੍ਰਧਾਨ ਅਬਦੁੱਲ ਹਲੀਮ, ਪ੍ਰਧਾਨ ਆੜਤੀਆ ਕਮੇਟੀ ਤੀਰਥ ਸਿੰਘ ਆਦਿ ਕਿਸਾਨ ਮੌਜੂਦ ਸਨ।

# ਪੰਜਾਬ ਨੂੰ ਭਾਜਪਾ ਦੀ ਕੇਂਦਰ ਸਰਕਾਰ ਵੱਲੋਂ ਐਲਾਨੀ ਗਈ ਨਿਗੂਣੀ ਹੜ੍ਹ ਰਾਹਤ ਰਾਸ਼ੀ ਦੀ ਵਿੱਤ ਮੰਤਰੀ ਚੀਮਾ ਵੱਲੋਂ ਕਰੜੀ ਨਿਖੇਧੀ

## ਐਲਾਨੇ ਗਏ 1600 ਕਰੋੜ ਰੁਪਏ ਦੇ ਮਾਮੂਲੀ ਰਾਹਤ ਪੈਕੇਜ ਵਿੱਚੋਂ ਵੀ ਹੁਣ ਤੱਕ ਰੁਪਇਆ ਪੰਜਾਬ ਦੇ ਖਜਾਨੇ ਵਿੱਚ ਨਹੀਂ ਪਹੁੰਚਿਆ

**ਚੰਡੀਗੜ੍ਹ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਪੰਜਾਬ ਵਿਧਾਨ ਸਭਾ ਦੇ ਫਲੋਰ ਦੀ ਵਰਤੋਂ ਕਰਦਿਆਂ ਜੁਲਾਈ ਅਤੇ ਅਗਸਤ ਵਿੱਚ ਸੂਬੇ ਭਰ ਵਿੱਚ ਆਏ ਵਿਨਾਸ਼ਕਾਰੀ ਹੜ੍ਹਾਂ ਨਾਲ ਨਜਿੱਠਣ ਲਈ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਤਿੱਖੀ ਆਲੋਚਨਾ ਕੀਤੀ, ਖਾਸ ਤੌਰ 'ਤੇ ਪ੍ਰਧਾਨ ਮੰਤਰੀ ਨੂੰ ਉਨ੍ਹਾਂ ਦੇ ਦੇਰੀ ਨਾਲ ਕੀਤੇ ਦੌਰੇ, ਮਾਮੂਲੀ ਵਿੱਤੀ ਸਹਾਇਤਾ ਅਤੇ ਪਠਾਨਕੋਟ ਵਿੱਚ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਮਿਲਣ ਵਿੱਚ ਅਸਫਲ ਰਹਿਣ ਲਈ ਸਵਾਲ ਕੀਤਾ। ਵਿੱਤ ਮੰਤਰੀ ਨੇ ਇਸ ਮੌਕੇ ਕਾਂਗਰਸ ਪਾਰਟੀ 'ਤੇ ਵੀ ਮੌਕਾਪ੍ਰਸਤ ਰਾਜਨੀਤੀ ਕਰਨ ਦਾ ਦੋਸ਼ ਵੀ ਲਗਾਉਂਦਿਆ ਕਿਹਾ ਕਿ ਇਸ ਸੰਕਟ ਦੌਰਾਨ ਸੂਬੇ ਦਾ ਸਾਥ ਦੇਣ ਦੀ ਬਜਾਏ, ਪੰਜਾਬ ਕਾਂਗਰਸ ਲੀਡਰਸ਼ਿਪ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਹੱਕ ਵਿੱਚ ਭੁਗਤ ਰਹੀ ਹੈ।

ਪੰਜਾਬ ਦੇ ਮੁੜ ਵਸੇਬੇ ਦੇ ਮਤੇ ਦੇ ਹੱਕ ਵਿੱਚ ਬੋਲਦਿਆਂ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਅਗਸਤ ਵਿੱਚ ਕਪੂਰਥਲਾ ਜ਼ਿਲ੍ਹੇ ਵਿੱਚ ਸ਼ੁਰੂ ਹੋਈ ਤਬਾਹੀ ਦੀ ਇੱਕ ਗੰਭੀਰ ਤਸਵੀਰ ਪੇਸ਼ ਕੀਤੀ, ਅਤੇ ਅਗਸਤ ਦੇ ਅੰਤ ਤੱਕ ਸੂਬੇ ਵਿੱਚ ਸਭ ਤੋਂ ਭਿਆਨਕ ਹੜ੍ਹਾਂ ਦਾ ਜਿਕਰ ਕੀਤਾ। ਇਹ ਜ਼ਿਕਰ ਕਰਦੇ ਹੋਏ ਕਿ ਰਾਜ ਸਰਕਾਰ ਨੇ ਰਾਹਤ ਅਤੇ ਬਚਾਅ ਕਾਰਜਾਂ ਲਈ ਆਪਣੇ ਸਾਰੇ ਉਪਲਬਧ ਸਰੋਤ ਜੁਟਾਏ, 'ਆਪ' ਵਿਧਾਇਕਾਂ ਅਤੇ ਮੰਤਰੀਆਂ ਨੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਅਣਥੱਕ ਮਿਹਨਤ ਕੀਤੀ, ਵਿੱਤ ਮੰਤਰੀ ਚੀਮਾ ਨੇ ਸਵਾਲ ਕੀਤਾ ਕਿ ਕੀ ਕੇਂਦਰ ਨੇ ਸੰਘੀ ਢਾਂਚੇ ਦੇ ਅੰਦਰ ਆਪਣੀਆਂ ਜ਼ਿੰਮੇਵਾਰੀਆਂ ਪੂਰੀਆਂ ਕੀਤੀਆਂ ਹਨ।

ਹੜ੍ਹ ਸ਼ੁਰੂ ਹੋਣ ਤੋਂ ਲਗਭਗ ਇੱਕ ਮਹੀਨੇ ਬਾਅਦ ਹੋਈ ਪ੍ਰਧਾਨ ਮੰਤਰੀ ਦੀ ਫੇਰੀ ਵਿੱਚ ਮਹੱਤਵਪੂਰਨ ਦੇਰੀ ਨੂੰ ਉਜਾਗਰ ਕਰਦੇ ਹੋਏ, ਵਿੱਤ ਮੰਤਰੀ ਚੀਮਾ ਨੇ ਇਸ ਦੀ ਤੁਲਨਾ ਅਫਗਾਨਿਸਤਾਨ ਨੂੰ ਰਾਹਤ ਪਹੁੰਚਾਉਣ ਵਿੱਚ ਤੇਜ਼ ਪ੍ਰਤੀਕਿਰਿਆ ਨਾਲ ਕੀਤੀ, ਅਤੇ ਇਸ ਪਹੁੰਚ ਵਿੱਚ ਅਸਮਾਨਤਾ 'ਤੇ ਸਵਾਲ ਉਠਾਏ। ਵਿੱਤ ਮੰਤਰੀ ਚੀਮਾ ਨੇ ਚੀਮਾ ਨੇ ਕੇਂਦਰ ਸਰਕਾਰ ਦੇ ਲੋੜੀਂਦੇ ਕਾਰਵਾਈ ਕਰਨ ਵਿੱਚ ਅਯੋਗ ਰਹਿਣ ਨੂੰ ਉਜਾਗਰ ਕਰਦਿਆਂ ਕਿਹਾ ਕਿ ਇਸ ਤੋਂ ਵੀ ਜ਼ਿਆਦਾ ਪਰੇਸ਼ਾਨ ਕਰਨ ਵਾਲੀ ਗੱਲ ਇਹ ਹੈ ਕਿ ਪ੍ਰਧਾਨ ਮੰਤਰੀ ਵੱਲੋਂ 1600 ਕਰੋੜ ਰੁਪਏ ਦੇ ਮਾਮੂਲੀ ਰਾਹਤ ਪੈਕੇਜ ਦਾ ਐਲਾਨ ਕੀਤਾ ਗਿਆ ਹੈ, ਜਿਸ ਵਿੱਚੋਂ ਵੀ ਅੱਜ ਤੱਕ ਪੰਜਾਬ ਦੇ ਖਜਾਨੇ ਵਿੱਚ ਇੱਕ ਵੀ ਰੁਪਿਆ ਨਹੀਂ ਪਹੁੰਚਿਆ।

ਆਫ਼ਤ ਕਾਰਨ ਸੂਬੇ ਅੰਦਰ ਮਨੁੱਖੀ ਜੀਵਨ ਨੂੰ ਪਹੁੰਚੀ ਡੂੰਘੀ ਸੱਟ ਦਾ ਜ਼ਿਕਰ ਕਰਦਿਆਂ ਵਿੱਤ ਮੰਤਰੀ ਨੇ 26 ਅਗਸਤ ਦੀ ਦਿਲ ਦਹਿਲਾ ਦੇਣ ਵਾਲੀ ਘਟਨਾ ਦਾ ਜ਼ਿਕਰ ਕੀਤਾ ਜਿਸ ਵਿੱਚ ਇੱਕ ਪਰਿਵਾਰ ਬਹੁਤ ਦੁਖਦਾਈ ਤੌਰ 'ਤੇ ਪ੍ਰਭਾਵਿਤ ਹੋਇਆ ਸੀ। ਹੜ੍ਹ ਨੇ 15



ਸਾਲਾ ਦੀ ਮੀਨੂੰ ਦੀ ਜਾਨ ਲੈ ਲਈ ਅਤੇ ਉਸ ਦੇ ਛੋਟੇ ਭੈਣ-ਭਰਾ, 9 ਸਾਲਾ ਲਾਡੀ ਅਤੇ 6 ਸਾਲਾ ਲੱਛੂ ਲਾਪਤਾ ਹੋ ਗਏ। ਵਿੱਤ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੇ ਪਿਤਾ, ਬਾਗ, ਨੇ ਨਾ ਸਿਰਫ਼ ਆਪਣੇ ਤਿੰਨ ਬੱਚਿਆਂ ਨੂੰ ਗੁਆਇਆ, ਸਗੋਂ ਆਪਣੇ ਪਸ਼ੂਆਂ ਨੂੰ ਵੀ ਖੋਹਣ ਦਾ ਵੱਡਾ ਦੁਖਾਂਤ ਝੱਲਿਆ। ਉਨ੍ਹਾਂ ਹੜ੍ਹ ਕਾਰਨ ਜਾਨਾ ਗਵਾਉਣ ਵਾਲੇ ਜ਼ਿਲ੍ਹੇ ਦੇ 7 ਸਾਲਾ ਸਾਹਿਲ ਅਤੇ 12 ਸਾਲਾ ਕੇਸ਼ਵ ਕੁਮਾਰ ਦਾ ਵੀ ਜਿਕਰ ਕੀਤਾ।

ਪ੍ਰਧਾਨ ਮੰਤਰੀ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਦੌਰੇ 'ਤੇ ਤਿੱਖਾ ਹਮਲਾ ਕਰਦੇ ਹੋਏ, ਵਿੱਤ ਮੰਤਰੀ ਨੇ ਕਿਹਾ, ਪ੍ਰਧਾਨ ਮੰਤਰੀ ਉਸ ਪਰਿਵਾਰ ਨੂੰ ਦਿਲਾਸਾ ਦੇਣ ਵਿੱਚ ਵੀ ਅਸਫਲ ਰਹੇ ਜਿਸਨੇ ਆਪਣੇ ਤਿੰਨ ਮੈਂਬਰਾਂ ਨੂੰ ਹੜ੍ਹਾਂ ਵਿੱਚ ਗੁਆ ਦਿੱਤਾ, ਅਤੇ ਉਨ੍ਹਾਂ ਆਪਣੇ ਦੌਰੇ ਨੂੰ ਸਿਰਫ਼ ਫੋਟੋ ਖਿਚਵਾਉਣ ਤੱਕ ਸੀਮਤ ਕਰ ਦਿੱਤਾ।

ਵਿੱਤ ਮੰਤਰੀ ਨੇ ਸਦਨ ਨੂੰ ਯਾਦ ਦਿਵਾਇਆ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਅਗਸਤ ਦੇ ਅਖੀਰ ਵਿੱਚ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਬਕਾਇਆ ਫੰਡਾਂ ਵਿੱਚ 60,000 ਕਰੋੜ ਰੁਪਏ ਜਾਰੀ ਕਰਨ ਦੀ ਮੰਗ ਕੀਤੀ ਸੀ। ਉਨ੍ਹਾਂ ਨੇ ਇੱਕ ਚਿੰਤਾਜਨਕ ਅਸਮਾਨਤਾ ਨੂੰ ਉਜਾਗਰ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਲੋਕਾਂ ਦੁਆਰਾ ਚੁਣੇ ਹੋਏ ਮੁੱਖ ਮੰਤਰੀ ਲਈ ਪਹੁੰਚਯੋਗ ਨਹੀਂ ਹਨ ਪਰ ਨਿਯੁਕਤ ਵਿਅਕਤੀਆਂ ਨੂੰ ਆਸਾਨੀ ਨਾਲ ਮਿਲਦੇ ਹਨ। ਵਿੱਤ ਮੰਤਰੀ ਨੇ ਵਿਧਾਨ ਸਭਾ ਵਿੱਚੋਂ ਭਾਜਪਾ ਵਿਧਾਇਕਾਂ ਦੀ ਗੈਰਹਾਜ਼ਰੀ 'ਤੇ ਵੀ ਅਫਸੋਸ ਪ੍ਰਗਟ ਕਰਦਿਆਂ ਕਿਹਾ ਕਿ ਉਹ ਜੇਕਰ ਸਦਨ ਵਿੱਚ ਹੁੰਦੇ ਤਾਂ 1600 ਕਰੋੜ ਰੁਪਏ ਦੇ ਰਾਹਤ ਪੈਕੇਜ ਦੀ ਵਰਤੋਂ ਬਾਰੇ ਸਪੱਸ਼ਟਤਾ ਪ੍ਰਦਾਨ ਕਰ ਸਕਦੇ ਸਨ, ਜਿਸ ਵਿੱਚੋਂ ਇੱਕ ਵੀ ਪੈਸਾ ਸੂਬਾ ਸਰਕਾਰ ਦੇ ਖਜ਼ਾਨੇ ਵਿੱਚ ਹੁਣ ਤੱਕ ਨਹੀਂ ਪਹੁੰਚਿਆ ਹੈ। ਉਨ੍ਹਾਂ ਕਿਹਾ, ਅੱਜ, ਭਾਜਪਾ ਦਾ ਚਿਹਰਾ ਦੇਸ਼ ਭਰ ਵਿੱਚ ਬੇਨਕਾਬ ਹੋ ਗਿਆ ਹੈ।

ਵਿੱਤ ਮੰਤਰੀ ਨੇ ਅਫਵਾਹਾਂ ਫੈਲਾਉਣ ਲਈ ਵਿਰੋਧੀ ਧਿਰ ਨੂੰ ਵੀ ਝਾੜ ਪਾਈ ਅਤੇ ਸਪੱਸ਼ਟ ਕੀਤਾ ਕਿ ਸੂਬੇ ਨੂੰ ਪ੍ਰਾਪਤ ਹੋਏ 240 ਕਰੋੜ ਰੁਪਏ ਵਿੱਤੀ ਸਾਲ 2025-26 ਲਈ ਆਫ਼ਤ ਪ੍ਰਬੰਧਨ ਬਜਟ ਦੇ ਤਹਿਤ ਕੇਂਦਰ ਸਰਕਾਰ ਤੋਂ ਪਹਿਲਾਂ ਹੀ ਬਕਾਇਆ 481 ਕਰੋੜ ਰੁਪਏ ਦਾ ਹਿੱਸਾ ਹਨ। ਆਫ਼ਤ ਪ੍ਰਬੰਧਨ ਫੰਡ ਬਾਰੇ ਤੱਥਾਂ ਨੂੰ ਸਪੱਸ਼ਟ ਕਰਦੇ ਹੋਏ ਵਿੱਤ ਮੰਤਰੀ ਨੇ ਕਿਹਾ ਕਿ ਆਫ਼ਤ ਪ੍ਰਬੰਧਨ ਲਈ ਅਲਾਟ ਕੀਤੇ ਗਏ ਫੰਡ ਹਰ ਸਾਲ ਪ੍ਰਾਪਤ ਹੁੰਦੇ ਹਨ, ਅਤੇ ਜੇਕਰ ਇਹ ਫੰਡ ਅਣਵਰਤੇ ਰਹਿੰਦੇ ਹਨ, ਤਾਂ ਇਨ੍ਹਾਂ 'ਤੇ 8.15% ਵਿਆਜ ਦੇਣਾ ਪਵੇਗਾ। ਉਨ੍ਹਾਂ ਕਿਹਾ ਕਿ ਆਫ਼ਤ ਪ੍ਰਬੰਧਨ ਐਕਟ 2010 ਵਿੱਚ ਲਾਗੂ ਕੀਤਾ ਗਿਆ ਸੀ। 2017 ਅਤੇ 2022 ਦੇ ਵਿਚਕਾਰ, ਕੇਂਦਰ ਸਰਕਾਰ ਨੇ ਪੰਜਾਬ ਵਿੱਚ ਆਫ਼ਤ ਪ੍ਰਬੰਧਨ ਲਈ 2,061 ਕਰੋੜ ਰੁਪਏ ਅਲਾਟ ਕੀਤੇ ਸਨ, ਜਿਸ ਵਿੱਚੋਂ ਕਾਂਗਰਸ ਸਰਕਾਰ ਨੇ 1,678 ਕਰੋੜ ਰੁਪਏ ਵਰਤੇ ਸਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਕਾਰਜਕਾਲ ਦੌਰਾਨ, ਤਿੰਨ ਸਾਲਾਂ ਵਿੱਚ 1,582 ਕਰੋੜ ਰੁਪਏ ਪ੍ਰਾਪਤ ਹੋਏ ਸਨ, ਜਿਸ ਵਿੱਚੋਂ 649 ਕਰੋੜ ਰੁਪਏ ਖਰਚ ਕੀਤੇ ਗਏ। ਵਿੱਤ ਮੰਤਰੀ ਨੇ ਕਿਹਾ ਕਿ ਆਫ਼ਤ ਪ੍ਰਬੰਧਨ ਫੰਡਾਂ 'ਤੇ ਕਾਂਗਰਸ ਪਾਰਟੀ ਦੀ ਬਿਆਨਬਾਜ਼ੀ ਪੰਜਾਬ ਦੇ ਹਿੱਤਾਂ ਦੇ ਉਲਟ ਹੈ। ਉਨ੍ਹਾਂ ਕਾਂਗਰਸੀ ਆਗੂਆਂ ਦੀ ਆਲੋਚਨਾ ਕਰਦਿਆਂ ਤੰਜ ਕੱਸਿਆ ਕਿ ਉਨ੍ਹਾਂ ਦੇ ਵਿਦਿਅਕ ਪਿਛੋਕੜ ਦੁਆਰਾ ਉਨ੍ਹਾਂ ਨੂੰ ਬਿਹਤਰ ਆਰਥਿਕ ਸਮਝ ਨਾਲ ਲੈਸ ਕਰਨਾ ਚਾਹੀਦਾ ਸੀ। ਵਿੱਤ ਮੰਤਰੀ ਚੀਮਾ ਨੇ ਸ਼ੇਰ ਸਿੰਘ ਦੀ ਬਰਖਾਸਤਗੀ ਦੀ ਮੰਗ ਕਰਨ 'ਤੇ ਕਾਂਗਰਸ ਪਾਰਟੀ ਦੇ ਰੁਖ 'ਤੇ ਵੀ ਸਵਾਲ ਉਠਾਇਆ, ਅਤੇ ਪੁੱਛਿਆ ਕਿ ਕੀ ਇਹ ਦਲਿਤਾਂ ਵਿਰੁੱਧ ਪੱਖਪਾਤ ਨੂੰ ਦਰਸਾਉਂਦਾ ਹੈ।

ਵਿੱਤ ਮੰਤਰੀ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਸਖ਼ਤ ਚੇਤਾਵਨੀ ਦਿੰਦੇ ਹੋਏ ਪੰਜਾਬ ਨਾਲ ਆਪਣਾ ਮਤਰੇਈ ਮਾਂ ਵਾਲਾ ਸਲੂਕ ਖਤਮ ਕਰਨ ਦੀ ਅਪੀਲ ਕੀਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਰਾਹਤ ਫੰਡਾਂ ਨੂੰ ਤੁਰੰਤ ਜਾਰੀ ਕਰਨਾ ਇੱਕ ਬੁਨਿਆਦੀ ਲੋੜ ਹੈ ਅਤੇ ਲੱਖਾਂ ਪੰਜਾਬੀਆਂ ਲਈ ਇੱਕ ਜਾਇਜ਼ ਹੱਕ ਹੈ। ਉਨ੍ਹਾਂ ਕਿਹਾ ਕਿ ਕੌਮੀ ਖੁਰਾਕ ਸੁਰੱਖਿਆ ਵਿੱਚ ਸੂਬੇ ਦੇ ਮਹੱਤਵਪੂਰਨ ਯੋਗਦਾਨ ਅਤੇ 1962, 1965, 1971 ਦੀਆਂ ਜੰਗਾਂ ਅਤੇ ਮਈ ਵਿੱਚ ਹਾਲ ਹੀ ਵਿੱਚ ਹੋਈ ਜੰਗ ਦੌਰਾਨ ਅਤੇ ਸੂਬੇ ਦੀਆਂ ਬੇਮਿਸਾਲ ਕੁਰਬਾਨੀਆਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਆਪਣੇ ਨਿੱਜੀ ਤਜਰਬੇ ਨੂੰ ਸਾਂਝਾ ਕਰਦਿਆਂ ਵਿੱਤ ਮੰਤਰੀ ਨੇ ਆਪਣੇ ਸਵਰਗੀ ਪਿਤਾ, ਮੇਹਰ ਸਿੰਘ ਨੂੰ ਯਾਦ ਕੀਤਾ, ਜੋ ਕਿ ਇੱਕ ਭਾਰਤੀ ਫੌਜ ਦੇ ਸਿਪਾਹੀ ਸਨ ਅਤੇ ਜਿਨ੍ਹਾਂ ਨੇ 1962 ਅਤੇ 1971 ਦੀਆਂ ਜੰਗਾਂ ਬਹਾਦਰੀ ਨਾਲ ਲੜੀਆਂ ਸਨ।

# ਸ਼੍ਰੀ ਮਹਾ ਲਕਸ਼ਮੀ ਰਾਮਲੀਲਾ ਕਲੱਬ ਦੇ ਮੰਚ ਤੇ ਸ਼੍ਰੀ ਰਾਮ ਲਕਸ਼ਮਣ ਸੀਤਾ ਬਨਾ ਲਈ ਰਵਾਨਾ ਹੋਏ

**ਨਾਭਾ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਮਹਾ ਲਕਸ਼ਮੀ ਰਾਮਲੀਲਾ ਕਲੱਬ ਪੁਰਾਣਾ ਹਾਈਕੋਰਟ ਨਾਭਾ ਵਿਖੇ ਮਹੰਤ ਕਾਲਾ ਦਾਸ ਦੀ ਪ੍ਰਧਾਨਗੀ ਹੇਠ ਦਿਖਾਈ ਜਾ ਰਹੀ ਰਾਮਲੀਲਾ 'ਚ ਦਰਸ਼ਕਾਂ ਦੀ ਗਿਣਤੀ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਹੈ, ਸਾਰੀਆਂ ਕੁਰਸੀਆਂ ਦਰਸ਼ਕਾਂ ਨਾਲ ਭਰੀਆਂ ਪਈਆਂ ਸਨ, ਬੀਤੀ ਰਾਤ ਰਾਮਲੀਲਾ ਮੰਚ ਤੇ ਬਣਵਾਸ ਦੀ ਲੀਲਾ ਦਿਖਾਈ ਗਈ ਕੇਕਈ ਨੇ ਮਹਾਰਾਜਾ ਦਸ਼ਰਥ ਤੋਂ ਆਪਣੇ 2 ਵਾਰ ਮੰਗੇ, ਰਾਣੀ ਕੇਕਈ ਨੇ ਆਪਣੇ ਪਹਿਲੇ ਵਰ 'ਚ ਭਰਤ ਲਈ ਅਯੋਧਿਆ ਦਾ ਰਾਜ ਅਤੇ ਦੂਜੇ ਵਾਰ 'ਚ ਰਾਮ ਨੂੰ 14 ਸਾਲ ਦਾ ਬਨਵਾਸ ਮੰਗਿਆ ਇਹ ਸੁਣ ਕੇ ਮਹਾਰਾਜਾ ਦਸ਼ਰਥ ਸੁੰਨ ਹੋ ਗਏ ਉਨਾਂ ਨੂੰ ਆਪਣੇ ਕੰਨਾਂ ਤੇ ਵਿਸ਼ਵਾਸ ਨਹੀਂ ਹੋ ਰਿਹਾ ਸੀ ਕਿ ਰਾਣੀ ਨੇ ਇਹ ਕੀ ਮੰਗ ਲਿਆ ਪਰ ਰਘੂਕੁਲ ਰੀਤ ਸਦਾ ਚਲੀ ਆਈ, ਪ੍ਰਾਣ ਜਾਇ ਪਰ ਬਚਨ ਨਾ ਜਾਇ, ਰਾਜਾ ਦਸ਼ਰਥ ਆਪਣੇ ਵਚਨਾਂ ਕਾਰਨ ਵਿਵਸ਼ ਹੋ ਗਏ ? ਉਨ੍ਹਾਂ ਰਾਣੀ ਕੇਕਈ ਦੀਆਂ ਬਹੁਤ ਮਿਨਤਾਂ ਤਰਲੇ ਕੀਤੇ ਪਰ ਰਾਣੀ ਆਪਣੀ ਜਿੱਦ ਤੇ ਕਾਇਮ ਰਹੀ। ਸ਼੍ਰੀ ਰਾਮ ਲਕਸ਼ਮਣ ਸੀਤਾ ਮਹਾਰਾਜ ਦਸ਼ਰਥ ਮਾਤਾ ਕੁਸ਼ੱਲਿਆ, ਸੁਮਿਤਰਾ ਅਤੇ ਕੇਕਈ ਤੋਂ ਆਗਿਆ ਲੈ ਕੇ 14 ਸਾਲਾਂ ਲਈ ਬਨਾ ਵੱਲ ਰਵਾਨਾ ਹੋ ਗਏ। ਮਹੰਤ ਵਿਜੇ ਕੁਮਾਰ, ਜਨਰਲ ਸੈਕਟਰੀ ਸਾਧੂ ਰਾਮ ਜੀ, ਡਾਇਰੈਕਟਰ ਨਰੇਸ਼ ਹੰਸ, ਪਵਨ ਗੁਪਤਾ, ਰਾਮ ਬਹਾਦਰ, ਰਾਜਿੰਦਰ ਗੁਪਤਾ, ਰਾਜੇਸ਼ ਕੁਮਾਰ ਟੀਟਾ,ਅੰਮ੍ਰਿਤ ਪਾਲ ਰਿੰਕੂ, ਨੀਰਜ ਪਵਾਰ, ਜੋਨੀ ਮੁਖੀ, ਹਿਮਾਂਸ਼ੂ ਜਖ਼ਮੀ, ਲਵਲੀ ਅਰੋੜਾ, ਬੋਨੀ ਸ਼ਰਮਾ, ਰਾਹੁਲ ਸ਼ਰਮਾ, ਹੇਮਰਾਜ ਪਵਾਰ, ਅਨਿਲ ਗੁਪਤਾ, ਗੁਰਮੁਖ ਸਿੰਘ, ਰਮਨ ਪਟਵਾਰੀ, ਤਿਲਕ ਰਾਜ ਸ਼ਰਮਾ, ਮੋਹਿਤ ਛਾਬੜਾ, ਸਕਸ਼ਮ ਬਾਂਗਾ, ਜੋਨੀ ਗੋਇਲ, ਸੁਧੀਰ ਜੈਨ, ਮੌਜੀ, ਸੰਦੀਪ ਕੁਮਾਰ, ਕ੍ਰਿਸ਼ਨਾ, ਰਮਨ, ਰਾਮ ਨਾਥ ਗੁਪਤਾ, ਪ੍ਰਿੰਸ ਕੁਮਾਰ ਬਾਵਾ, ਗਿਆਨ ਚੰਦ ਗੋਇਲ ਆਦਿ ਨੇ ਆਪਣੀ ਆਪਣੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ। ਮੰਚ ਸੰਚਾਲਨ ਸਟੇਜ ਸੈਕਟਰੀ ਸੰਜੀਵ ਕੁਮਾਰ ਸੰਜੂ ਬਹੁਤ ਹੀ ਵਧੀਆ ਢੰਗ ਨਾਲ ਨਿਭਾ ਰਹੇ ਹਨ।

# ਹਰਜਸ ਸਕੂਲ ਝੜੌਦੀ ਵਿਖੇ ਟ੍ਰੈਫਿਕ ਨਿਯਮਾਂ ਅਤੇ ਨਸ਼ਿਆਂ ਵਿਰੁੱਧ ਜਾਗਰੂਕਤਾ ਸੈਮੀਨਾਰ ਆਯੋਜਿਤ




**ਮਾਛੀਵਾੜਾ ਸਾਹਿਬ, 1 ਅਕਤੂਬਰ**
**-ਸਤੀਸ਼ ਕੁਮਾਰ-**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਨੇੜੇ ਪਿੰਡ ਝੜੌਦੀ ਵਿਖੇ ਹਰ ਜਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿੱਚ ਟਰੈਫਿਕ ਨਿਯਮਾਂ, ਯੁੱਧ ਨਸ਼ਿਆਂ ਵਿਰੁੱਧ , ਗੁੱਡ ਟੱਚ ਬੈਡ ਟੱਚ, ਸਬੰਧੀ ਸੈਮੀਨਾਰ ਆਯੋਜਿਤ ਕੀਤਾ ਗਿਆ ਜਿਸ ਵਿੱਚ ਏ.ਐਸ.ਆਈ. ਰਾਜੇਸ਼ ਕੁਮਾਰ ਪੁਲਿਸ ਸਾਂਝ ਕੇਂਦਰ ਖੰਨਾ, ਤਰਲੋਚਨ ਸਿੰਘ, ਇੰਚਾਰਜ ਸਾਂਝ ਕੇਂਦਰ ਸਮਰਾਲਾ ਅਤੇ ਮਾਛੀਵਾੜਾ, ਹੌਲਦਾਰ ਪਵਨ ਕੁਮਾਰ, ਜਸਵੀਰ ਸਿੰਘ ਇੰਚਾਰਜ ਟਰੈਫਿਕ ਪੁਲਿਸ ਮਾਛੀਵਾੜਾ, ਸਰਬਜੀਤ ਕੌਰ ਮਹਿਲਾ ਮਿੱਤਰ ਡੈਸਕ ਮਾਛੀਵਾੜਾ, ਸਾਂਝ ਕੇਂਦਰ ਮਾਛੀਵਾੜਾ ਤੋਂ ਰਾਜਿੰਦਰਵੀਰ ਸਿੰਘ, ਮਾਛੀਵਾੜਾ ਸੋਸ਼ਲ ਵੈਲਫੇਅਰ ਸੋਸਾਇਟੀ ਐਨ.ਜੀ.ਓ. ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਅਤੇ ਹਰਚਰਨਜੀਤ ਸਿੰਘ ਬੱਬੀ ਸਰਪੰਚ ਜੋਧਵਾਲ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਰਾਜੇਸ਼ ਕੁਮਾਰ ਜੀ ਨੇ ਵਿਦਿਆਰਥੀਆਂ ਨੂੰ ਆਪਣੇ ਮਾਤਾ ਪਿਤਾ ਅਤੇ ਅਧਿਆਪਕਾਂ ਦਾ ਸਤਿਕਾਰ ਕਰਨ ਲਈ ਪ੍ਰੇਰਿਤ ਕਰਦਿਆਂ ਸਮਾਜ ਵਿੱਚ ਫੈਲੀਆਂ ਬੁਰਾਈਆਂ ਤੋਂ ਜਾਣੂ ਕਰਵਾਉਂਦਿਆਂ ਉਹਨਾਂ ਤੋਂ ਦੂਰ ਰਹਿਣ ਲਈ ਜਾਗਰੂਕ ਕੀਤਾ।

ਸਾਂਝ ਕੇਂਦਰ ਇਨਚਾਰਜ ਸਮਰਾਲਾ ਮਾਛੀਵਾੜਾ ਤਰਲੋਚਨ ਜੀ ਨੇ ਵਿਦਿਆਰਥੀਆਂ ਨੂੰ ਟਰੈਫਿਕ ਨਿਯਮਾਂ ਅਤੇ ਮੋਬਾਇਲ ਦੀ ਦੁਰਵਰਤੋਂ ਤੋ ਬਚਣ ਲਈ ਵਿਸ਼ੇਸ਼ ਜਾਣਕਾਰੀ ਦਿੱਤੀ। ਉਹਨਾਂ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਨਾਲ ਵੀ ਜੁੜਨ ਲਈ ਪ੍ਰੇਰਿਤ ਕੀਤਾ ਤਾਂ ਜੋ ਉਹ ਨਸ਼ਿਆਂ ਦੀ ਭੈੜੀ ਦਲਦਲ ਵਿੱਚ ਫਸਣ ਤੋਂ ਬਚ ਸਕਣ। ਟਰੈਫਿਕ ਚਾਰਜ ਮਾਛੀਵਾੜਾ ਜਸਵੀਰ ਸਿੰਘ ਨੇ ਵਿਦਿਆਰਥੀਆਂ ਨੂੰ ਆਧੁਨਿਕ ਯੁੱਗ ਵਿੱਚ ਟਰੈਫਿਕ ਦੇ ਨਿਯਮਾਂ ਦੀ ਪਾਲਣਾ ਕਰਦਿਆਂ ਟਰੈਫਿਕ ਦੇ ਨਿਯਮਾਂ ਅਨੁਸਾਰ ਚੱਲਣ ਲਈ ਪ੍ਰੇਰਿਤ ਕੀਤਾ ਅਤੇ ਟਰੈਫਿਕ ਦੇ ਨਿਯਮਾਂ ਨੂੰ ਤੋੜਨ ਤੇ ਹੋਣ ਵਾਲੇ ਜੁਰਮਾਨੇ ਅਤੇ ਸਜ਼ਾ ਬਾਰੇ ਵੀ ਜਾਣਕਾਰੀ।

ਮੈਡਮ ਸਰਬਜੀਤ ਕੌਰ ਨੇ ਵਿਦਿਆਰਥਣਾ ਨੂੰ 112 ਨੰਬਰ ਦੀ ਅਹਿਮੀਅਤ ਅਤੇ ਗੁਡ ਟੱਚ ਬੈਡ ਟੱਚ ਬਾਰੇ ਜਾਣਕਾਰੀ ਦਿੰਦਿਆਂ ਆਲੇ ਦੁਆਲੇ ਸਮਾਜ ਵਿੱਚ ਫੈਲੀਆਂ ਬੁਰਾਈਆਂ ਵਿਰੁੱਧ ਅਵਾਜ਼ ਉਠਾਉਣ ਲਈ ਪ੍ਰੇਰਿਤ ਕੀਤਾ। ਸਕੂਲ ਮੁੱਖ ਪ੍ਰਬੰਧਕ ਪਰਮਜੀਤ ਸਿੰਘ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਵਿਦਿਆਰਥੀਆਂ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਵੱਖ-ਵੱਖ ਸਮੇਂ ਤੇ ਲਗਾਏ ਜਾਂਦੇ ਸੈਮੀਨਾਰਾਂ ਲਈ ਪੁੱਜੇ ਮਹਿਮਾਨਾਂ ਦਾ ਧੰਨਵਾਦ ਪ੍ਰਗਟ ਕੀਤਾ। ਸੀਨੀਅਰ ਕੁਆਡੀਨੇਟਰ ਮਾਸਟਰ ਸਤੀਸ਼ ਕੁਮਾਰ ਨੇ ਮੰਚ ਸੰਚਾਲਨ ਦੀ ਭੂਮਿਕਾ ਬਾਖੂਬੀ ਨਿਭਾਈ।

# ਟਰੰਪ ਦੇ ਨਜ਼ਦੀਕੀ ਵਲੋਂ 90 ਫ਼ੁੱਟ ਉੱਚੀ ਹਨੂੰਮਾਨ ਦੀ ਮੂਰਤੀ ਬਾਰੇ ਅਭੱਦੀ ਟਿੱਪਣੀ

**ਵਾਸ਼ਿੰਗਟਨ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕਾ ਦੇ ਟੈਕਸਸ 'ਚ ਹਨੂਮਾਨ ਜੀ ਦੀ 90 ਫ਼ੁੱਟ ਉੱਚੀ ਮੂਰਤੀ ਦੇ ਅਪਮਾਨ ਦਾ ਮਾਮਲਾ ਸਾਹਮਣੇ ਆਇਆ ਹੈ। ਰੀਪਬਲੀਕਨ ਪਾਰਟੀ ਨਾਲ ਜੁੜੇ ਅਤੇ ਸਾਬਕਾ ਰਾਸ਼ਟਰਪਤੀ ਡੌਨਲਡ ਟਰੰਪ ਦੇ ਨਜ਼ਦੀਕੀ ਦੱਸੇ ਜਾਂਦੇ ਨੇਤਾ ਅਲੈਕਜ਼ੈਂਡਰ ਡੰਕਨ ਨੇ ਇਸ ਮੂਰਤੀ ਬਾਰੇ ਅਪਮਾਨਜਨਕ ਟਿੱਪਣੀ ਕੀਤੀ। ਇਹ ਮੂਰਤੀ, ਜੋ ਸਟੈਚੂ ਔਫ਼ ਯੂਨੀਅਨ ਦੇ ਨਾਂ ਨਾਲ ਜਾਣੀ ਜਾਂਦੀ ਹੈ, ਟੈਕਸਸ ਦੇ ਸ਼ੂਗਰ ਲੈਂਡ 'ਚ ਸਥਿਤ ਸ਼੍ਰੀ ਅਸ਼ਟਲਕਸ਼ਮੀ ਮੰਦਰ 'ਚ ਲਗਾਈ ਗਈ ਹੈ, ਅਤੇ ਅਮਰੀਕਾ ਦੀਆਂ ਸਭ ਤੋਂ ਉੱਚੀਆਂ ਹਿੰਦੂ ਮੂਰਤੀਆਂ 'ਚੋਂ ਇੱਕ ਹੈ।

**ਡੰਕਨ ਦਾ ਵਿਵਾਦਿਤ ਬਿਆਨ:** ਡੰਕਨ ਨੇ ਸੋਸ਼ਲ ਮੀਡੀਆ ਪਲੈਟਫ਼ੌਰਮ **X** 'ਤੇ ਇਸ ਮੂਰਤੀ ਨੂੰ ਝੂਠੇ ਹਿੰਦੂ ਭਗਵਾਨ ਦੀ ਮੂਰਤੀ ਕਹਿੰਦੇ ਹੋਏ ਲਿਖਿਆ, "ਅਸੀਂ ਇੱਕ ਕਰਿਸਚਨ ਰਾਸ਼ਟਰ ਹਾਂ।" ਉਸ ਨੇ ਬਾਈਬਲ (**Exodus 20:3-4**) ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਕਿਸੇ ਹੋਰ ਭਗਵਾਨ ਦੀ ਪੂਜਾ ਨਹੀਂ ਕਰਨੀ ਚਾਹੀਦੀ, ਅਤੇ ਨਾ ਹੀ ਭਗਵਾਨਾਂ ਦੀਆਂ ਮੂਰਤੀਆਂ ਬਣਾਉਣੀਆਂ ਚਾਹੀਦੀਆਂ।



**HAF ਨੇ ਕੀਤਾ ਵਿਰੋਧ:** ਹਿੰਦੂ ਅਮੈਰੀਕਨ ਫ਼ਾਊਂਡੇਸ਼ਨ (**HAF**) ਨੇ ਇਸ ਬਿਆਨ ਨੂੰ ਐਂਟੀ-ਹਿੰਦੂ ਅਤੇ ਭੜਕਾਉਣ ਵਾਲਾ ਕਹਿੰਦੇ ਹੋਏ ਟੈਕਸਸ ਰੀਪਬਲੀਕਨ ਪਾਰਟੀ ਤੋਂ ਡੰਕਨ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ। **HAF** ਨੇ ਸਵਾਲ ਉਠਾਇਆ, "ਕੀ ਤੁਸੀਂ ਆਪਣੇ ਹੀ ਗ਼ੈਰ-ਭੇਦਭਾਵ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਉਮੀਦਵਾਰ ਵਿਰੁੱਧ ਕਾਰਵਾਈ ਕਰੋਗੇ ?"

**ਸੋਸ਼ਲ ਮੀਡੀਆ 'ਤੇ ਭਾਰੀ ਗੁੱਸਾ:** ਇਸ ਮਾਮਲੇ ਨੇ ਸੋਸ਼ਲ ਮੀਡੀਆ 'ਤੇ ਵੀ ਬਹੁਤ ਗੁੱਸਾ ਪੈਦਾ ਕੀਤਾ ਹੈ। ਇੱਕ ਉਪਭੋਗਤਾ ਜੌਰਡਨ ਕ੍ਰੌਡਰ ਨੇ ਲਿਖਿਆ, "ਤੁਸੀਂ ਹਿੰਦੂ ਨਹੀਂ ਹੋ, ਇਸ ਦਾ ਮਤਲਬ ਇਹ ਨਹੀਂ ਕਿ ਉਹ ਗ਼ਲਤ ਹਨ। ਵੇਦ ਲਗਭਗ 2,000 ਸਾਲ ਪਹਿਲਾਂ ਲਿਖੇ ਗਏ ਸਨ, ਅਤੇ ਉਨ੍ਹਾਂ ਦਾ ਕ੍ਰਿਸ਼ਚੀਅਨ ਧਰਮ 'ਤੇ ਵੀ ਅਸਰ ਰਿਹਾ ਹੈ। ਇਸ ਦਾ ਸਤਿਕਾਰ ਕਰੋ।"

**ਮੂਰਤੀ ਦੀ ਮਹੱਤਤਾ:** ਸਟੈਚੂ ਔਫ਼ ਯੂਨੀਅਨ ਦਾ ਉਦਘਾਟਨ 2024 'ਚ ਸ਼੍ਰੀ ਚਿਨਮਈ ਜੀਅਰ ਸਵਾਮੀਜੀ ਵਲੋਂ ਕੀਤਾ ਗਿਆ ਸੀ। ਇਹ ਮੂਰਤੀ ਸਿਰਫ਼ ਭਗਤੀ ਦੀ ਪ੍ਰਤੀਕ ਹੀ ਨਹੀਂ ਸਗੋਂ ਏਕਤਾ, ਸਦਭਾਵਨਾ ਅਤੇ ਸਮਾਵੇਸ਼ਤਾ ਦੀ ਨਿਸ਼ਾਨੀ ਵੀ ਮੰਨੀ ਜਾਂਦੀ ਹੈ।

ਇਹ ਅਮਰੀਕਾ ਦੀ ਤੀਜੀ ਸਭ ਤੋਂ ਉੱਚੀ ਮੂਰਤੀ ਹੈ, ਅਤੇ ਭਾਰਤੀ-ਅਮਰੀਕੀ ਭਾਈਚਾਰੇ ਨਾਲ-ਨਾਲ ਅੰਤਰਧਾਰਮਿਕ ਗਰੁੱਪਾਂ ਲਈ ਵੀ ਆਕਰਸ਼ਣ ਦਾ ਕੇਂਦਰ ਹੈ।

# .ਗਾਜ਼ਾ ਨੂੰ ਤੁਰੰਤ ਖ਼ਾਲੀ ਕਰੋ, ਆਪਣੇ ਹਥਿਆਰ ਸੁੱਟੋ, ਫ਼ਿਲਿਸਤੀਨੀ ਰਾਸ਼ਟਰਪਤੀ ਦੀ ਹਮਾਸ ਨੂੰ ਚਿਤਾਵਨੀ

**.ਗਾਜ਼ਾ ਸਿਟੀ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਯੁਕਤ ਰਾਸ਼ਟਰ ਮਹਾਸਭਾ ਦੀ ਇੱਕ ਵਿਸ਼ੇਸ਼ ਮੀਟਿੰਗ 'ਚ ਫ਼ਿਲਿਸਤੀਨੀ ਰਾਸ਼ਟਰਪਤੀ ਮਹਿਮੂਦ ਅੱਬਾਸ ਨੇ ਗ਼ਾਜ਼ਾ 'ਚ ਹਮਾਸ ਦੇ ਸ਼ਾਸਨ ਦੇ ਪੂਰੀ ਤਰ੍ਹਾਂ ਅੰਤ ਦਾ ਐਲਾਨ ਕੀਤਾ, ਅਤੇ ਉਨ੍ਹਾਂ ਨੇ ਸਪੱਸ਼ਟ ਤੌਰ 'ਤੇ ਚੇਤਾਵਨੀ ਦਿੱਤੀ ਕਿ ਗ਼ਾਜ਼ਾ 'ਚ ਕੋਈ ਵੀ ਹਥਿਆਰਬੰਦ ਸੰਗਠਨ ਕੰਮ ਨਹੀਂ ਕਰੇਗਾ। ਹਮਾਸ ਅਤੇ ਉਸ ਦੇ ਸਹਿਯੋਗੀ ਸਮੂਹਾਂ ਨੂੰ ਬਿਨਾਂ ਸ਼ਰਤ ਆਤਮ-ਸਮਰਪਣ ਕਰਨਾ ਚਾਹੀਦਾ ਹੈ, ਅਤੇ ਆਪਣੇ ਹਥਿਆਰ ਫ਼ਿਲਿਸਤੀਨੀ ਅਥੌਰਿਟੀ ਨੂੰ ਸੌਂਪਣੇ ਚਾਹੀਦੇ ਹਨ।" ਅੱਬਾਸ ਨੇ ਇੱਕ ਵੀਡੀਓ ਕਾਨਫ਼ਰੰਸ ਰਾਹੀਂ ਇਹ ਬਿਆਨ ਦਿੱਤਾ ਕਿਉਂਕਿ ਸੁਰੱਖਿਆ ਚਿੰਤਾਵਾਂ ਅਤੇ ਕੂਟਨੀਤਕ ਤਣਾਅ ਕਾਰਨ ਉਸ ਨੂੰ ਸੰਯੁਕਤ ਰਾਜ ਅਮਰੀਕਾ 'ਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਸੀ। ਅੱਬਾਸ ਨੇ



ਸੰਯੁਕਤ ਰਾਸ਼ਟਰ ਮਹਾਸਭਾ ਨੂੰ ਦੋ-ਰਾਜ ਹੱਲ ਅਧੀਨ ਇੱਕ ਸੰਯੁਕਤ ਫ਼ਿਲਿਸਤੀਨੀ ਰਾਜ ਲਈ ਇੱਕ ਬਲੂਪ੍ਰਿੰਟ ਪੇਸ਼ ਕੀਤਾ। ਉਸ ਨੇ ਕਿਹਾ ਕਿ ਗ਼ਾਜ਼ਾ ਅਤੇ ਪੱਛਮੀ ਕੰਢਾ ਇੱਕ ਸਰਕਾਰ ਅਤੇ ਇੱਕ ਕਾਨੂੰਨ ਅਧੀਨ ਇਕਜੁਟ ਹੋਣਗੇ। ਸਿਰਫ਼ ਫ਼ਿਲਿਸਤੀਨੀ ਅਥੌਰਿਟੀ (**PA**) ਹੀ ਜਾਇਜ਼ ਸੁਰੱਖਿਆ ਬਲ ਵਜੋਂ ਕੰਮ ਕਰੇਗੀ। ਗ਼ਾਜ਼ਾ ਪ੍ਰਸ਼ਾਸਨ ਨੂੰ ਪੱਛਮੀ ਕੰਢਾ ਸਰਕਾਰ ਨਾਲ ਜੋੜਿਆ ਜਾਵੇਗਾ ਅਤੇ ਅਰਬ ਦੇਸ਼ਾਂ ਅਤੇ ਅੰਤਰਰਾਸ਼ਟਰੀ ਸਹਿਯੋਗ ਦੁਆਰਾ ਬਣਾਈ ਗਈ ਇੱਕ ਅੰਤਰਿਮ ਕਮੇਟੀ ਦੁਆਰਾ ਚਲਾਇਆ ਜਾਵੇਗਾ। ਉਸ ਨੇ ਦੁਹਰਾਇਆ ਕਿ ਗ਼ਾਜ਼ਾ 'ਚ ਹਮਾਸ ਦੀ ਕੋਈ ਜਗ੍ਹਾ ਨਹੀਂ ਹੋਵੇਗੀ। ਭਵਿੱਖ ਦੇ ਫ਼ਿਲਿਸਤੀਨ 'ਚ ਹਥਿਆਰ ਚੁੱਕਣ ਵਾਲੇ ਸਮੂਹ ਸਵੀਕਾਰਯੋਗ ਨਹੀਂ ਹੋਣਗੇ। ਅੱਬਾਸ ਨੇ ਜੁਲਾਈ 2025 'ਚ ਸੰਯੁਕਤ ਰਾਸ਼ਟਰ ਮਹਾਸਭਾ ਦੁਆਰਾ ਪਾਸ ਕੀਤੇ ਗਏ ਨਿਊਯਾਰਕ ਐਲਾਨਨਾਮੇ ਲਈ ਧੰਨਵਾਦ ਪ੍ਰਗਟ ਕੀਤਾ। ਉਨ੍ਹਾਂ ਨੇ ਇਸ ਐਲਾਨਨਾਮੇ ਨੂੰ ਇੱਕ ਸੁਤੰਤਰ ਫ਼ਿਲਿਸਤੀਨੀ ਰਾਜ ਵੱਲ ਇੱਕ ਫ਼ੈਸਲਾਕੁਨ ਕਦਮ ਦੱਸਿਆ। ਅੱਬਾਸ ਨੇ ਕਿਹਾ, "ਇਸ ਰਸਤੇ ਨੂੰ ਹੁਣ ਪਿੱਛੇ ਨਹੀਂ ਹਟਾਇਆ ਜਾ ਸਕਦਾ। ਨਿਊ ਯੌਰਕ ਐਲਾਨਨਾਮੇ ਨੇ ਫ਼ਿਲਿਸਤੀਨ ਨੂੰ ਅੰਤਰਰਾਸ਼ਟਰੀ ਮਾਨਤਾ ਦੇ ਇੱਕ ਨਵੇਂ ਪੱਧਰ 'ਤੇ ਲੈ ਜਾਇਆ ਹੈ। ਫ਼ਰਾਂਸ, ਬ੍ਰਿਟੇਨ, ਆਸਟ੍ਰੇਲੀਆ ਅਤੇ ਕੈਨੇਡਾ ਵਰਗੇ ਦੇਸ਼ ਪਹਿਲਾਂ ਹੀ ਫ਼ਿਲਿਸਤੀਨ ਨੂੰ ਇੱਕ ਸੁਤੰਤਰ ਰਾਸ਼ਟਰ ਵਜੋਂ ਮਾਨਤਾ ਦੇ ਚੁੱਕੇ ਹਨ।"

# ਬਗਦਾਦ ਵਿੱਚ ਗੁਰੂ ਨਾਨਕ ਦੇਵ ਜੀ ਦੇ ਅਸਥਾਨ ਦੀ ਮੁੜ ਉਸਾਰੀ ਦੀ ਮੰਗ; ਸੰਤ ਸੀਚੇਵਾਲ ਨੇ ਪ੍ਰਧਾਨ ਮੰਤਰੀ ਨੂੰ ਲਿਖਿਆ ਪੱਤਰ

**ਚੰਡੀਗੜ੍ਹ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜ ਸਭਾ ਮੈਂਬਰ ਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਬਗਦਾਦ ਵਿੱਚ ਗੁਰੂ ਨਾਨਕ ਦੇਵ ਜੀ ਦੇ ਇਤਿਹਾਸਕ ਅਸਥਾਨ ਨੂੰ ਮੁੜ ਉਸਾਰਨ ਦੀ ਮੰਗ ਕੀਤੀ ਹੈ। ਸੰਤ ਸੀਚੇਵਾਲ ਨੇ ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਵਿੱਚ ਕਿਹਾ ਹੈ ਕਿ ਉਦਾਸੀਆਂ ਦੌਰਾਨ ਸ਼੍ਰੀ ਗੁਰੂ ਨਾਨਕ ਦੇਵ ਜੀ 1511 ਈਸਵੀ ਵਿੱਚ ਇਰਾਕ ਦੇ ਸ਼ਹਿਰ ਬਗਦਾਦ ਗਏ ਸੀ। ਦੂਜੇ ਵਿਸ਼ਵ ਯੁੱਧ ਦੌਰਾਨ ਅਤੇ ਅਮਰੀਕਾ-ਇਰਾਕ ਜੰਗ ਦੌਰਾਨ ਵੀ ਇਸ ਇਤਿਹਾਸਕ ਅਸਥਾਨ ਨੂੰ ਨੁਕਸਾਨ ਪਹੁੰਚਿਆ ਸੀ।

ਸੰਤ ਸੀਚੇਵਾਲ ਨੇ ਆਪਣੇ ਪੱਤਰ ਵਿੱਚ ਕਿਹਾ ਕਿ ਦੁਨੀਆਂ ਭਰ ਵਿੱਚ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵਸਦੀਆਂ ਹਨ। ਉਹਨਾਂ ਦੀ ਸ਼ਰਧਾ ਹੈ ਕਿ ਗੁਰੂ ਸਾਹਿਬ ਦੇ ਇਸ ਅਸਥਾਨ ਨੂੰ ਮੁੜ ਉਸਾਰਿਆ ਜਾਵੇ। ਸੰਤ ਸੀਚੇਵਾਲ ਨੇ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਆਪਣੇ ਅਸਰ-ਰਸੂਖ ਦਾ ਇਸਤੇਮਾਲ ਕਰਦੇ ਹੋਏ ਇਰਾਕ ਦੇ ਸੁਪਰੀਮ ਲੀਡਰ ਸੱਯਦ ਅਲੀ ਹੁਸੈਨੀ ਖਮੇਨੀ ਨਾਲ ਰਾਬਤਾ ਕਾਇਮ ਕਰਨ ਅਤੇ ਸਿੱਖ ਜਗਤ ਦੇ ਇਸ ਪਵਿੱਤਰ ਅਸਥਾਨ ਦੀ ਮੁੜ ਉਸਾਰੀ ਮੁੜ ਯਕੀਨੀ ਬਣਾਉਣ।



ਜ਼ਿਕਰਯੋਗ ਹੈ ਕਿ 23 ਜਨਵਰੀ 1990 ਨੂੰ ਇਰਾਕ ਦੇ ਉਸ ਵੇਲੇ ਦੇ ਰਾਸ਼ਟਰਪਤੀ ਸੁਦਾਮ ਹੁਸੈਨ ਨੇ ਸਿੱਖ ਧਰਮ ਦੇ ਆਗੂਆਂ ਨਾਲ ਮੀਟਿੰਗ ਕਰਨ ਉਪਰੰਤ ਗੁਰੂ ਘਰ ਨੂੰ ਮੁੜ ਉਸਾਰਨ ਦੀ ਇਜ਼ਾਜ਼ਤ ਦੇ ਦਿੱਤੀ ਸੀ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੰਤ ਸੀਚੇਵਾਲ ਨੇ ਕਿਹਾ ਕਿ ਇਰਾਕ ਵਿੱਚ ਵਸਦੇ ਸਿੱਖ ਭਾਈਚਾਰੇ ਨੇ ਉਹਨਾਂ ਨਾਲ ਟੈਲੀਫੋਨ ਤੇ ਗੱਲ ਕੀਤੀ ਸੀ ਅਤੇ ਇਹ ਮੰਗ ਕੀਤੀ ਸੀ ਕਿ ਗੁਰੂ ਨਾਨਕ ਦੇਵ ਜੀ ਦੇ ਢਹਿ ਚੁੱਕੇ ਇਤਿਹਾਸਿਕ ਅਸਥਾਨ ਨੂੰ ਮੁੜ ਉਸਾਰਿਆ ਜਾਵੇ। ਸੰਤ ਸੀਚੇਵਾਲ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਇਸ ਸੰਸਾਰ ਨੂੰ ਆਪਸੀ ਭਾਈਚਾਰੇ ਦਾ ਜੋ ਸੁਨੇਹਾ ਦਿੱਤਾ ਹੈ ਉਸਤੇ ਚੱਲਦਿਆ ਹੀ ਦੁਨੀਆਂ ਭਰ ਵਿੱਚ ਅਮਨ ਸ਼ਾਂਤੀ ਲਿਆਂਦੀ ਜਾ ਸਕਦੀ ਹੈ।

ਇਰਾਕ ਵਿੱਚ ਵਸਦੇ ਸਿੱਖ ਨੌਜਵਾਨ ਸੁਖਪਾਲ ਸਿੰਘ ਤੇ ਰਸ਼ਪਾਲ ਸਿੰਘ ਨੇ ਦੱਸਿਆ ਕਿ ਇਰਾਕ ਵਿੱਚ ਵਸਦਾ ਸਿੱਖ ਭਾਈਚਾਰਾ ਇਸ ਗੱਲ ਨੂੰ ਲੈ ਕੇ ਚਿੰਤਤ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਇਤਿਹਾਸਕ ਅਸਥਾਨ ਹੁਣ ਪਹਿਲੇ ਵਾਲੇ ਸਰੂਪ ਵਿੱਚ ਨਹੀ ਰਿਹਾ। ਉਹਨਾਂ ਕਿਹਾ ਕਿ ਇਰਾਕ ਵਿੱਚ ਸਿੱਖ ਭਾਈਚਾਰੇ ਨੂੰ ਆਪਣੀ ਧਾਰਮਿਕ ਅਜ਼ਾਦੀ ਮਨਾਉਣ ਵਿੱਚ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਿਛਲੇ ਲੰਬੇ ਸਮੇਂ ਇਰਾਕ ਦੇ ਸਿੱਖ ਭਾਈਚਾਰੇ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਅਸਥਾਨ ਦੀ ਮੁੜ ਉਸਾਰੀ ਲਈ ਦੁਨੀਆਂ ਭਰ ਵਿੱਚ ਵਸਦੇ ਸਿੱਖ ਧਾਰਮਿਕ ਆਗੂਆਂ ਨੂੰ ਅਪੀਲ ਕਰਦੇ ਆ ਰਹੇ ਹਨ।

# ਪਿੰਡ ਹੱਥਣ ਦੇ ਸਰਪੰਚ ਦੀ ਨਵੇਕਲੀ ਪਹਿਲ ਕਦਮੀ



**ਮਲੇਰਕੋਟਲਾ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਉਂਣ ਵਾਲੀਆਂ ਪੀੜ੍ਹੀਆਂ ਲਈ ਸੁਗਾਤ ਵਜੋਂ ਸੁਰੱਖਿਅਤ ਸਿਹਤ ਅਤੇ ਵਾਤਾਵਰਣ ਦੇਣ ਦੇ ਮਕਸਦ ਨਾਲ ਪਿੰਡ ਹੱਥਣ ਦੇ ਸਰਪੰਚ ਕਮਲਜੀਤ ਸਿੰਘ ਦੀ ਨਵੇਕਲੀ ਪਹਿਲ ਕਦਮੀ ਕਰਦਿਆ ਢੋਲ ਦੇ ਡਗਾਰੇ ਨਾਲ ਪਿੰਡ ਨਿਵਾਸੀਆਂ ਨੂੰ ਹਰੇ-ਭਰੇ,ਤੰਦਰੁਸਤ ਪੰਜਾਬ ਲਈ, ਪਰਾਲੀ ਦਾ ਯੋਗ ਪ੍ਰਬੰਧਨ ਕਰੀਏ। ਦਾ ਹੋਕਾ ਦਿੱਤਾ ਤਾਂ ਜੋ ਡਿਪਟੀ ਕਮਿਸ਼ਨਰ ਵਿਰਾਜ ਐਸ.ਤਿੜਕੇ ਵੱਲੋਂ ਜ਼ਿਲ੍ਹੇ ਵਿੱਚ ਪਰਾਲੀ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਨੂੰ ਜੀਰੋ ਕਰਨ ਦਾ ਮਕਸਦ ਪੂਰਾ ਹੋ ਸਕੇ। ਉਨ੍ਹਾਂ ਕਿਹਾ ਕਿ ਕੋਈ ਮੁਹਿੰਮ ਦੀ ਕਾਮਯਾਬੀ ਦਾ ਸਫ਼ਰ ਆਪਣੇ ਘਰ ਤੋਂ ਸ਼ੁਰੂ ਹੁੰਦਾ ਹੈ। ਡਿਪਟੀ ਕਮਿਸ਼ਨਰ ਦੀ ਪ੍ਰੇਰਨਾ ਸਦਕਾ ਅਤੇ ਐਸ.ਡੀ.ਐਮ. ਗੁਰਮੀਤ ਕੁਮਾਰ ਦੀ ਸਾਰਥਕ ਸੋਚ ਦੇ ਭਾਗੀਦਾਰ ਬਣਨ ਲਈ ਸਾਡੀ ਸਮੂਹ ਪੰਚਾਇਤ ਨੇ ਇਹ ਉਪਰਾਲਾ ਆਰੰਭੀਆਂ ਹੈ।

ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ, ਨੈਸ਼ਨਲ ਗਰੀਨ ਟ੍ਰਿਬਿਊਨ ਅਤੇ ਜਿਲ੍ਹਾ ਪ੍ਰਸ਼ਾਸ਼ਨ ਪਰਾਲੀ ਨਾ ਸਾੜਨ ਤੇ ਸਰੱਖਿਅਤ ਵਾਤਾਵਰਣ ਲਈ ਪੁਰੀ ਤਰ੍ਹਾਂ ਗੰਭੀਰ ਹੈ। ਸਾਡੀ ਨੈਤਿਕ ਅਤੇ ਸਮਾਜਿਕ ਜਿੰਮੇਵਾਰੀ ਬਣਦੀ ਹੈ ਕਿ ਵਾਤਾਵਰਨ ਪ੍ਰਦੂਸ਼ਣ ਨੂੰ ਘੱਟ ਕਰਨ ਲਈ ਪਰਾਲੀ ਦੀ ਸੁਚੱਜੀ ਸੰਭਾਲ ਕਰੀਏ । ਇਸ ਲਈ ਕਿਸਾਨ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਸਮਝਦੇ ਹੋਏ ਪ੍ਰਦੂਸ਼ਣ ਨੂੰ ਠੱਲ੍ਹ ਪਾਉਣ ਵਿੱਚ ਮੋਹਰੀ ਭੂਮਿਕਾ ਅਦਾ ਕਰਨ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਅਧੀਨ ਪੈਂਦੇ ਉਹਨਾਂ ਪਿੰਡਾਂ ਦੇ ਕਿਸਾਨਾਂ ਨਾਲ ਵਿਸ਼ੇਸ਼ ਰਾਬਤਾ ਕੀਤਾ ਜਾ ਰਿਹਾ ਹੈ, ਜਿੱਥੇ ਕਿ ਪਿਛਲੇ ਸਾਲਾਂ ਵਿੱਚ ਪਰਾਲੀ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਵਧੇਰੇ ਹੋਈਆਂ ਸਨ ਤਾਂ ਜੋ ਇਸ ਸਾਲ ਇਨ੍ਹਾਂ ਦੀ ਦਰ ਨੂੰ ਨਿਲ ਕੀਤਾ ਜਾ ਸਕੇ

ਉਨ੍ਹਾਂ ਕਿਸਾਨਾਂ ਭਰਾਵਾਂ ਨੂੰ ਅਪੀਲ ਕੀਤੀ ਕਿ ਉਹ ਪੌਣ-ਪਾਣੀ ਤੇ ਧਰਤੀ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਅਤੇ ਆਪਣੀ ਤੇ ਆਪਣੇ ਬੱਚਿਆਂ ਦੀ ਜਿੰਦਗੀ ਤੇ ਪਸ਼ੂ-ਪੰਛੀਆਂ ਨੂੰ ਬਚਾਉ ਲਈ ਪਰਾਲੀ ਨਾ ਸਾੜਨ ਸਗੋਂ ਇਸਨੂੰ ਜਮੀਨ ਵਿੱਚ ਹੀ ਮਿਲਾ ਕੇ ਕਣਕ ਦੀ ਬਿਜਾਈ ਕਰਨ ਤਾਂ ਕਿ ਜਮੀਨ ਦੀ ਉਪਜਾਊ ਸ਼ਕਤੀ ਵੀ ਵਧਾਈ ਜਾ ਸਕੇ।

## ਕੇਕਈ ਨੇ ਰਾਜਾ ਦਸ਼ਰਥ ਤੋਂ ਭਰਤ ਲਈ ਰਾਜ ਤੇ ਰਾਮ ਲਈ ਬਨਵਾਸ ਮੰਗਿਆ

**ਨਾਭਾ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਮਰਿਆਦਾ ਪਰਸ਼ੋਤਮ ਰਾਮਲੀਲਾ ਕਲੱਬ ਸ਼੍ਰੀ ਹਨੁਮਾਨ ਮੰਦਰ ਮੁਹੱਲਾ ਬਠਿੰਡੀਆ ਵਿਖੇ ਬਹੁਤ ਹੀ ਸੁੰਦਰ ਰਾਮਲੀਲਾ ਦਿਖਾਈ ਜਾ ਰਹੀ ਹੈ। ਜੋ ਕਿ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਬਣੀ ਹੋਈ ਹੈ ਬੀਤੀ ਰਾਤ ਰਾਮਲੀਲਾ ਮੰਚ ਤੇ ਮੰਥਰਾ ਕੇਕਈ ਸੰਵਾਦ ਹੋਏ, ਮੰਥਰਾਂ ਨੇ ਕੇਕਈ ਦੇ ਕੰਨ ਭਰੇ ਅਤੇ ਕਿਹਾ ਕਿ ਕੇਕਈ ਤੂੰ ਇੱਕ ਵਾਰੀ ਯੁੱਧ 'ਚ ਮਹਾਰਾਜਾ ਦਸ਼ਰਥ ਦੀ ਜਾਨ ਬਚਾਈ ਸੀ। ਮਹਾਰਾਜ ਨੇ ਦੋ ਵਾਰ ਦੇਣ ਦਾ ਵਾਅਦਾ ਕੀਤਾ ਸੀ, ਹੁਣ ਸਮਾਂ ਆ ਗਿਆ ਹੈ ਰਾਣੀ ਤੂੰ ਦੋ ਵਰਦਾਨ ਮੰਗ ਲੈ, ਪਹਿਲੇ 'ਚ ਭਰਤ ਲਈ ਰਾਜ ਦੂਜੇ 'ਚ ਰਾਮ ਲਈ 14 ਸਾਲ ਦਾ ਬਨਵਾਸ, ਰਾਜਾ ਦਸ਼ਰਥ ਨੇ ਕੇਕਈ ਦੀਆਂ ਬਹੁਤ ਮਿਹਨਤਾਂ ਤਰਲੇ ਕੀਤੇ ਰਾਣੀ ਤੂੰ ਆਪਣੇ ਵਰ ਵਾਪਸ ਲੈ ਲੈ ਪਰ ਰਾਣੀ ਕੇਕਈ ਟਸ ਤੋਂ ਮਸ ਨਹੀਂ ਹੋਈ।

# ਬਰਨਾਲਾ ਜ਼ਿਲ੍ਹਾ ਕ੍ਰਿਕੇਟ ਐਸੋਸੀਏਸ਼ਨ ਦੀ ਸਲਾਨਾ ਜਨਰਲ ਮੀਟਿੰਗ ਅਰੁਣ ਮੈਮੋਰੀਅਲ ਹਾਲ ਵਿਖੇ ਸੰਪੰਨ



**ਬਰਨਾਲਾ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਕ੍ਰਿਕੇਟ ਐਸੋਸੀਏਸ਼ਨ ਦੀ ਸਲਾਨਾ ਜਨਰਲ ਮੀਟਿੰਗ ਪ੍ਰਧਾਨ ਵਿਵੇਕ ਸਿੰਧਵਾਨੀ ਦੀ ਪ੍ਰਧਾਨਗੀ ਹੇਠ ਅਰੁਣ ਮੈਮੋਰੀਅਲ ਹਾਲ ਬਰਨਾਲਾ ਵਿੱਚ ਹੋਈ। ਮੀਟਿੰਗ ਦੌਰਾਨ ਐਸੋਸੀਏਸ਼ਨ ਵੱਲੋਂ ਪ੍ਰਾਪਤ ਕੀਤੀਆਂ ਉਪਲਬਧੀਆਂ, ਭਵਿੱਖ ਲਈ ਯੋਜਨਾਵਾਂ ਅਤੇ ਸਾਲਾਨਾ ਹਿਸਾਬ ਕਿਤਾਬ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ।

ਮੀਟਿੰਗ ਦੀ ਕਾਰਵਾਈ ਜਨਰਲ ਸਕੱਤਰ ਰੁਪਿੰਦਰ ਗੁਪਤਾ ਨੇ ਸ਼ੁਰੂ ਕੀਤੀ। ਪ੍ਰਧਾਨ ਵਿਵੇਕ ਸਿੰਧਵਾਨੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਟਰਾਈਡ ਗਰੁੱਪ ਦੇ ਸੰਸਥਾਪਕ ਪਦਮ ਸ਼੍ਰੀ ਰਾਜਿੰਦਰ ਗੁਪਤਾ ਦੀ ਦੂਰਦਰਸ਼ੀ ਅਗਵਾਈ ਹੇਠ ਐਸੋਸੀਏਸ਼ਨ ਦਿਨੋਂ ਦਿਨ ਨਵੀਆਂ ਉੱਚਾਈਆਂ ਹਾਸਲ ਕਰ ਰਹੀ ਹੈ। ਉਹਨਾਂ ਦੱਸਿਆ ਕਿ ਜ਼ਿਲ੍ਹਾ ਕ੍ਰਿਕੇਟ ਐਸੋਸੀਏਸ਼ਨ ਦੇ 19 ਖਿਡਾਰੀ ਸਟੇਟ ਲੈਵਲ ਲਈ ਚੁਣੇ ਗਏ ਹਨ ਜਦਕਿ 9 ਖਿਡਾਰੀ ਸਿੱਧੇ ਸਟੇਟ ਟੀਮ ਵਿੱਚ ਸ਼ਾਮਲ ਕੀਤੇ ਗਏ ਹਨ। ਇਹ ਜ਼ਿਲ੍ਹੇ ਲਈ ਵੱਡੀ ਮਾਣ ਵਾਲੀ ਗੱਲ ਹੈ।

ਉਹਨਾਂ ਖਾਸ ਤੌਰ 'ਤੇ ਖਿਡਾਰਨ ਪ੍ਰਿਅੰਕਾ ਦਾ ਜ਼ਿਕਰ ਕੀਤਾ, ਜੋ ਅੰਡਰ-23 ਟੀਮ ਦੀ ਪ੍ਰਧਾਨ ਰਹਿ ਚੁੱਕੀ ਹੈ। ਇਸ ਤੋਂ ਇਲਾਵਾ ਖਿਡਾਰਨ ਅਕਸੀਤਾ ਨੇ ਨੈਸ਼ਨਲ ਕ੍ਰਿਕਟ ਅਕੈਡਮੀ ਵਿੱਚ ਟਰਾਇਲ ਦੇ ਕੇ ਬਰਨਾਲਾ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ ਹੈ। ਵਿਵੇਕ ਸਿੰਧਵਾਨੀ ਨੇ ਦੱਸਿਆ ਕਿ ਸਰਕਾਰੀ ਕੰਨਿਆ ਹਾਈ ਸਕੂਲ ਵਿੱਚ ਐਸੋਸੀਏਸ਼ਨ ਵੱਲੋਂ ਨਵਾਂ ਕੋਚਿੰਗ ਸੈਂਟਰ ਸ਼ੁਰੂ ਕੀਤਾ ਗਿਆ ਹੈ, ਜਿੱਥੇ ਸੈਂਕੜੇ ਵਿਦਿਆਰਥੀ ਨਿਯਮਿਤ ਤੌਰ 'ਤੇ ਤਰਬੀਅਤ ਪ੍ਰਾਪਤ ਕਰ ਰਹੇ ਹਨ। ਇਸ ਵੇਲੇ ਜ਼ਿਲ੍ਹੇ ਵਿੱਚ ਲਗਭਗ 250 ਖਿਡਾਰੀ ਐਸੋਸੀਏਸ਼ਨ ਨਾਲ ਰਜਿਸਟਰਡ ਹਨ। ਜਨਰਲ ਸਕੱਤਰ ਰੁਪਿੰਦਰ ਗੁਪਤਾ ਨੇ ਅਗਲੇ ਸਾਲ ਦੇ ਪ੍ਰੋਜੈਕਟਾਂ ਅਤੇ ਖੇਡਾਂ ਨੂੰ ਹੋਰ ਮਜ਼ਬੂਤੀ ਦੇਣ ਲਈ ਕੀਤੀਆਂ ਜਾ ਰਹੀਆਂ ਯੋਜਨਾਵਾਂ ਬਾਰੇ ਹਾਊਸ ਨੂੰ ਜਾਣਕਾਰੀ ਦਿੱਤੀ ਅਤੇ ਉਹਨਾਂ ਲਈ ਅਪਰੂਵਲ ਮੰਗੀ। ਫਾਇਨਾਂਸ ਸਕੱਤਰ ਸੰਜੇ ਗਰਗ ਨੇ ਐਸੋਸੀਏਸ਼ਨ ਦੀ ਸਲਾਨਾ ਰਿਪੋਰਟ ਪੇਸ਼ ਕਰਕੇ ਵਿੱਤੀ ਹਾਲਾਤਾਂ ਬਾਰੇ ਵੇਰਵਾ ਦਿੱਤਾ। ਮੀਟਿੰਗ ਵਿੱਚ ਮੀਤ ਪ੍ਰਧਾਨ ਸਾਹਿਲ ਗੁਲਾਟੀ, ਡਾ. ਨਰੇਸ਼ ਗਰਗ, ਡਾ. ਰਾਜੇਸ਼, ਡਾ. ਰਾਜੀਵ ਗਰਗ, ਅਨਿਲ ਗੁਪਤਾ, ਮੈਡਮ ਸਵਿਤਾ ਕਲਵਾਨੀਆ, ਰਵੀ ਬੰਸਲ, ਸੰਜੀਵ ਬੰਸਲ, ਸੰਦੀਪ ਅਰੋੜਾ, ਯਾਦਵਿੰਦਰ ਸਿੰਘ ਯਾਦੂ, ਭੁੱਲਰ, ਗੁਰਪ੍ਰੀਤ ਲਾਡੀ, ਬਰਜਿੰਦਰ ਗੋਇਲ, ਲਲਿਤ ਕੁਮਾਰ, ਜਗਰਾਜ ਸਿੰਘ, ਜੀਵਨ ਕੁਮਾਰ, ਚਰਨਜੀਤ ਕੁਮਾਰ, ਲੋਕੇਸ਼ ਕੁਮਾਰ, ਕਮਲ ਗੁਪਤਾ, ਬੱਬੂ, ਕੁਲਦੀਪ ਗਰੇਵਾਲ, ਸੰਜੀਵ ਸੋਗੀ ਅਤੇ ਹੋਰ ਕਈ ਮੈਂਬਰਾਂ ਨੇ ਆਪਣੀ ਹਾਜ਼ਰੀ ਦਰਜ ਕਰਵਾਈ। ਮੀਟਿੰਗ ਦੌਰਾਨ ਹਾਊਸ ਵੱਲੋਂ ਐਸੋਸੀਏਸ਼ਨ ਦੀਆਂ ਤਰੱਕੀਸ਼ੀਲ ਯੋਜਨਾਵਾਂ ਅਤੇ ਖਿਡਾਰੀਆਂ ਨੂੰ ਵਧੀਆ ਸੁਵਿਧਾਵਾਂ ਪ੍ਰਦਾਨ ਕਰਨ ਲਈ ਸਾਰਿਆਂ ਨੇ ਆਪਣਾ ਸਹਿਯੋਗ ਯਕੀਨੀ ਬਣਾਇਆ।

# ਐਸ.ਡੀ.ਐਮ. ਅਤੇ ਟੀਮ ਅਮਰਗੜ੍ਹ ਕਿਸਾਨਾਂ ਨੂੰ ਪਰਾਲੀ ਦੇ ਯੋਗ ਪ੍ਰਬੰਧਨ ਪ੍ਰਤੀ ਜਾਗਰੂਕ ਕਰਨ

**ਮਲੇਰਕੋਟਲਾ, 1 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਰਾਲੀ ਪ੍ਰਬੰਧਨ ਸਬੰਧੀ ਚਲ ਰਹੀ ਵਿਆਪਕ ਜਾਗਰੂਕਤਾ ਮੁਹਿੰਮ ਦੇ ਤਹਿਤ ਐਸ.ਡੀ.ਐਮ. ਅਮਰਗੜ੍ਹ ਸੁਰਿੰਦਰ ਕੌਰ ਦੀ ਅਗਵਾਈ ਹੇਠ ਟੀਮ ਅਮਰਗੜ੍ਹ ਵੱਲੋਂ ਪਿੰਡ ਸਲਾਰਾ, ਬਡਲਾ, ਮੁਲਾਬਧਾ, ਸਲੇਮਪੁਰ ਅਤੇ ਖੇੜੀ ਸੋਢੀਆਂ ਦੇ ਕਿਸਾਨਾਂ ਨਾਲ ਸੰਪਰਕ ਕੀਤਾ ਗਿਆ। ਇਸ ਮੌਕੇ ਉਨ੍ਹਾਂ ਕਿਸਾਨਾਂ ਨੂੰ ਇਹ ਸੁਨੇਹਾ ਦਿੱਤਾ ਕਿ ਪਰਾਲੀ ਨੂੰ ਅੱਗ ਲਗਾਉਣ ਦੀ ਬਜਾਏ ਇਸਦਾ ਯੋਗ ਪ੍ਰਬੰਧਨ ਕਰਨਾ ਹੀ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਇਸ ਮੌਕੇ ਵੱਖ ਵੱਖ ਵਿਭਾਗਾਂ ਦੇ ਨੁਮਾਇੰਦਿਆ ਤੋਂ ਇਲਾਵਾ ਤਹਿਸ਼ੀਲਦਾਰ ਲਵਪ੍ਰੀਤ ਸਿੰਘ ਤੇ ਧਰਮ ਸਿੰਘ ਵੀ ਮੌਜੂਦ ਸਨ ।

ਐਸ.ਡੀ.ਐਮ. ਨੇ ਕਿਹਾ ਕਿ ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਦੇ ਨਿਰਦੇਸ਼ਾਂ ਅਨੁਸਾਰ ਸਬ ਡਵੀਜਨ ਦੇ ਹਰ ਪਿੰਡ ਵਿੱਚ ਮੁਹਿੰਮ ਚਲਾਈ ਜਾ ਰਹੀ ਹੈ ਤਾਂ ਜੋ ਕਿਸਾਨਾਂ ਨੂੰ ਅੱਗ ਲਗਾਉਣ ਨਾਲ ਵਾਤਾਵਰਣ ਅਤੇ ਸਿਹਤ ਨੂੰ ਹੋਣ ਵਾਲੇ ਨੁਕਸਾਨਾਂ ਤੋਂ ਸਚੇਤ ਕੀਤਾ ਜਾ ਸਕੇ।

ਉਨ੍ਹਾਂ ਨੇ ਕਿਹਾ ਕਿ ਸੁਰੱਖਿਅਤ ਵਾਤਾਵਰਣ ਸਾਡੀ ਧਰਤੀ ਦਾ ਵਿਰਸਾ ਹੈ ਅਤੇ ਇਸਦੀ ਰੱਖਿਆ ਲਈ ਹਰ ਕਿਸਾਨ ਦੀ ਭਾਗੀਦਾਰੀ ਲਾਜ਼ਮੀ ਹੈ।



ਟੀਮ ਵੱਲੋਂ ਕਿਸਾਨਾਂ ਨੂੰ ਦੱਸਿਆ ਗਿਆ ਕਿ ਅੱਗ ਨਾਲ ਨਾ ਸਿਰਫ ਹਵਾ ਪ੍ਰਦੂਸ਼ਿਤ ਹੁੰਦੀ ਹੈ, ਸਗੋਂ ਪੌਣ, ਪਾਣੀ ਅਤੇ ਮਿੱਟੀ ਦੀ ਉਪਜਾਊ ਤਾਕਤ ਵੀ ਬਰਬਾਦ ਹੁੰਦੀ ਹੈ। ਇਸ ਨਾਲ ਆਮ ਲੋਕਾਂ ਅਤੇ ਪਸ਼ੂ-ਪੰਛੀਆਂ ਦੀ ਸਿਹਤ ਉੱਤੇ ਵੀ ਬੁਰਾ ਅਸਰ ਪੈਂਦਾ ਹੈ। ਇਸ ਮੌਕੇ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਉਹ ਪਰਾਲੀ ਨੂੰ ਸਾੜਨ ਦੀ ਬਜਾਏ ਇਸਨੂੰ ਜ਼ਮੀਨ ਵਿੱਚ ਮਿਲਾ ਕੇ ਖੇਤੀਬਾੜੀ ਦੀ ਉਪਜਾਊ ਸ਼ਕਤੀ ਵਧਾਉਣ।

ਐਸ.ਡੀ.ਐਮ. ਨੇ ਜ਼ਿਕਰ ਕੀਤਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਹਾਇਤਾ ਲਈ ਕਾਫ਼ੀ ਮਸ਼ੀਨਰੀ ਅਤੇ ਸਬਸਿਡੀ ਉਪਲਬਧ ਕਰਵਾਈ ਗਈ ਹੈ। ਸਹਿਕਾਰੀ ਸਭਾਵਾਂ ਰਾਹੀਂ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਹਰ ਕਿਸਾਨ ਨੂੰ ਸਮੇਂ ਸਿਰ ਮਸ਼ੀਨਾਂ ਮਿਲ ਸਕਣ। ਉਨ੍ਹਾਂ ਨੇ ਟੀਮ ਅਮਰਗੜ੍ਹ ਦੇ ਮੈਂਬਰਾਂ ਨੂੰ ਪਿੰਡ ਪੱਧਰ 'ਤੇ ਵੱਧ ਤੋਂ ਵੱਧ ਲੋਕ ਸੰਪਰਕ ਕਰਕੇ ਕਿਸਾਨਾਂ ਨੂੰ ਪ੍ਰੇਰਿਤ ਕਰਨ ਦੇ ਨਿਰਦੇਸ਼ ਦਿੱਤੇ।

ਇਸ ਮੌਕੇ ਪਿੰਡਾਂ ਦੇ ਪੰਚ-ਸਰਪੰਚਾਂ, ਨੰਬਰਦਾਰਾਂ ਅਤੇ ਅਗਾਂਹਵਧੂ ਕਿਸਾਨਾਂ ਨੇ ਵੀ ਪਰਾਲੀ ਨਾ ਸਾੜਨ ਅਤੇ ਜਾਗਰੂਕਤਾ ਫੈਲਾਉਣ ਲਈ ਆਪਣਾ ਯੋਗਦਾਨ ਪਾਉਣ ਦਾ ਵਾਅਦਾ ਕੀਤਾ। ਉਨ੍ਹਾਂ ਕਿਹਾ ਕਿ ਮਿਲੀ-ਜੁਲੀ ਕੋਸ਼ਿਸ਼ਾਂ ਰਾਹੀਂ ਹੀ ਇਸ ਮੁਹਿੰਮ ਨੂੰ ਲੋਕ ਲਹਿਰ ਦਾ ਰੂਪ ਦਿੱਤਾ ਜਾ ਸਕਦਾ ਹੈ।

# ਰਵਨੀਤ ਬਿੱਟੂ ਨੇ ਲੁਧਿਆਣਾ ’ਚ ਨਵੀਂ ਰੇਲਵੇ ਸਿਹਤ ਸਹੂਲਤ ਦਾ ਕੀਤਾ ਉਦਘਾਟਨ

**ਕੌਮੀ ਪਤ੍ਰਿਕਾ**

ਚੰਡੀਗੜ੍ਹ 1 ਅਕਤੂਬਰ। ਰੇਲ ਰਾਜ ਮੰਤਰੀ ਤੇ ਫੂਡ ਪ੍ਰੋਸੈਸਿੰਗ ਇੰਡਸਟਰੀਜ਼ ਰਾਜ ਮੰਤਰੀ ਰਵਨੀਤ ਸਿੰਘ ਨੇ ਸ਼ਨੀਵਾਰ ਨੂੰ ਲੁਧਿਆਣਾ ’ਚ ਨਵ-ਨਿਰਮਿਤ ਰੇਲਵੇ ਸਿਹਤ ਸਹੂਲਤ ਕੇਂਦਰ ਦਾ ਉਦਘਾਟਨ ਕੀਤਾ। ਲਗਭਗ 7.5 ਕਰੋੜ ਦੀ ਲਾਗਤ ਨਾਲ ਬਣੇ ਇਸ ਅਤਿ-ਆਧੁਨਿਕ ਕੇਂਦਰ ਦਾ ਨਿਰਮਾਣ 1,800 ਵਰਗ ਮੀਟਰ ਖੇਤਰਫਲ ’ਚ ਕੀਤਾ ਗਿਆ ਹੈ। ਇਹ ਕੇਂਦਰ ਰੇਲਵੇ ਕਰਮਚਾਰੀਆਂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਚਿਕਿਤਸਾ ਸੇਵਾਵਾਂ ਮੁਹੱਈਆ ਕਰੇਗਾ। ਜੀ 1 ਸੰਰਚਨਾ ’ਚ 06 ਓਪੀਡੀ, 4-ਬੈੱਡ ਵਾਲਾ ਵਾਰਡ, ਐਮਰਜੈਂਸੀ ਸਹੂਲਤਾਂ (ਜਿਸ ’ਚ ਸਟੀਰਲਾਈਜ਼ੇਸ਼ਨ ਤੇ ਡ?ਰੈਸਿੰਗ ਰੂਮ ਸ਼ਾਮਲ ਹਨ), ਫਾਰਮੇਸੀ ਤੇ ਲੋਕਲ ਪਰਚੇਜ਼, ਯਾਤਰੀ ਤੇ ਸਟ?ਰੈਚਰ ਲਿਫ਼ਟ, 3 ਥਾਵਾਂ ’ਤੇ ਪ੍ਰਤੀਕਸ਼ਾਲਾ ਸਹੂਲਤਾਂ (ਸਟੇਨਲੈੱਸ ਸਟੀਲ ਬੈਂਚਾਂ ਦੇ ਨਾਲ), ਕਾਨਫਰੰਸ ਰੂਮ, ਪੁਰਸ਼/ਮਹਿਲਾ ਤੇ ਸਟਾਫ਼ ਲਈ ਵੱਖਰੇ ਟਾਇਲਟ, ਵੀ.ਆਰ.ਵੀ. ਏਅਰ ਕੰਡੀਸ਼ਨਿੰਗ ਸਿਸਟਮ, ਸੁਸੱਜਿਤ ਡਬਲ ਹਾਇਟ ਲਾਬੀ, ਦੋ-ਪਹੀਆ/ਚਾਰ-ਪਹੀਆ ਅਤੇ ਐਂਬੂਲੈਂਸ ਪਾਰਕਿੰਗ ਦੀ ਸਹੂਲਤ, ਹਸਪਤਾਲ ਦੇ ਬਾਹਰ ਵਿਕਸਿਤ ਹਰੇ-ਭਰੇ ਖੇਤਰ, ਪੀ.ਐੱਮ.ਈ. ਡਾਰਕ ਰੂਮ ਸਹੂਲਤ, ਐਕਸ-ਰੇ ਕਮਰਾ (ਡਾਰਕ ਰੂਮ ਸਮੇਤ), ਲੈਬੋਰਟਰੀ ਅਤੇ ਮੈਡੀਕਲ ਰਿਕਾਰਡ ਰੂਮ ਸ਼ਾਮਲ ਹਨ। ਫਿਰੋਜ਼ਪੁਰ ਮੰਡਲ ਦੀਆਂ ਸਿਹਤ ਸਹੂਲਤਾਂ ਬਾਰੇ ਜਾਣਕਾਰੀ ਦਿੰਦਿਆਂ ਰਵਨੀਤ ਸਿੰਘ ਨੇ ਕਿਹਾ ਕਿ ਇਸ ਵੇਲੇ ਫਿਰੋਜ਼ਪੁਰ ਮੰਡਲ ’ਚ ਇਕ ਡਿਵਿਜ਼ਨਲ ਹਸਪਤਾਲ (ਫਿਰੋਜ਼ਪੁਰ), ਇਕ ਉਪ-ਮੰਡਲੀ ਹਸਪਤਾਲ (ਅੰਮ੍ਰਿਤਸਰ) ਤੇ 6 ਸਿਹਤ ਯੂਨਿਟਾਂ ਹਨ, ਜਿਨ੍ਹਾਂ ’ਚ ਕੁੱਲ 34 ਡਾਕਟਰ ਤਾਇਨਾਤ ਹਨ। ਫਿਰੋਜ਼ਪੁਰ ਡਿਵਿਜ਼ਨਲ ਹਸਪਤਾਲ ’ਚ ਕੁੱਲ 69 ਬੈੱਡ ਹਨ, ਜਿੱਥੇ ਮੈਡਿਸਨ, ਜਨਰਲ ਸਰਜਰੀ, ਗਾਇਨੇਕੋਲੋਜੀ, ਆਰਥੋਪੀਡਿਕ, ਪੈਥੋਲੋਜੀ, ਐਨੇਸਥੀਸ਼ੀਆ



ਅਤੇ ਡੈਂਟਲ ਵਰਗੀਆਂ ਵਿਸ਼ੇਸ਼ਤਾਵਾਂ ’ਚ ਸੇਵਾਵਾਂ ਉਪਲਬਧ ਹਨ। ਹਸਪਤਾਲ ’ਚ ਅਤਿ-ਆਧੁਨਿਕ ਲੈਬੋਰਟਰੀ, ਫਿਜ਼ਿਓਥੈਰਪੀ ਯੂਨਿਟ, ਕੰਪਿਊਟਰਾਈਜ਼ਡ ਰੇਡੀਓਗ੍ਰਾਫਿਕ ਸਿਸਟਮ ਅਤੇ ਮੋਡੀਊਲਰ ਓਪਰੇਸ਼ਨ ਥੀਏਟਰ ਦੀਆਂ ਸਹੂਲਤਾਂ ਮੌਜੂਦ ਹਨ। ਅੰਮ੍ਰਿਤਸਰ ’ਚ 50-ਬੈੱਡ ਦਾ ਹਸਪਤਾਲ ਚੱਲ ਰਿਹਾ ਹੈ। ਇਸ ਤੋਂ ਇਲਾਵਾ ਲੁਧਿਆਣਾ, ਜਲੰਧਰ ਸਿਟੀ, ਜਲੰਧਰ ਛਾਵਣੀ ਤੇ ਕਪੂਰਥਲਾ ’ਚ ਸਿਹਤ ਯੂਨਿਟਾਂ ਕੰਮ ਕਰ ਰਹੀਆਂ ਹਨ। ਰੇਲਵੇ ਲਾਭਪਾਤਰੀਆਂ ਨੂੰ ਐਮਰਜੈਂਸੀ ਦੇਖਭਾਲ ਦੇਣ ਲਈ 51 ਨਿੱਜੀ ਹਸਪਤਾਲਾਂ ਤੇ 16 ਡਾਇਗਨੋਸਟਿਕ ਸੈਂਟਰਾਂ ਨੂੰ ਪੈਨਲ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਮੌਕੇ ਸੰਜੀਵ ਕੁਮਾਰ (ਡੀ.ਆਰ.ਐਮ. ਫਿਰੋਜ਼ਪੁਰ), ਅਜੈ ਵਰਸ਼ਨੇ (ਸੀ.ਪੀ.ਐਮ. ਕਨਸਟ?ਰਕਸ਼ਨ), ਡਾ. ਚੇਤਨਾ ਕਪੂਰ (ਏ.ਸੀ.ਐਮ.ਐਸ. ਲੁਧਿਆਣਾ), ਰਿਸ਼ੀ ਪਾਂਡੇ (ਸੀਨੀਅਰ ਡੀ.ਐਸ.ਸੀ. ਆਰ.ਪੀ.ਐਫ. ਫਿਰੋਜ਼ਪੁਰ), ਪਰਮਦੀਪ ਸੈਣੀ (ਸੀਨੀਅਰ ਡੀ.ਸੀ.ਐਮ. ਫਿਰੋਜ਼ਪੁਰ), ਸੁਮਿਤ ਖੁਰਾਨਾ (ਸੀਨੀਅਰ ਡੀ.ਈ.ਐਨ. ਕੋਆਰਡੀਨੇਸ਼ਨ ਫਿਰੋਜ਼ਪੁਰ), ਸ਼ੁਭਮ ਖੁਰਾਨਾ (ਡਿਪਟੀ ਚੀਫ਼ ਇੰਜੀਨੀਅਰ ਕਨਸਟ?ਰਕਸ਼ਨ), ਅਜਯਪਾਲ (ਸੀਨੀਅਰ ਡੀ.ਈ.ਐਨ.-9 ਫਿਰੋਜ਼ਪੁਰ) ਤੇ ਆਦਿਤਿਆ ਮਹਰਾ (ਸਟੇਸ਼ਨ ਡਾਇਰੈਕਟਰ ਲੁਧਿਆਣਾ) ਸਮੇਤ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

## ਜੇਲ ’ਚ ਬਾਹਰ ਤੋਂ ਸੁੱਟੇ ਦੋ ਮੋਬਾਇਲ, ਨਸ਼ੀਲੇ ਕੈਪਸੂਲ ਤੇ ਹੋਰ ਸਾਮਾਨ ਬਰਾਮਦ

ਗੁਰਦਾਸਪੁਰ, 1 ਅਕਤੂਬਰ। ਜੇਲ ਅਧਿਕਾਰੀਆਂ ਦੀ ਸ਼ਿਕਾਇਤ ਦੇ ਆਧਾਰ ’ਤੇ ਸਿਟੀ ਪੁਲਸ ਨੇ ਅਣਪਛਾਤੇ ਮੁਲਜ਼ਮਾਂ ਵਿਰੁੱਧ ਬਾਹਰੋਂ ਜੇਲ ਵਿੱਚ ਦੋ ਮੋਬਾਈਲ ਫੋਨ, ਨਸ਼ੀਲੇ ਕੈਪਸੂਲ ਤੇ ਹੋਰ ਸਾਮਾਨ ਸੁੱਟਣ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਹੈ। ਗੁਰਦਾਸਪੁਰ ਜੇਲ ਦੇ ਸੁਪਰਡੈਂਟ ਵੱਲੋਂ ਇਸ ਸਬੰਧ ਵਿੱਚ ਪੁਲਸ ਨੂੰ ਲਿਖੇ ਪੱਤਰ ਅਨੁਸਾਰ ਦੱਸਿਆ ਕਿ ਕੱਲ ਸ਼ਾਮ 4:30 ਵਜੇ ਦੇ ਕਰੀਬ ਬੈਰਕ ਨੰਬਰ 4 ਦੇ ਨੇੜੇ ਜੇਲ ਦੇ ਬਾਹਰੋਂ ਇੱਕ ਪਲਾਸਟਿਕ ਦਾ ਲਿਫਾਫਾ ਜੇਲ੍ਹ ਵਿੱਚ ਅਣਪਛਾਤੇ ਮੁਲਜ਼ਮਾਂ ਵੱਲੋਂ ਸੁੱਟਿਆ ਗਿਆ। ਜਦੋਂ ਇਸ ਲਿਫਾਫੇ ਨੂੰ ਬਰਾਮਦ ਕਰਕੇ ਜਾਂਚ ਕੀਤੀ ਗਈ ਤਾਂ ਇਸ ਵਿੱਚੋਂ ਦੋ ਮੋਬਾਈਲ ਫੋਨ, 25 ਨਸ਼ੀਲੇ ਕੈਪਸੂਲ, ਇਕ ਚਾਰਜਰ, ਦੋ ਡੇਟਾ ਕੇਬਲ, ਦੋ ਸਿਗਰਟ ਦੇ ਪੈਕੇਟ, ਚਾਰ ਬੀੜੀਆਂ ਦੇ ਬੰਡਲ, ਚਾਰ ਤੰਬਾਕੂ ਪਾਊਚ ਤੇ ਖੁੱਲ੍ਹਾ ਤੰਬਾਕੂ ਬਰਾਮਦ ਕੀਤਾ ਗਿਆ। ਸਿਟੀ ਪੁਲਸ ਸਟੇਸ਼ਨ ਗੁਰਦਾਸਪੁਰ ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ ਜਗਜੀਤ ਸਿੰਘ ਨੇ ਦੱਸਿਆ ਕਿ ਇਸ ਪੱਤਰ ਦੇ ਆਧਾਰ ’ਤੇ ਸਿਟੀ ਪੁਲਸ ਗੁਰਦਾਸਪੁਰ ਨੇ ਅਣਪਛਾਤੇ ਮੁਲਜ਼ਮਾਂ ਵਿਰੁੱਧ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਗੁਰਦਾਸਪੁਰ ’ਚ 92 ਮੰਡੀਆਂ ’ਚ ਕੀਤੀ ਜਾਵੇਗੀ ਝੋਨੇ ਦੀ ਖਰੀਦ, ਪ੍ਰਸ਼ਾਸਨ ਨੇ ਸਾਰੇ ਪ੍ਰਬੰਧ ਕੀਤੇ ਮੁਕੰਮਲ

ਗੁਰਦਾਸਪੁਰ 1 ਅਕਤੂਬਰ। ਗੁਰਦਾਸਪੁਰ ਜ਼ਿਲ੍ਹੇ ਅੰਦਰ ਝੋਨੇ ਦੀ ਖਰੀਦ ਲਈ ਪ੍ਰਸ਼ਾਸਨ ਵੱਲੋਂ ਸਾਰੇ ਪ੍ਰਬੰਧ ਕਰ ਲਏ ਗਏ ਹਨ, ਜਿਸ ਤਹਿਤ 92 ਖਰੀਦ ਕੇਂਦਰਾਂ ’ਤੇ ਝੋਨੇ ਦੀ ਖਰੀਦ ਕੀਤੀ ਜਾਵੇਗੀ। ਇਸ ਸਬੰਧੀ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਨੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਮੰਡੀਆਂ ’ਚ ਸਿਰਫ ਸੁੱਕਾ ਝੋਨਾ ਹੀ ਵੇਚਣ ਲਈ ਲੈ ਕੇ ਆਉਣ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਝੋਨੇ ’ਚ ਨਮੀ ਦੀ ਵੱਧ ਤੋਂ ਵੱਧ ਮਾਤਰਾ 17 ਫ਼ੀਸਦੀ ਨਿਰਧਾਰਿਤ ਕੀਤੀ ਗਈ ਹੈ ਅਤੇ ਕਿਸਾਨਾਂ ਨੂੰ ਆਪਣੇ ਝੋਨੇ ਦੀ ਕਟਾਈ ਫਸਲ ਪੂਰੀ ਤਰ੍ਹਾਂ ਪੱਕਣ ’ਤੇ ਹੀ ਕਰਵਾਉਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ’ਚ ਝੋਨੇ ਦੀ ਖ਼ਰੀਦ ਲਈ ਕੁੱਲ 92 ਖ਼ਰੀਦ ਕੇਂਦਰ ਸਥਾਪਿਤ ਕੀਤੇ ਗਏ ਹਨ ਅਤੇ ਸਾਰੇ ਖ਼ਰੀਦ ਪ੍ਰਬੰਧ ਮੁਕੰਮਲ ਹਨ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਖ਼ਰੀਦ ਏਜੰਸੀਆਂ ਲਈ ਖ਼ਰੀਦ ਟੀਚੇ ਨਿਰਧਾਰਿਤ ਕੀਤੇ ਗਏ ਹਨ, ਜਿਸ ਤਹਿਤ ਖ਼ਰੀਦ ਏਜੰਸੀਆਂ ਪਨਗ੍ਰੇਨ, ਪਨਸਪ, ਮਾਰਕਫੈੱਡ, ਵੇਅਰ ਹਾਊਸ ਅਤੇ ਐੱਫ. ਸੀ. ਆਈ. ਝੋਨੇ ਦੀ ਖ਼ਰੀਦ ਕਰਨਗੀਆਂ। ਉਨ੍ਹਾਂ ਦੱਸਿਆ ਕਿ ਖ਼ਰੀਦ ਏਜੰਸੀਆਂ ਨੂੰ ਸੀਜ਼ਨ ਦੌਰਾਨ ਬਾਰਦਾਨੇ ਦੀਆਂ ਕੁੱਲ 20606 ਗੱਠਾਂ ਦੀ ਲੋੜ ਹੈ ਅਤੇ ਖ਼ਰੀਦ ਏਜੰਸੀਆਂ ਪਾਸ ਸਾਰੀਆਂ 20903 ਗੱਠਾਂ ਉਪਲੱਬਧ ਹਨ।

## ਅੰਮ੍ਰਿਤਪਾਲ ਦੇ ਚਾਚੇ ਨੂੰ ਅਦਾਲਤ ’ਚ ਕੀਤਾ ਪੇਸ਼, ਮਿਲਿਆ ਦੋ ਦਿਨਾਂ ਦਾ ਪੁਲਸ ਰਿਮਾਂਡ

ਜਲੰਧਰ, 1 ਅਕਤੂਬਰ। ਸਬ ਡਵੀਜਨਲ ਜੂਡੀਸ਼ੀਅਲ ਮੈਜੀਸਟ?ਰੈਟ ਮਾਨਯੋਗ ਸਿਮਰਨਜੀਤ ਕੌਰ ਨਕੋਦਰ ਦੀ ਅਦਾਲਤ ਵਿੱਚ ਸਾਂਸਦ ਅੰਮ੍ਰਿਤਪਾਲ ਸਿੰਘ ਦੇ ਚਾਚੇ ਹਰਜੀਤ ਸਿੰਘ, ਪੁੱਤਰ ਸਵਰਨ ਸਿੰਘ ਵਾਸੀ ਜੱਲੂਪੁਰ ਖੇੜਾ ਜਿਲ੍ਹਾ ਅੰਮ੍ਰਿਤਸਰ ਨੂੰ ਭਾਰੀ ਪੁਲਸ ਫੋਰਸ ਸਮੇਤ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਜਿੱਥੇ ਪੁਲਸ ਨੇ ਸਰਕਾਰੀ ਵਕੀਲ ਦੀ ਮਦਦ ਨਾਲ 10 ਦਿਨ ਦਾ ਪੁਲਸ ਰਿਮਾਂਡ ਮੰਗਿਆ ਸੀ। ਉਥੇ ਹੀ ਬਚਾਅ ਪੱਖ ਦੇ ਵਕੀਲ ਜਤਿੰਦਰ ਬਸਰਾ ਦੀ ਬਹਿਸ ਨਾਲ ਸਹਿਮਤ ਹੁੰਦਿਆਂ ਅਦਾਲਤ ਨੇ 2 ਦਿਨ ਦੇ ਪੁਲਸ ਰਿਮਾਂਡ ’ਤੇ ਭੇਜਣ ਦਾ ਹਕਮ ਸੁਣਾਇਆ ਹੈ। ਜ਼ਿਕਰਯੋਗ ਹੈ ਕਿ ਇਸ ਮਾਮਲੇ ਵਿੱਚ ਅੰਮ੍ਰਿਤਪਾਲ ਸਿੰਘ ਪਹਿਲਾਂ ਹੀ ਆਸਾਮ ਦੀ ਡਿਬਰੂਗੜ੍ਹ ਜੇਲ੍ਹ ’ਚ ਬੰਦ ਹੈ ਅਤੇ ਉਨ੍ਹਾਂ ਦਾ ਚਾਚਾ ਵੀ ਕਿਸੇ ਹੋਰ ਮਾਮਲੇ ਵਿੱਚ ਬਠਿੰਡਾ ਦੀ ਜੇਲ੍ਹ ਵਿੱਚ ਬੰਦ ਸੀ। ਅੱਜ ਵਕੀਲ ਦੀ ਦਰਖਾਸਤ ’ਤੇ ਬਠਿੰਡਾ ਦੀ ਜੇਲ੍ਹ ਤੋਂ ਪ੍ਰੋਡਕਸ਼ਨ ਵਾਰੰਟ ’ਤੇ ਨਕੋਦਰ ਜਿਲ੍ਹਾ ਜਲੰਧਰ ਦੀ ਅਦਾਲਤ ਵਿੱਚ ਲਿਆ ਕੇ ਇਸ ਮਾਮਲੇ ਵਿੱਚ ਪੇਸ਼ ਕੀਤਾ ਗਿਆ। ਜਦੋਂਕਿ ਤੀਜਾ ਸਾਥੀ ਹਰਪ੍ਰੀਤ ਸਿੰਘ ਪਹਿਲਾਂ ਹੀ ਬਠਿੰਡਾ ਦੀ ਜੇਲ੍ਹ ਵਿੱਚ ਬੰਦ ਹੈ।

## ਫਗਵਾੜਾ ’ਚ ਲੁਟੇਰਿਆਂ ਕਹਿਰ ਜਾਰੀ, ਹੁਣ ਸ਼੍ਰੀ ਸ਼ਿਵ ਸ਼ਕਤੀ ਮਾਂ ਬਗਲਾਮੁਖੀ ਧਾਮ ਮੰਦਰ ’ਚ ਕੀਤੀ ਚੋਰੀ

ਫਗਵਾੜਾ 1 ਅਕਤੂਬਰ। ਫਗਵਾੜਾ ’ਚ ਚੋਰ ਲੁਟੇਰਿਆਂ ਦਾ ਕਹਿਰ ਲਗਾਤਾਰ ਵਧਦਾ ਜਾ ਰਿਹਾ ਹੈ। ਜਾਣਕਾਰੀ ਮੁਤਾਬਕ ਨਰਾਤਿਆਂ ਦੇ ਪਵਿੱਤਰ ਦਿਨਾਂ ’ਚ ਹੁਣ ਚੋਰਾਂ ਵਲੋਂ ਸ਼੍ਰੀ ਸ਼ਿਵ ਸ਼ਕਤੀ ਮਾਂ ਬਗਲਾਮੁਖੀ ਧਾਮ ਮੰਦਰ ਫਗਵਾੜਾ ’ਚ ਚੋਰੀ ਕਰਨ ਦੀ ਸਨਸਨੀਖੇਜ਼ ਸੂਚਨਾ ਮਿਲੀ ਹੈ। ਜਾਣਕਾਰੀ ਦਿੰਦਿਆਂ ਮੰਦਰ ਦੇ ਪੁਜਾਰੀ ਪੰਡਿਤ ਬਨਵਾਰੀ ਲਾਲ ਬੰਧੂ ਸ਼ਰਮਾ ਨੇ ਦੱਸਿਆ ਕਿ ਬੀਤੀ ਦੇਰ ਰਾਤ ਚੋਰਾਂ ਨੇ ਉਸ ਨੂੰ ਪਿਸਤੌਲ ਦੀ ਨੋਕ ’ਤੇ ਰੱਖਦੇ ਹੋਏ ਮੰਦਰ ਦੀ ਗੋਲਕ ਦੀ ਭੰਨਤੋੜ ਕਰਕੇ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ। ਇਸ ਦੌਰਾਨ ਲੁਟੇਰਿਆਂ ਨੇ ਉਸ ਦਾ ਮੋਬਾਈਲ ਫੋਨ ਵੀ ਲੁੱਟ ਲਿਆ। ਇਲਾਕੇ ’ਚ ਚੋਰੀ ਦੀ ਉਕਤ ਘਟਨਾ ਨੂੰ ਲੈ ਕੇ ਲੋਕਾਂ ਖਾਸ ਤੌਰ ’ਤੇ ਮੰਦਰ ਨਾਲ ਜੁੜੇ ਸ਼ਰਧਾਲੂਆਂ ’ਚ ਗੁੱਸੇ ਦੀ ਲਹਿਰ ਹੈ। ਸ਼ਰਧਾਲੂਆਂ ਨੇ ਮੰਦਰ ਵਿੱਚ ਚੋਰੀ ਦੀ ਘਟਨਾ ਨੂੰ ਅੰਜਾਮ ਦੇਣ ਵਾਲੇ ਲੁਟੇਰਿਆਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕਰਨ ਅਤੇ ਉਨ੍ਹਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਇਸ ਮੌਕੇ ਮੰਦਰ ਦੇ ਸੰਚਾਲਕ ਪੰਡਿਤ ਵਿਜੇ ਸ਼ਾਸਤਰੀ, ਪੰਡਿਤ ਕੁੰਦਨ ਲਾਲ ਸ਼ਾਸਤਰੀ, ਪੰਡਿਤ ਮਯੰਕ ਵਿਆਸ, ਪੰਡਿਤ ਰਾਮ ਬਾਬੂ ਸ਼ਰਮਾ, ਮਹਿਲਾ ਸਤਿਸੰਗ ਸਭਾ ਦੇ ਮੈਂਬਰ ਆਦਿ ਮੌਜੂਦ ਸਨ।

# ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡ. ਧਾਮੀ ਤੇ ਸ਼੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿ. ਰਘਬੀਰ ਸਿੰਘ ਵਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 1 ਅਕਤੂਬਰ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੇ ਅਜਨਾਲਾ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ। ਉਨ੍ਹਾਂ ਨੇ ਹਾਲਾਤਾਂ ਦਾ ਜਾਇਜ਼ਾ ਲੈਂਦਿਆਂ ਹੜ੍ਹਾਂ ਕਾਰਨ ਨੁਕਸਾਨੇ ਘਰਾਂ ਦੀ ਸੰਪਰਦਾ ਬਾਬਾ ਦਰਸ਼ਨ ਸਿੰਘ ਕੁੱਲੀ ਵਾਲਿਆਂ ਦੁਆਰਾ ਮੁੜ-ਉਸਾਰੀ ਦੇ ਕਾਰਜ ਦੀ ਆਰੰਭਤਾ ਕਰਵਾਈ। ਇਸ ਦੌਰਾਨ ਸ਼?ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਦਿਆਲ ਭੱਟੀ ਪਿੰਡ ਦੇ ਜੈਮਲ ਸਿੰਘ, ਜਿਸ ਦਾ ਘਰ ਪੂਰੀ ਤਰ੍ਹਾਂ ਤਬਾਹ ਹੋ ਗਿਆ ਸੀ, ਨੂੰ ਸ਼?ਰੋਮਣੀ ਕਮੇਟੀ ਵੱਲੋਂ 50 ਹਜ਼ਾਰ ਰੁਪਏ ਦੀ ਸਹਾਇਤਾ ਦੇਣ ਦਾ ਐਲਾਨ ਕੀਤਾ। ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਵਿੱਚ ਹੜ੍ਹਾਂ ਨੇ ਵਿਆਪਕ ਨੁਕਸਾਨ ਕੀਤਾ ਹੈ, ਜਿਸ ਨਾਲ ਬਹੁਤ ਸਾਰੇ ਲੋਕਾਂ ਦੇ ਘਰ ਢਹਿ ਗਏ ਹਨ। ਸ਼?ਰੋਮਣੀ ਕਮੇਟੀ, ਸਿੱਖ ਸੰਸਥਾਵਾਂ ਅਤੇ ਸੰਪ੍ਰਦਾਵਾਂ ਸਮੇਤ ਜਥੇਬੰਦੀਆਂ ਤੇ ਸੁਸਾਇਟੀਆਂ ਪੀੜਤਾਂ ਦੀ ਸਹਾਇਤਾ ਲਈ ਅੱਗੇ ਆਈਆਂ ਹਨ। ਉਨ੍ਹਾਂ ਨੇ ਬਾਬਾ ਗੁਰਦੇਵ ਸਿੰਘ ਕੁੱਲੀ ਵਾਲਿਆਂ ਦੇ ਉਪਰਾਲਿਆਂ ਨੂੰ ਸਮਾਜਿਕ ਮਜ਼ਬੂਤੀ ਲਈ ਅਹਿਮ ਦੱਸਿਆ ਅਤੇ ਕਿਹਾ ਕਿ ਸ਼?ਰੋਮਣੀ ਕਮੇਟੀ ਹਾਲਾਤ ਸੁਧਰਨ ਤੱਕ ਲੋੜਵੰਦਾਂ ਦੀ ਮਦਦ ਜਾਰੀ ਰੱਖੇਗੀ। ਉਨ੍ਹਾਂ ਨੇ ਪੰਜਾਬੀਆਂ ਦੀ ਇਕਜੁਟਤਾ ਅਤੇ ਹਮਦਰਦੀ ਦੀ ਸ਼ਲਾਘਾ ਕੀਤੀ। ਗਿਆਨੀ ਰਘਬੀਰ ਸਿੰਘ ਨੇ ਸਿੱਖ ਸੰਸਥਾਵਾਂ ਦੀ ਸੇਵਾ ਨੂੰ ਸਿੱਖ ਪਰੰਪਰਾ ਦਾ ਗੌਰਵ ਹਰਜਿੰਦਰ ਸਿੰਘ ਧਾਮੀ ਅਤੇ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਦਾ ਸੇਵਾ ਦੇ ਕਾਰਜ ਵਿਚ



ਦੱਸਦਿਆਂ ਕਿਹਾ ਕਿ ਬਾਬਾ ਗੁਰਦੇਵ ਸਿੰਘ ਕੁੱਲੀ ਵਾਲਿਆਂ ਵੱਲੋਂ ਸੰਗਤ ਦੇ ਸਹਿਯੋਗ ਨਾਲ ਲੋੜਵੰਦਾਂ ਦੇ ਘਰਾਂ ਦੀ ਉਸਾਰੀ ਦਾ ਕੰਮ ਸ਼ਲਾਘਾਯੋਗ ਹੈ। ਉਨ੍ਹਾਂ ਸਰਕਾਰ ’ਤੇ ਸਵਾਲ ਚੁੱਕਦਿਆਂ ਕਿਹਾ ਕਿ ਸਰਕਾਰ ਨੂੰ ਜ਼ਮੀਨੀ ਪੱਧਰ ’ਤੇ ਕੰਮ ਕਰਨਾ ਚਾਹੀਦਾ ਸੀ, ਪਰ ਉਹ ਕਿਤੇ ਨਜ਼ਰ ਨਹੀਂ ਆ ਰਹੀ। ਸੰਪਰਦਾ ਬਾਬਾ ਦਰਸ਼ਨ ਸਿੰਘ ਕੁੱਲੀ ਵਾਲਿਆਂ ਵੱਲੋਂ ਭਾਈ ਗੁਰਜੀਤ ਸਿੰਘ ਨੇ ਸ਼?ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਮਹੱਤਵਪੂਰਨ ਸੇਵਾਵਾਂ ਦੇਣ ਲਈ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਸੰਪਰਦਾ ਦਾ ਟੀਚਾ 100 ਲੋੜਵੰਦ ਪਰਿਵਾਰਾਂ ਦੇ ਘਰ ਤਿਆਰ ਕਰਨਾ ਹੈ, ਜਿਸ ਵਿੱਚੋਂ ਕਈਆਂ ਦੀ ਉਸਾਰੀ ਸ਼ੁਰੂ ਹੋ ਚੁੱਕੀ ਹੈ। ਇਸ ਮੌਕੇ ਸ਼?ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਬਾਬਾ ਹਰਨੇਕ ਸਿੰਘ ਸਿਆੜ ਸਾਹਿਬ, ਪੀੜਤ ਪਰਿਵਾਰ ਦੇ ਮੈਂਬਰ ਜੈਮਲ ਸਿੰਘ ਅਤੇ ਹੋਰ ਵੀ ਹਾਜ਼ਰ ਸਨ।

# ਕੇਂਦਰੀ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਦਾ ਫੇਸਬੁੱਕ ਲਾਈਵ ਬਿਆਨ, ਰਾਜਨੀਤਿਕ ਸਾਜ਼ਿਸ਼ ਦਾ ਦੋਸ਼

**ਕੌਮੀ ਪਤ੍ਰਿਕਾ**

ਲੁਧਿਆਣਾ 1 ਅਕਤੂਬਰ। ਕੇਂਦਰੀ ਵਿਧਾਨ ਸਭਾ ਹਲਕੇ ਦੇ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਨੇ ਅੱਜ ਆਪਣੇ ਫੇਸਬੁੱਕ ਪੇਜ ’ਤੇ ਲਾਈਵ ਹੋ ਕੇ ਉਨ੍ਹਾਂ ਵਿਰੁੱਧ ਪੁਲਸ ਨਿਗਰਾਨੀ ਅਤੇ ਰਾਜਨੀਤਿਕ ਸਾਜ਼ਿਸ਼ ਦੇ ਗੰਭੀਰ ਦੋਸ਼ ਲਗਾਏ। ਉਨ੍ਹਾਂ ਕਿਹਾ ਕਿ ਕੁਝ ਰਾਜਨੀਤਿਕ ਹਸਤੀਆਂ ਜਨਤਾ ਨੂੰ ਗੁੰਮਰਾਹ ਕਰਨ ਅਤੇ ਉਨ੍ਹਾਂ ਵਿਰੁੱਧ ਝੂਠੇ ਦੋਸ਼ ਲਗਾਉਣ ਲਈ ਮਿਲੀਭੁਗਤ ਕਰ ਰਹੀਆਂ ਹਨ। ਵਿਧਾਇਕ ਨੇ ਸਪੱਸ਼ਟ ਤੌਰ ’ਤੇ ਕਿਹਾ ਕਿ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਨੇ ਪਹਿਲਾਂ ਹੀ ਇੱਕ ਪ੍ਰੈੱਸ ਕਾਨਫਰੰਸ ਵਿੱਚ ਸਪੱਸ਼ਟ ਕਰ ਦਿੱਤਾ ਸੀ ਕਿ ਸੜਕ ’ਤੇ ਕੋਈ ਦੁਕਾਨਾਂ ਨਹੀਂ ਲਗਾਈਆਂ ਜਾ ਸਕਦੀਆਂ। ਦੁਕਾਨਾਂ ਦੀ ਇਜਾਜ਼ਤ ਸਿਰਫ ਮੈਦਾਨਾਂ ਤੱਕ ਸੀਮਤ ਹੈ, ਸੜਕਾਂ ਤੱਕ ਨਹੀਂ। ਉਨ੍ਹਾਂ ਕਿਹਾ ਕਿ ਇਲਾਕੇ ਦੇ ਲੋਕਾਂ ਨੂੰ ਲਗਾਤਾਰ ਸ਼ਿਕਾਇਤਾਂ ਮਿਲ ਰਹੀਆਂ ਹਨ। ਮੈਦਾਨਾਂ ਦੇ ਬਾਹਰ ਦੁਕਾਨਾਂ ਸਥਾਪਤ ਕਰਨ ਨਾਲ ਸਕੂਲਾਂ ਅਤੇ ਹਸਪਤਾਲਾਂ ਨੂੰ ਜਾਣ ਵਾਲੇ ਮਰੀਜ਼ਾਂ ਅਤੇ ਬੱਚਿਆਂ ਨੂੰ ਕਾਫ਼ੀ ਅਸੁਵਿਧਾ ਹੋ ਰਹੀ ਹੈ। ਮੈਂ ਜਨਤਾ ਦੇ ਨਾਲ ਖੜ੍ਹਾ ਹਾਂ; ਕਿਸੇ ਨੂੰ ਵੀ



ਮੈਦਾਨਾਂ ਦੇ ਬਾਹਰ ਦੁਕਾਨਾਂ ਸਥਾਪਤ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ, ਵਿਧਾਇਕ ਨੇ ਕਿਹਾ। ਵਿਧਾਇਕ ਪੱਪੀ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਕਿਸੇ ਵੀ ਸੰਤ ਸਮਾਜ ਤੋਂ ਸਰਟੀਫਿਕੇਟ ਲੈਣ ਦੀ ਜ਼ਰੂਰਤ ਨਹੀਂ ਹੈ, ਕਿਉਂਕਿ ਉਹ ਖੁਦ ਇੱਕ ਸੰਤਾਨੀ ਪਰਿਵਾਰ ਤੋਂ ਹਨ। ਕੋਵਿਡ-19 ਮਹਾਂਮਾਰੀ ਦੌਰਾਨ ਵੀ, ਜਦੋਂ ਲੋਕ ਆਪਣੇ ਘਰਾਂ ਤੱਕ ਸੀਮਤ ਸਨ, ਉਹ ਬਾਲਾਜੀ ਝੰਡਾ ਲੈ ਕੇ ਜਨਤਾ ਦੀ ਮਦਦ ਕਰ ਰਿਹਾ ਸੀ। ਉਸਨੇ 2,000 ਰੁਪਏ ਕਿਰਾਏ ਦੇ ਦੋਸ਼ ਨੂੰ ਸਪੱਸ਼ਟ ਤੌਰ ’ਤੇ ਰੱਦ ਕਰ ਦਿੱਤਾ, ਕਿਹਾ ਕਿ ਉਹ ਗਰੀਬਾਂ ਦੇ ਨਾਲ ਖੜ੍ਹਾ ਹੈ ਅਤੇ ਕਿਸੇ ਤੋਂ ਵੀ ਅਜਿਹਾ ਕਿਰਾਇਆ ਨਹੀਂ ਵਸੂਲਣ ਦੇਵੇਗਾ। ਵਿਧਾਇਕ ਨੇ ਇੱਕ ਨਿਗਮ ਕਰਮਚਾਰੀ ’ਤੇ ਵੀ ਗੰਭੀਰ ਦੋਸ਼ ਲਗਾਏ, ਦੋਸ਼ ਲਗਾਇਆ ਕਿ ਉਹ ਰਾਜਨੀਤਿਕ ਸਟੇਟਮੈਨ ਨਾਲ ਮਿਲੀਭੁਗਤ ਵਿੱਚ ਹੈ। ਮੈਂ ਉਸ ਵਿਰੁੱਧ ਮਾਣਹਾਨੀ ਦਾ ਕੇਸ ਦਾਇਰ ਕਰਨ ਅਤੇ ਵਿਜੀਲੈਂਸ ਵਿਭਾਗ ਦੁਆਰਾ ਜਾਂਚ ਦੀ ਮੰਗ ਕਰਨ ਦਾ ਇਰਾਦਾ ਰੱਖਦਾ ਹਾਂ, ਉਸਨੇ ਕਿਹਾ। ਅੰਤ ਵਿੱਚ, ਪੱਪੀ ਨੇ ਜਨਤਾ ਨੂੰ ਉਨ੍ਹਾਂ ਲੋਕਾਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਜੋ ਰਾਜਨੀਤਿਕ ਲਾਭ ਲਈ ਡਰਾਮਾ ਕਰਦੇ ਹਨ। ਵਿਧਾਇਕ ਨੇ ਦ੍ਰਿੜਤਾ ਨਾਲ ਕਿਹਾ ਮੈਂ ਲੋਕਾਂ ਅਤੇ ਗਰੀਬਾਂ ਦੇ ਨਾਲ ਖੜ੍ਹਾ ਹਾਂ; ਮੈਂ ਕਿਸੇ ਵੀ ਕੀਮਤ ’ਤੇ ਮੈਦਾਨ ਦੇ ਬਾਹਰ ਦੁਕਾਨਾਂ ਸਥਾਪਤ ਨਹੀਂ ਹੋਣ ਦਿਆਂਗਾ,।

## ਅੰਮ੍ਰਿਤਪਾਲ ਦੇ ਚਾਚੇ ਨੂੰ ਅਦਾਲਤ ’ਚ ਕੀਤਾ ਪੇਸ਼, ਮਿਲਿਆ ਦੋ ਦਿਨਾਂ ਦਾ ਪੁਲਸ ਰਿਮਾਂਡ

ਜਲੰਧਰ, 1 ਅਕਤੂਬਰ। ਸਬ ਡਵੀਜਨਲ ਜੂਡੀਸ਼ੀਅਲ ਮੈਜੀਸਟ?ਰੈਟ ਮਾਨਯੋਗ ਸਿਮਰਨਜੀਤ ਕੌਰ ਨਕੋਦਰ ਦੀ ਅਦਾਲਤ ਵਿੱਚ ਸਾਂਸਦ ਅੰਮ੍ਰਿਤਪਾਲ ਸਿੰਘ ਦੇ ਚਾਚੇ ਹਰਜੀਤ ਸਿੰਘ, ਪੁੱਤਰ ਸਵਰਨ ਸਿੰਘ ਵਾਸੀ ਜੱਲੂਪੁਰ ਖੇੜਾ ਜਿਲ੍ਹਾ ਅੰਮ੍ਰਿਤਸਰ ਨੂੰ ਭਾਰੀ ਪੁਲਸ ਫੋਰਸ ਸਮੇਤ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਜਿੱਥੇ ਪੁਲਸ ਨੇ ਸਰਕਾਰੀ ਵਕੀਲ ਦੀ ਮਦਦ ਨਾਲ 10 ਦਿਨ ਦਾ ਪੁਲਸ ਰਿਮਾਂਡ ਮੰਗਿਆ ਸੀ। ਉਥੇ ਹੀ ਬਚਾਅ ਪੱਖ ਦੇ ਵਕੀਲ ਜਤਿੰਦਰ ਬਸਰਾ ਦੀ ਬਹਿਸ ਨਾਲ ਸਹਿਮਤ ਹੁੰਦਿਆਂ ਅਦਾਲਤ ਨੇ 2 ਦਿਨ ਦੇ ਪੁਲਸ ਰਿਮਾਂਡ ’ਤੇ ਭੇਜਣ ਦਾ ਹਕਮ ਸੁਣਾਇਆ ਹੈ। ਜ਼ਿਕਰਯੋਗ ਹੈ ਕਿ ਇਸ ਮਾਮਲੇ ਵਿੱਚ ਅੰਮ੍ਰਿਤਪਾਲ ਸਿੰਘ ਪਹਿਲਾਂ ਹੀ ਆਸਾਮ ਦੀ ਡਿਬਰੂਗੜ੍ਹ ਜੇਲ੍ਹ ’ਚ ਬੰਦ ਹੈ ਅਤੇ ਉਨ੍ਹਾਂ ਦਾ ਚਾਚਾ ਵੀ ਕਿਸੇ ਹੋਰ ਮਾਮਲੇ ਵਿੱਚ ਬਠਿੰਡਾ ਦੀ ਜੇਲ੍ਹ ਵਿੱਚ ਬੰਦ ਸੀ। ਅੱਜ ਵਕੀਲ ਦੀ ਦਰਖਾਸਤ ’ਤੇ ਬਠਿੰਡਾ ਦੀ ਜੇਲ੍ਹ ਤੋਂ ਪ੍ਰੋਡਕਸ਼ਨ ਵਾਰੰਟ ’ਤੇ ਨਕੋਦਰ ਜਿਲ੍ਹਾ ਜਲੰਧਰ ਦੀ ਅਦਾਲਤ ਵਿੱਚ ਲਿਆ ਕੇ ਇਸ ਮਾਮਲੇ ਵਿੱਚ ਪੇਸ਼ ਕੀਤਾ ਗਿਆ। ਜਦੋਂਕਿ ਤੀਜਾ ਸਾਥੀ ਹਰਪ੍ਰੀਤ ਸਿੰਘ ਪਹਿਲਾਂ ਹੀ ਬਠਿੰਡਾ ਦੀ ਜੇਲ੍ਹ ਵਿੱਚ ਬੰਦ ਹੈ।

## ਅਮਰੀਕਾ ਦੀ ਡੌਂਕੀ ਲਾਉਂਦੇ ਪੰਜਾਬੀ ਮੁੰਡੇ ਦੀ ਮੈਕਸੀਕੋ ’ਚ ਮੌਤ, ਪਿਛਲੇ ਸਾਲ ਗਿਆ ਸੀ ਘਰੋਂ

ਡੇਰਾਬਸੀ, 1 ਅਕਤੂਬਰ। ਡੇਰਾਬਸੀ ਬਲਾਕ ਦੇ ਪਿੰਡ ਸਮਗੌਲੀ ਦੇ ਨੌਜਵਾਨ ਹਰਦੀਪ ਸਿੰਘ ਦੀ ਮੈਕਸੀਕੋ ਵਿੱਚ ਸ਼ੱਕੀ ਹਾਲਾਤਾਂ ’ਚ ਮੌਤ ਹੋ ਗਈ, ਜਦਕਿ ਪਰਿਵਾਰ ਤੋਂ ਏਜੰਟਾਂ ਨੇ ਅਮਰੀਕਾ ਭੇਜਣ ਦੇ ਨਾਂ ’ਤੇ 37 ਲੱਖ ਰੁਪਏ ਹੜਪ ਲਏ। ਮ੍ਰਿਤਕ ਦੇ ਭਰਾ ਮਲਕੀਤ ਸਿੰਘ ਅਨੁਸਾਰ, ਉਸਦਾ ਭਰਾ ਹਰਦੀਪ ਸਿੰਘ ਜੁਲਾਈ 2024 ਵਿੱਚ ਘਰੋਂ ਨਿਕਲਿਆ ਸੀ। ਏਜੰਟਾਂ ਨੇ ਭਰੋਸਾ ਦਿਵਾਇਆ ਸੀ ਕਿ ਉਸਨੂੰ ਡੌਂਕੀ ਰਾਹੀਂ ਮੈਕਸੀਕੋ ਰਾਹੀਂ ਅਮਰੀਕਾ ਭੇਜਿਆ ਜਾਵੇਗਾ ਪਰ ਮੈਕਸੀਕੋ ਪਹੁੰਚਣ ਤੋਂ ਬਾਅਦ ਡੋਂਕਰਾਂ ਨੇ ਉਸਨੂੰ ਇਕ ਕਮਰੇ ਵਿੱਚ ਭੁੱਖਾ ਪਿਆਸਾ ਬੰਦੀ ਬਣਾਈ ਰੱਖਿਆ। ਪਰਿਵਾਰ ਵੱਲੋਂ 37 ਲੱਖ ਦੇਣ ਦੇ ਬਾਵਜੂਦ ਉੱਥੇ ਖਰਚਾ ਨਾ ਭੇਜਿਆ ਗਿਆ, ਜਿਸ ਕਾਰਨ ਮਜਬੂਰੀ ਵਿੱਚ 4 ਲੱਖ ਰੁਪਏ ਹੋਰ ਭੇਜਣੇ ਪਏ। ਸ਼ਨੀਵਾਰ ਰਾਤ ਪਰਿਵਾਰ ਨੂੰ ਖ਼ਬਰ ਮਿਲੀ ਕਿ ਹਰਦੀਪ ਸਿੰਘ ਦੀ ਮੌਤ ਹੋ ਗਈ ਹੈ। ਮੌਤ ਤੋਂ ਕੁਝ ਦਿਨ ਪਹਿਲਾਂ ਉਸ ਨੇ ਇੱਕ ਵੀਡੀਓ ਵੀ ਜਾਰੀ ਕੀਤੀ ਸੀ, ਜਿਸ ਵਿੱਚ ਉਸ ਨੇ ਏਜੰਟਾਂ ਉੱਤੇ ਠੱਗੀ ਦੇ ਗੰਭੀਰ ਦੋਸ਼ ਲਗਾਏ ਸਨ। ਪਰਿਵਾਰ ਵਿੱਚ ਗ਼ਮ ਦਾ ਮਾਹੌਲ ਹੈ। ਇਸ ਤੋਂ ਪਹਿਲਾਂ ਹਰਦੀਪ ਆਪਣੇ ਭਰਾ ਨਾਲ ਮਿਲ ਕੇ ਮੈਡੀਕਲ ਸਟੋਰ ਚਲਾਉਂਦਾ ਸੀ, ਜਦਕਿ ਉਸਦਾ ਦੂਜਾ ਭਰਾ ਪੁਰਤਗਾਲ ਵਿੱਚ ਵੱਸਦਾ ਹੈ। ਪੁਲਸ ਨੇ ਕਾਰਵਾਈ ਕਰਦੇ ਹੋਏ ਮੁਲਜ਼ਮ ਨਿਤਿਨ ਸੈਣੀ ਵਾਸੀ ਬਰਨਾਲਾ ਅਤੇ ਸੁਖਵਿੰਦਰ ਸਿੰਘ ਵਾਸੀ ਭਾਂਖਰਪੁਰ ਖ਼?ਲਾਫ਼ ਧਾਰਾਵਾਂ ਬੀ.ਐੱਨ.ਐੱਸ. ਅਤੇ 24 ਇਮੀਗ੍ਰੇਸ਼ਨ ਐਕਟ ਤਹਿਤ ਕੇਸ ਦਰਜ ਕੀਤਾ ਹੈ। ਦੋਵੇਂ ਦੋਸ਼ੀ ਇਸ ਵੇਲੇ ਫਰਾਰ ਹਨ ਅਤੇ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਜਾਰੀ ਹੈ।

## ਪੰਜਾਬ ਪੁਲਸ ਨੇ 12 ਘੰਟਿਆਂ ਵਿੱਚ ਲੱਭ ਲਈਆਂ ਗੁੰਮ ਹੋਈਆਂ ਤਿੰਨ ਕੁੜੀਆਂ

ਕਾਦੀਆਂ, 1 ਅਕਤੂਬਰ। ਕਾਦੀਆਂ ਸ਼ਹਿਰ ਵਿੱਚ ਰਹੱਸਮਈ ਹਾਲਾਤਾਂ ਵਿੱਚ ਗੁੰਮ ਹੋਈਆਂ ਤਿੰਨ ਨਾਬਾਲਿਗ ਲੜਕੀਆਂ ਨੂੰ ਪੁਲਿਸ ਨੇ ਕੇਵਲ 12 ਘੰਟਿਆਂ ਅੰਦਰ ਹੀ ਬਰਾਮਦ ਕਰਕੇ ਉਨ੍ਹਾਂ ਦੇ ਪਰਿਵਾਰਾਂ ਦੇ ਹਵਾਲੇ ਕਰ ਦਿੱਤਾ। ਜਾਣਕਾਰੀ ਮੁਤਾਬਕ, ਲੜਕੀਆਂ ਜਿਨ੍ਹਾਂ ਦੀ ਉਮਰ 9, 12 ਅਤੇ 17 ਸਾਲ ਹੈ, ਸਥਾਨਕ ਨਿੱਜੀ ਸਕੂਲ ਵਿੱਚ ਪੜ੍ਹਦੀਆਂ ਹਨ। 29 ਸਤੰਬਰ ਨੂੰ ਪੇਪਰ ਦੇਣ ਤੋਂ ਬਾਅਦ ਜਦੋਂ ਉਹ ਘਰ ਵਾਪਸ ਨਹੀਂ ਪਹੁੰਚੀਆਂ ਤਾਂ ਪਰਿਵਾਰ ਨੇ ਚਿੰਤਤ ਹੋ ਕੇ ਪੁਲਿਸ ਥਾਣਾ ਕਾਦੀਆਂ ਵਿੱਚ ਸ਼ਿਕਾਇਤ ਦਰਜ ਕਰਵਾਈ। ਐਸ.ਐਚ.ਓ. ਇੰਸਪੈਕਟਰ ਗੁਰਮੀਤ ਸਿੰਘ ਦੀ ਅਗਵਾਈ ਵਿੱਚ ਪੁਲਿਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਸੀ.ਸੀ.ਟੀ.ਵੀ ਕੈਮਰੇ ਖੰਗਾਲੇ ਅਤੇ ਲਗਾਤਾਰ ਮਿਹਨਤ ਨਾਲ 12 ਘੰਟਿਆਂ ਵਿੱਚ ਤਿੰਨਾਂ ਲੜਕੀਆਂ ਨੂੰ ਲੱਭ ਲਿਆ। ਪਰਿਵਾਰਕ ਮੈਂਬਰਾਂ ਨੇ ਪੁਲਿਸ ਦੀ ਚੁਸਤ ਕਾਰਵਾਈ ਤੇ ਇਮਾਨਦਾਰੀ ਦੀ ਪ੍ਰਸ਼ੰਸਾ ਕਰਦੇ ਹੋਏ ਧੰਨਵਾਦ ਜਤਾਇਆ।

## ਸਕੂਲ ਤੋਂ ਪੇਪਰ ਦੇਣ ਮਗਰੋਂ ਘਰ ਆ ਰਹੀਆਂ 3 ਕੁੜੀਆਂ ਸ਼ੱਕੀ ਹਾਲਾਤ ’ਚ ਲਾਪਤਾ

ਕਾਦੀਆਂ 1 ਅਕਤੂਬਰ। ਕਾਦੀਆਂ ’ਚ ਅੱਜ ਸਵੇਰੇ 3 ਨਾਬਾਲਿਗ ਕੁੜੀਆਂ ਭੇਤਭਰੇ ਹਾਲਾਤ ’ਚ ਗਾਇਬ ਹੋ ਗਈਆਂ। ਇਹ ਕੁੜੀਆਂ ਸਕੂਲ ’ਚ ਪੇਪਰ ਦੇਣ ਤੋਂ ਬਾਅਦ ਘਰ ਵਾਪਸ ਆ ਰਹੀਆਂ ਸਨ ਪਰ ਰਸਤੇ ’ਚ ਅਚਾਨਕ ਗਾਇਬ ਹੋ ਗਈਆਂ। ਤਿੰਨੇ ਸਥਾਨਕ ਸਕੂਲ ਦੀ 7ਵੀਂ, 8ਵੀਂ ਅਤੇ 10ਵੀਂ ਚ ਪੜ੍ਹਦੀਆਂ ਸਨ। ਪਰਿਵਾਰਕ ਮੈਂਬਰਾਂ ਨੇ ਸਕੂਲ ਅਤੇ ਰਿਸ਼ਤੇਦਾਰਾਂ ਨਾਲ ਸੰਪਰਕ ਕੀਤਾ ਪਰ ਕੋਈ ਪਤਾ ਨਹੀਂ ਲੱਗਾ। ਮਾਮਲਾ ਥਾਣਾ ਕਾਦੀਆਂ ’ਚ ਦਰਜ ਕਰਵਾਇਆ ਗਿਆ ਹੈ। ਪੁਲਸ ਸ਼ਹਿਰ ਦੇ ਸੀ. ਸੀ. ਟੀ. ਵੀ. ਕੈਮਰੇ ਖੰਗਾਲ ਰਹੀ ਹੈ ਅਤੇ ਸਾਰੇ ਸੰਭਾਵੀ ਸੁਰਾਗ ਇਕੱਠੇ ਕਰ ਰਹੀ ਹੈ। ਥਾਣਾ ਮੁਖੀ ਗੁਰਮੀਤ ਸਿੰਘ ਨੇ ਦੱਸਿਆ ਕਿ ਜਿਵੇਂ ਹੀ ਕੋਈ ਠੋਸ ਜਾਣਕਾਰੀ ਮਿਲੇਗੀ, ਕੁੜੀਆਂ ਨੂੰ ਤੁਰੰਤ ਲੱਭਿਆ ਜਾਵੇਗਾ। ਪੂਰੇ ਇਲਾਕੇ ’ਚ ਇਸ ਘਟਨਾ ਨਾਲ ਡਰ ਅਤੇ ਚਿੰਤਾ ਦਾ ਮਾਹੌਲ ਬਣ ਗਿਆ ਹੈ।

## ਗੁਰਦਾਸਪੁਰ ਜੇਲ੍ਹ ’ਚ ਲੜਾਈ ਝਗੜਾ ਕਰਨ ਵਾਲੇ 12 ਕੈਦੀਆਂ ਵਿਰੁੱਧ ਮਾਮਲਾ ਦਰਜ

ਗੁਰਦਾਸਪੁਰ 1 ਅਕਤੂਬਰ। ਸਥਾਨਕ ਜ਼ਿਲ੍ਹਾ ਜੇਲ੍ਹ ਵਿਚ ਲੜਾਈ ਝਗੜਾ ਕਰਨ ਵਾਲੇ 12 ਕੈਦੀਆਂ ਵਿਰੁੱਧ ਸਿਟੀ ਪੁਲਸ ਨੇ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਸਿਟੀ ਪੁਲਸ ਸਟੇਸ਼ਨ ਇੰਚਾਰਜ ਦਵਿੰਦਰ ਪ੍ਰਕਾਸ਼ ਨੇ ਦੱਸਿਆ ਕਿ ਗੁਰਦਾਸਪੁਰ ਜੇਲ੍ਹ ਦੇ ਸਹਾਇਕ ਸੁਪਰਡੈਂਟ ਕੁਲਤਾਰ ਚੰਦ ਨੇ ਆਪਣੇ ਪੱਤਰ ਵਿੱਚ ਦੱਸਿਆ ਹੈ ਕਿ ਦੋਸ਼ੀ ਕੈਦੀ ਸਿਕੰਦਰ ਪੁੱਤਰ ਸੁਰੇਸ਼, ਰਾਜਬੀਰ ਪੁੱਤਰ ਭੁਪਿੰਦਰ, ਲਵਪ੍ਰੀਤ ਪੁੱਤਰ ਸੁਖਵਿੰਦਰ, ਅਮਨ ਪੁੱਤਰ ਪਠਾਨ, ਨਵੀਸ਼ ਪੁੱਤਰ ਦਰਸ਼ਨ, ਵਿਸ਼ਾਲ ਪੁੱਤਰ ਰਵੀ, ਦਵਿੰਦਰ ਪੁੱਤਰ ਦਰਸ਼ਨ, ਅੰਸ਼ ਪੁੱਤਰ ਵਿਨੋਦ, ਸੁਰਿੰਦਰ ਪੁੱਤਰ ਕੰਸਾ, ਮੋਹਿਤ ਪੁੱਤਰ ਸਤਪਾਲ, ਧਰਮਿੰਦਰ ਪੁੱਤਰ ਜਸਵੰਤ ਅਤੇ ਸੰਦੀਪ ਪੁੱਤਰ ਲਾਲ ਸਿੰਘ ਅਕਸਰ ਲੜਾਈ ਝਗੜਾ ਕਰਦੇ ਰਹਿੰਦੇ ਹਨ ਅਤੇ ਕਾਨੂੰਨ ਵਿਵਸਥਾ ਲਈ ਖ਼ਤਰਾ ਪੈਦਾ ਕਰਦੇ ਹਨ। ਪੁਲਸ ਅਧਿਕਾਰੀ ਨੇ ਦੱਸਿਆ ਕਿ ਇਸ ਸ਼ਿਕਾਇਤ ਦੇ ਆਧਾਰ ’ਤੇ ਇਨ੍ਹਾਂ ਸਾਰੇ 12 ਕੈਦੀਆਂ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਹੈ।

# ਚੋਰਾਂ ਦੀ ਵੱਡੀ ਵਾਰਦਾਤ, ਬਟਾਲਾ ਦੀ ਗੈਸ ਏਜੰਸੀ ’ਚ ਕਰ ਗਏ ਹੱਥ ਸਾਫ਼

**ਏਜੰਸੀਆਂ**

ਬਟਾਲਾ 1 ਅਕਤੂਬਰ। ਗੈਸ ਏਜੰਸੀ ਦੇ ਗੋਦਾਮ ਵਿਚੋਂ 105 ਸਿਲੰਡਰ ਚੋਰੀ ਕਰਨ ਵਾਲੇ ਅਣਪਛਾਤੇ



ਵਿਅਕਤੀਆਂ ਖਿਲਾਫ ਥਾਣਾ ਸਦਰ ਦੀ ਪੁਲਸ ਨੇ ਕੇਸ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਤਫਤੀਸ਼ੀ ਅਫਸਰ ਏ.ਐੱਸ.ਆਈ ਲਖਬੀਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਰਜ ਕਰਵਾਏ ਬਿਆਨ ਵਿਚ ਰਾਜ ਕੁਮਾਰ ਸੋਢੀ ਪੁੱਤਰ ਯਸ਼ਪਾਲ ਸੋਢੀ ਵਾਸੀ ਆਨੰਦ ਵਿਹਾਰ ਕਾਲੋਨੀ ਬਟਾਲਾ ਨੇ ਲਿਖਵਾਇਆ ਹੈ ਕਿ ਬੀਤੀ 20 ਸਤੰਬਰ ਦੀ ਸ਼ਾਮ 7 ਵਜੇ ਦੇ ਕਰੀਬ ਅਸੀਂ ਆਪਣੀ ਗੈਸ ਏਜੰਸੀ ਦਾ ਗੋਦਾਮ ਬੰਦ ਕਰਕੇ ਚਲੇ ਗਏ ਅਤੇ ਅਮਰਜੀਕ ਸਿੰਘ ਪੁੱਤਰ ਗਿਆਨ ਸਿੰਘ ਵਾਸੀ ਹਰਦੋਝੰਡੇ ਗੋਦਾਮ ਵਿਚ ਚੌਕੀਦਾਰ ਤਾਇਨਾਤ ਸੀ। ਉਕਤ ਬਿਆਨਕਰਤਾ ਮੁਤਾਬਕ ਬੀਤੀ 22 ਸਤੰਬਰ ਨੂੰ ਸਵੇਰੇ ਸਾਢੇ 8 ਵਜੇ ਦੇ ਕਰੀਬ ਜਦੋਂ ਸਾਡੇ ਮੈਨੇਜਰ ਵਿਕਰਮ ਕੁਮਾਰ ਨੇ ਗੋਦਾਮ ਖੋਲ੍ਹਿਆ ਤਾਂ ਉਥੇ ਪਿਛਲੀ ਕੰਧ ਅਤੇ ਚਾਰਦੀਵਾਰੀ ਵਾਲੀ ਕੰਧ ’ਚ ਪਾੜ ਪਏ ਹੋਏ ਸਨ ਅਤੇ ਚਾਰਦੀਵਾਰੀ ਅੰਦਰ ਝਾੜੀਆਂ ਵਿਚ 3 ਸਿਲੰਡਰ ਪਏ ਸਨ, ਜਿਸ ਸਬੰਧੀ ਮੈਨੂੰ ਜਾਣਕਾਰੀ ਦਿੱਤੀ ਗਈ ਤਾਂ ਮੈਂ ਮੌਕੇ ’ਤੇ ਪਹੁੰਚ ਕੇ ਦੇਖਿਆ ਤਾਂ ਦੋ ਜਗ?ਹਾ ਪਾੜ ਪਿਆ ਹੋਇਆ ਸੀ ਅਤੇ ਜਦੋਂ ਗੋਦਾਮ ਦੇ ਬਾਕੀ ਸਟਾਫ ਨਾਲ ਬਾਹਰ ਚੁਫੇਰੇ ਜਾ ਕੇ ਦੇਖਿਆ ਤਾਂ ਝਾੜੀਆਂ ਵਿਚ 5 ਸਿਲੰਡਰ ਲੁਕਾ ਛੁਪਾ ਕੇ ਰੱਖੇ ਹੋਏ ਸਨ। ਰਾਜ ਕੁਮਾਰ ਸੋਢੀ ਨੇ ਪੁਲਸ ਨੂੰ ਆਪਣੇ ਬਿਆਨ ਵਿਚ ਅੱਗੇ ਲਿਖਵਾਇਆ ਕਿ ਜਦੋਂ ਉਸ ਨੇ ਆਪਣੇ ਗੋਦਾਮ ਵਿਚ ਭਰੇ ਅਤੇ ਖਾਲੀ ਸਿਲੰਡਰਾਂ ਦੀ ਗਿਣਤੀ ਕੀਤੀ ਤਾਂ 19 ਕਿਲੋ ਵਾਲੇ 20 ਸਿਲੰਡਰ ਭਰੇ ਹੋਏ ਅਤੇ 14 ਕਿਲੋ ਵਾਲੇ ਭਰੇ ਹੋਏ 85 ਸਿਲੰਡਰ ਕੁਲ 105 ਸਿਲੰਡਰ ਚੋਰੀ ਹੋਣੇ ਪਾਏ ਗਏ ਹਨ। ਉਕਤ ਤਫਤੀਸ਼ੀ ਅਫਸਰ ਨੇ ਅੱਗੇ ਦੱਸਿਆ ਕਿ ਉਕਤ ਮਾਮਲੇ ਸਬੰਧੀ ਕਾਰਵਾਈ ਕਰਦਿਆਂ ਥਾਣਾ ਸਦਰ ਵਿਚ ਅਣਪਛਾਤੇ ਵਿਅਕਤੀਆਂ ਖਿਲਾਫ ਕੇਸ ਦਰਜ ਕਰ ਦਿੱਤਾ ਗਿਆ ਹੈ।

# ਪੰਜਾਬ ਦੇ ਹਜ਼ਾਰਾਂ ਪਰਿਵਾਰਾਂ ਨੂੰ ਮਿਲਣਗੇ 10-10 ਹਜ਼ਾਰ ਰੁਪਏ

**ਕੌਮੀ ਪਤ੍ਰਿਕਾ**

ਬਠਿੰਡਾ/ਚੰਡੀਗੜ੍ਹ 1 ਅਕਤੂਬਰ। ਪੁਨਰ ਸੁਰਜੀਤ ਸ਼?ਰੋਮਣੀ ਅਕਾਲੀ ਦਲ ਵੱਲੋਂ ਪੰਜਾਬ ਦੇ ਹੜ੍ਹ ਪੀੜਤਾਂ ਦੀ ਮਦਦ ਲਈ ਵੱਡੇ ਐਲਾਨ ਕੀਤੇ ਗਏ ਹਨ। ਇਸ ਸਬੰਧੀ ਪਾਰਟੀ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਐਲਾਨ ਕੀਤਾ ਕਿ ਸਾਢੇ 4 ਹਜ਼ਾਰ ਪਰਿਵਾਰਾਂ ਨੂੰ 10,000 ਰੁਪਏ ਪ੍ਰਤੀ ਪਰਿਵਾਰ ਗੁਜ਼ਾਰਾ ਭੱਤਾ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਗੁਰੂ ਘਰ ਦੇ ਗ੍ਰੰਥੀ ਸਿੰਘਾਂ ਅਤੇ ਮੰਦਰਾਂ ਦੇ ਪੰਡਤਾਂ ਦੀ ਵੀ ਸੇਵਾ ਕਰਨ ਦਾ ਐਲਾਨ ਕੀਤਾ ਗਿਆ ਹੈ। ਨਾਲ ਹੀ ਸਕੂਲੀ ਬੱਚਿਆਂ ਦੀ ਮਦਦ ਲਈ ਵੀ ਐਲਾਨ ਕੀਤੇ ਗਏ। ਇੱਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਦਰਸ਼ਨ ਸਿੰਘ ਧਾਲੀਵਾਲ ਤੇ ਸੁਰਜੀਤ ਸਿੰਘ ਰੱਖੜਾ ਵੱਲੋਂ 10 ਕਰੋੜ ਰੁਪਏ ਅਤੇ ਰਵੀ ਇੰਦਰ ਸਿੰਘ ਵੱਲੋਂ 1.11 ਕਰੋੜ ਰੁਪਏ ਦੀ ਸੇਵਾ ਕੀਤੀ ਗਈ ਹੈ ਤੇ ਆਉਣ ਵਾਲੇ ਦਿਨਾਂ ਵਿਚ ਹੋਰ ਵੀ ਸੇਵਾ ਕੀਤੀ ਜਾਵੇਗੀ। ਇਸ ਸਹਿਯੋਗ ’ਤੇ ਪਾਰਟੀ ਨੇ ਫ਼ੈਸਲਾ ਕੀਤਾ ਹੈ ਕਿ 4500 ਲੋੜਵੰਦ ਪਰਿਵਾਰਾਂ ਨੂੰ 10,000 ਰੁਪਏ ਪ੍ਰਤੀ ਪਰਿਵਾਰ ਗੁਜ਼ਾਰਾ ਭੱਤਾ ਦਿੱਤਾ ਜਾਵੇਗਾ। ਇਸ ਤਹਿਤ ਲਗਭਗ 4.50 ਕਰੋੜ ਰੁਪਏ ਦੀ ਮੱਦਦ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਹ ਸਹਾਇਤਾ ਉਨ੍ਹਾਂ ਪਰਿਵਾਰਾਂ ਨੂੰ ਮਿਲੇਗੀ ਜਿਨ੍ਹਾਂ ਕੋਲ ਜ਼ਮੀਨ ਜਾਂ ਨੌਕਰੀਆਂ ਨਹੀਂ ਹਨ ਤੇ ਦਿਹਾੜੀ ਕਰ ਕੇ ਪਰਿਵਾਰ ਦਾ ਗੁਜ਼ਾਰਾ ਚਲਾਉਂਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਹੜ੍ਹ ਪ੍ਰਭਾਵਿਤ ਕਿਸਾਨਾਂ ਲਈ ਇਕ ਲੱਖ ਲੀਟਰ ਡੀਜ਼ਲ,20,000 ਕੁਇੰਟਲ ਚਾਰਾ/ ਅਚਾਰ (200 ਟਰੱਕ) ਲਗਭਗ 1.20 ਕਰੋੜ ਰੁਪਏ ਦੇ ਖਰਚ ਨਾਲ ਅਤੇ 25000 ਕੁਇੰਟਲ ਤੂੜੀ ਪਾਰਟੀ ਵੱਲੋਂ



ਇਲਾਕਿਆਂ ਵਿਚ 1000 ਗੁਰੂ ਘਰਾਂ ਦੇ ਵਜ਼ੀਰਾਂ (ਗ੍ਰੰਥੀ ਸਿੰਘਾਂ) ਨੂੰ ਅਗਲੇ ਛੇ ਮਹੀਨਿਆਂ ਤੱਕ 5000 ਪ੍ਰਤੀ ਮਹੀਨਾ ਗੁਜ਼ਾਰਾ ਭੱਤਾ ਦਿੱਤਾ ਜਾਵੇਗਾ। ਨਾਲ ਹੀ ਮੰਦਰਾਂ ਦੇ ਪੰਡਤਾਂ ਦੀ ਵੀ ਬਿਨਾ ਭੇਦਭਾਵ ਦੇ ਸੇਵਾ ਕੀਤੀ ਜਾਵੇਗੀ। ਇਸੇ ਤਰ੍ਹਾਂ ਇਕੱਠਾ ਕਰਕੇ ਭੇਜੀ ਜਾਵੇਗੀ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ 10 ਹਜ਼ਾਰ ਸਕੂਲੀ ਬੱਚਿਆਂ ਨੂੰ ਲੋੜ ਅਨੁਸਾਰ ਕਾਪੀਆਂ, ਕਿਤਾਬਾਂ ਜਾਂ ਫੀਸ ਦੇ ਰੂਪ ਵਿਚ ਮਦਦ (ਲਗਭਗ 1.03 ਕਰੋੜ ਰੁਪਏ ਦਾ ਖਰਚ ) ਕੀਤੀ ਜਾਵੇਗੀ।